# ਚਿਰਾਗ

ਅਕਤੂਬਰ-ਦਸੰਬਰ 2012

**October -December 2012**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



## ਕਾ. ਸੁਰਜੀਤ ਗਿੱਲ

(ਵਿਸ਼ੇਸ਼ ਅੰਕ)

20/- 82 ਅਕਤੂਬਰ-ਦਸੰਬਰ 2012

ਚਿਰਾਗ਼ ਤਿਮਾਹੀ

## ਸੰਪਾਦਕ ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)

## ਤਤਕਰਾ


| | |
|---|---|
| ❖ ਸੰਪਾਦਕੀ | ਸੁਰਜੀਤ ਗਿੱਲ ਦਾ ਮਾਰਕਸਵਾਦੀ ਸੁਹਜ-ਸ਼ਾਸਤਰ -ਡਾ. ਕਰਮਜੀਤ ਸਿੰਘ |
| ❖ ਕਾਵਿ-ਸ਼ਰਧਾਂਜਲੀ | ਅਮਨਦੀਪ ਸਿੰਘ ਗਿੱਲ, ਅਨੰਤ ਕੌਰ ਗਿੱਲ |
| ❖ ਸਮਕਾਲੀ ਲੇਖਕਾਂ ਦੀ ਨਜ਼ਰ ਵਿਚ | ਲਾਲ ਸਿੰਘ, ਡਾ. ਸੁਰਜੀਤ ਬਰਾੜ, ਇੰਦਰ ਸਿੰਘ ਖਾਮੋਸ਼, ਹਰਭਜਨ ਸਿੰਘ ਹੁੰਦਲ, ਪ੍ਰੋ. ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਬਲਦੇਵ ਸਿੰਘ, ਡਾ. ਬਲਜੀਤ ਕੌਰ ਬੱਲੀ, ਜਗਦੇਵ ਸਿੰਘ ਧਾਲੀਵਾਲ |
| ❖ ਸ਼ਬਦ ਚਿੱਤਰ | ਮੇਰਾ ਸਿਆਸੀ ਤੇ ਅਦਬੀ ਗੁਰੂ-ਕਾ. ਸੁਰਜੀਤ ਗਿੱਲ ਡਾ. ਐਸ. ਤਰਸੇਮ |
| ❖ ਰਾਜਨੀਤਿਕ ਪ੍ਰਸੰਗ | ਕਾ. ਹਰਕੰਵਲ ਸਿੰਘ, ਕਾ. ਮੰਗਤ ਰਾਮ ਪਾਸਲਾ |
| ❖ ਨਵੇਂ ਲੇਖਕਾਂ ਦੇ ਨਜ਼ਰ ਵਿਚ | ਅਨੰਤ ਕੌਰ ਗਿੱਲ, ਹਰਿੰਦਰ ਬਰਾੜ |
| ❖ ਮੁਲਾਂਕਣ | ਸੁਰਜੀਤ ਗਿੱਲ ਦਾ ਨਾਵਲੀ ਚਿੰਤਨ - ਡਾ. ਟੀ. ਆਰ. ਵਿਨੋਦ |
| ❖ ਪੁਸਤਕ ਪ੍ਰਾਪਤੀ | ••• |


Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242, 94636-84511**
**Website : www.punjabilokyan.com** **e-mail : chhabraprinter@rediffmail.com**

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।
ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 31 ਅਕਤੂਬਰ 2012

ਸੰਪਾਦਕੀ

# ਸੁਰਜੀਤ ਗਿੱਲ ਦਾ ਮਾਰਕਸਵਾਦੀ ਸੁਹਜ ਸ਼ਾਸਤਰ

**- ਡਾ. ਕਰਮਜੀਤ ਸਿੰਘ**

ਸੁਰਜੀਤ ਗਿੱਲ ਪ੍ਰਤੀਬੱਧ ਰਾਜਨੀਤਿਕ ਕਾਰਜਕਰਤਾ ਸੀ ਜੋ ਲੋਕਾਂ ਦੀ ਅਗਵਾਈ ਧੜੱਲੇ ਨਾਲ ਨਿਡਰ ਹੋ ਕੇ ਕਰਦਾ ਰਿਹਾ ਪ੍ਰੰਤੂ ਅਦਾਰਾ 'ਚਿਰਾਗ਼' ਲਈ ਉਹ ਇਕ ਪ੍ਰਤੀਬੱਧ ਆਲੋਚਕ ਸੀ। ਇਸੇ ਲਈ ਉਹ ਚਿਰਾਗ਼ ਦੇ ਸੰਪਾਦਕੀ ਬੋਰਡ ਦਾ ਲਗਾਤਾਰ ਮੈਂਬਰ ਵੀ ਰਿਹਾ। ਇਹੀ ਕਾਰਨ ਹੈ ਕਿ ਚਿਰਾਗ਼ ਉਸਦੀਆਂ ਇਕ ਆਲੋਚਕ ਦੇ ਤੌਰ ਤੇ ਸਰਗਰਮੀਆਂ ਨੂੰ ਯਾਦ ਕਰ ਰਿਹਾ ਹੈ। ਆਲੋਚਕ ਹੋਣ ਦਾ ਅਰਥ ਹੈ ਪਹਿਲਾਂ ਨਿੱਠ ਕੇ ਪੜ੍ਹਨਾ ਅਤੇ ਬਾਅਦ ਵਿਚ ਇਕ ਦ੍ਰਿਸ਼ਟੀਕੋਣ ਤੋਂ ਕਿਸੇ ਰਚਨਾ ਦਾ ਮੁਲਾਂਕਣ ਕਰਨਾ। ਸੁਰਜੀਤ ਗਿੱਲ ਨੇ ਇਹ ਸਭ ਕੁਝ ਬੜੀ ਸਪੱਸ਼ਟਤਾ ਨਾਲ ਕੀਤਾ। ਉਹ ਸਿਧਾਂਤਕ ਪੱਧਰ ਤੇ ਸਪੱਸ਼ਟ ਸੀ ਅਤੇ ਵਿਹਾਰਕ ਪੱਧਰ ਤੇ ਵੀ ਉਸਨੇ ਸ਼ਿਧਾਂਤ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕੀਤਾ।

"ਮਾਰਕਸਵਾਦ ਤੇ ਸਾਹਿਤ" ਪੁਸਤਕ ਦੇ ਆਰੰਭ ਵਿਚ ਹੀ ਸੁਰਜੀਤ ਗਿੱਲ ਆਪਣੇ ਲਿਖੇ ਬਾਰੇ ਸਪੱਸ਼ਟ ਹੈ ਜਦੋਂ ਉਹ ਲਿਖਦਾ ਹੈ, "ਸਾਰੇ ਲੇਖ ਵਿਚਾਰਧਾਰਕ ਤੇ ਜਮਾਤੀ ਪੱਖ ਤੋਂ ਲਿਖੇ ਗਏ ਹਨ। ਇਨ੍ਹਾਂ ਵਿਚੋਂ ਕੁਝ ਸਿਧਾਂਤਕ ਹਨ ਅਤੇ ਕੁਝ ਵਾਦ-ਵਿਵਾਦੀ।" (ਰਵੀ ਸਾਹਿਤ ਪ੍ਰਕਾਸ਼ਨ, 1988, ਪੰਨਾ-7) ਸੁਰਜੀਤ ਗਿੱਲ ਸਾਹਿਤ ਤੇ ਰਾਜਨੀਤੀ ਦੇ ਦਵੰਦਵਾਦੀ ਰਿਸ਼ਤੇ ਨੂੰ ਹਮੇਸ਼ਾ ਧਿਆਨ ਵਿਚ ਰੱਖਦਾ ਹੈ। ਉਸ ਅਨੁਸਾਰ ਦੋਨੋਂ ਸਮਾਜ ਨੂੰ ਮਾਨਸਿਕ ਅਤੇ ਬੌਧਿਕ ਤੌਰ ਤੇ ਵਿਕਸਿਤ ਕਰਕੇ ਗੁਣਾਤਮਕ ਪਰਿਵਰਤਨ ਲਈ ਤਿਆਰ ਕਰਦੀਆਂ ਹਨ। "ਇਸ ਤਬਦੀਲੀ ਤੋਂ ਫਿਰ ਇਹ ਆਪ ਪ੍ਰਭਾਵਿਤ ਹੁੰਦੀਆਂ ਹਨ ਅਤੇ ਆਪ ਵੀ ਤਬਦੀਲ ਹੁੰਦੀਆਂ ਰਹਿੰਦੀਆਂ ਹਨ।" ਇਉਂ ਦਵੰਦਵਾਦੀ ਵਿਕਾਸ ਨਿਰੰਤਰ ਜਾਰੀ ਰਹਿੰਦਾ ਹੈ। ਰਾਜਨੀਤੀ ਤੋਂ ਸੁਰਜੀਤ ਗਿੱਲ ਦਾ ਭਾਵ ਮਜ਼ਦੂਰ ਜਮਾਤ ਦੀ ਰਾਜਨੀਤੀ ਤੋਂ ਹੈ, ਜੋ "ਪਹਿਲੀਆਂ ਰਾਜਨੀਤੀਆਂ ਨਾਲੋਂ ਵੱਧ ਸ਼ੁੱਧ, ਈਮਾਨਦਾਰ, ਅੱਗੇ ਵਧੂ ਤੇ ਮਾਨਵਵਾਦੀ ਹੈ। ਜਿਹੜੀ ਜਮਾਤੀ ਵਿਰੋਧਾਂ ਨੂੰ ਸਵੀਕਾਰ ਕਰਦੀ ਹੋਈ, ਇਨ੍ਹਾਂ ਨੂੰ ਇਨਕਲਾਬੀ ਢੰਗ ਨਾਲ ਹੱਲ ਕਰਕੇ ਹਕੀਕੀ ਸਾਂਝੀਵਾਲਤਾ ਤੇ ਸੁਤੰਤਰਤਾ ਪ੍ਰਦਾਨ ਕਰਦੀ ਹੈ ਅਤੇ ਬੰਦੇ ਹੱਥੋਂ ਬੰਦੇ ਦੀ ਲੁੱਟ ਦਾ ਸਦਾ ਲਈ ਖ਼ਾਤਮਾ ਕਰਦੀ ਹੈ।" (ਪੰਨਾ 10)

ਸੁਰਜੀਤ ਗਿੱਲ ਮੰਨਦਾ ਹੈ ਕਿ ਸਾਹਿਤਕਾਰ ਦੀ ਜ਼ਿੰਮੇਵਾਰੀ ਰਾਜਨੀਤਿਕ ਨੇਤਾ / ਕਾਰਜਕਰਤਾ ਤੋਂ ਵਧੇਰੇ 'ਸੂਖ਼ਮ ਅਤੇ ਗੁੰਝਲਦਾਰ' ਹੈ। ਰਾਜਨੀਤਿਕ ਵਿਅਕਤੀ ਦਾ ਵਿਸ਼ਲੇਸ਼ਣ ਅੰਕੜਿਆਂ ਉਪਰ ਆਧਾਰਿਤ ਹੈ। ਪ੍ਰੰਤੂ, "ਸਾਹਿਤਕਾਰ ਉਹੋ ਵਿਸ਼ਲੇਸ਼ਣ ਮਨੋਵਿਗਿਆਨਕ ਕਲਾਮਈ ਢੰਗ ਨਾਲ ਕਰਦਾ ਹੈ। ਸਾਹਿਤਕਾਰ ਵਿਸ਼ਲੇਸ਼ਣ ਤੇ ਵਿਸ਼ੇ ਦੀ ਪੇਸ਼ਕਾਰੀ ਅਜਿਹੇ ਢੰਗ ਨਾਲ ਕਰਦਾ ਹੈ ਕਿ ਪਾਠਕ ਸੁਤੇ ਸਿਧ ਹੀ ਉਸ ਸਿੱਟੇ ਤੇ ਪੁੱਜ

ਜਾਵੇ, ਜਿੱਥੇ ਸਾਹਿਤਕਾਰ ਉਸਨੂੰ ਲੈ ਜਾਣਾ ਚਾਹੁੰਦਾ ਹੈ। ਸਾਹਿਤਕਾਰ ਆਪਣੀ ਵਿਅਕਤੀਗਤ ਸ਼ੈਲੀ ਤੇ ਵਿਅਕਤੀਗਤ ਮਾਧਿਅਮ ਕਾਇਮ ਰੱਖਦਾ ਹੈ। ਇਹੋ ਵਿਅਕਤੀਗਤ ਸ਼ੈਲੀ ਸਾਹਿਤਕਾਰ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਹੈ।" (ਪੰਨਾ 13) ਇਨ੍ਹਾਂ ਵਿਚਾਰਾਂ ਦੇ ਆਧਾਰ ਤੇ ਸੁਰਜੀਤ ਗਿੱਲ ਨੇ ਕਿਤੇ ਵੀ ਨਾਵਲਕਾਰ ਦੀ ਕਲਾਤਮਕਤਾ ਦੇ ਪੇਸ਼ਕਾਰੀ ਵਿਚ ਦਖਲ ਨਹੀਂ ਦਿੱਤਾ। ਪਰੰਤੂ ਜਿੱਥੇ ਵੀ ਸਾਹਿਤਕਾਰ ਨੇ ਯਥਾਰਥ ਦਾ ਗਲਤ ਵਿਸ਼ਲੇਸ਼ਣ ਕੀਤਾ ਹੈ, ਉਥੇ ਉਸਨੂੰ ਹਮੇਸ਼ਾ ਟੋਕਿਆ ਹੈ। ਸੁਰਜੀਤ ਗਿੱਲ ਮੰਨਦਾ ਹੈ ਕਿ ਸਾਹਿਤਕਾਰ ਕੇਵਲ ਵਿਸ਼ਲੇਸ਼ਣ ਹੀ ਕਰ ਸਕਦਾ ਹੈ ਪਰ ਇਹ ਵਿਸ਼ਲੇਸ਼ਣ 'ਸੋਚਣ ਲਈ ਪ੍ਰੇਰਨ ਤੇ ਸਿੱਟੇ ਤੱਕ ਪੁੱਜਣ ਵਾਲਾ ਜ਼ਰੂਰ ਹੋਣਾ ਚਾਹੀਦਾ ਹੈ।' ਆਰਥਿਕ ਲੁੱਟ ਦੇ ਹੁੰਦਿਆਂ ਉਸ ਅਨੁਸਾਰ ਹੋਰ ਕਿਸ ਤਰ੍ਹਾਂ ਦੀ ਸੁਤੰਤਰਤਾ ਨੂੰ ਚਿਤਵਨਾ ਮੂਰਖਤਾ ਤੋਂ ਵੱਧ ਕੁਝ ਨਹੀਂ।

ਕਿਸੇ ਪਾਰਟੀ ਵਿਚ ਕੰਮ ਕਰਨ ਵਾਲੇ ਲੇਖਕ ਤੇ ਪਾਰਟੀ ਦੇ ਸੰਬੰਧਾਂ ਬਾਰੇ ਵੀ ਸੁਰਜੀਤ ਗਿੱਲ ਆਪਣੇ ਵਿਚਾਰ ਦਿੰਦਾ ਹੈ। ਉਸ ਅਨੁਸਾਰ ਬਤੌਰ ਪਾਰਟੀ ਦੇ ਮੈਂਬਰ ਹੋਣ ਨਾਤੇ 'ਸਾਹਿਤਕਾਰ ਇਸ ਹੱਦ ਤੱਕ ਸੁਤੰਤਰ ਹੈ ਕਿ ਉਹ ਪਾਰਟੀ ਨੀਤੀ ਦੀ ਮੋਟੇ ਤੌਰ ਤੇ ਪਾਲਣਾ ਕਰੇ। ਪਰ ਆਪਣੀ ਲਿਖਤ ਨੂੰ ਪਾਰਟੀ ਦਾ ਰਾਜਸੀ ਮਤਾ ਬਣਨ ਤੋਂ ਬਚਾਵੇ। ਪਾਰਟੀ ਵੀ ਉਹਦੀ ਹਰ ਇਕ ਸਾਹਿਤਕ ਸਰਗਰਮੀ ਵਿਚ ਦਖਲ ਨਾ ਦੇਵੇ। ਮੋਟੇ ਤੌਰ ਤੇ ਉਹਦੀਆਂ ਲਿਖਤਾਂ ਦਾ ਮੁਲਾਂਕਣ ਕਰੇ ਅਤੇ ਉਹਦੀ ਸਾਹਿਤਕ ਸਰਗਰਮੀ ਨੂੰ ਉਹਦੇ ਕੰਮ ਦਾ ਹਿੱਸਾ ਸਮਝੇ। ਸਾਹਿਤਕਾਰ ਵੀ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲਵੇ।" (ਪੰਨਾ 15)

ਸੁਰਜੀਤ ਗਿੱਲ ਇਹ ਸਵੀਕਾਰਦਾ ਹੈ ਕਿ ਸਾਮਰਾਜ ਵਿਰੋਧੀ ਸੰਘਰਸ਼ ਵਿਚ ਸਾਹਿਤ ਨੇ ਲੋਕਾਂ ਨੂੰ ਭਾਵੁਕ ਪੱਧਰ ਤੇ ਦੇਸ਼ ਭਗਤੀ ਤੇ ਪਿਆਰ ਦੀਆਂ ਭਾਵਨਾਵਾਂ ਨੂੰ ਉਭਾਰਿਆ। ਪਰੰਤੂ ਇਹ 'ਚੇਤੰਨ ਤੌਰ ਤੇ ਸਾਮਰਾਜ ਵਿਰੋਧੀ ਸ਼ਕਤੀਆਂ ਨੂੰ ਲਾਮਬੰਦ ਕਰਕੇ ਸੰਘਰਸ਼ ਦੀ ਕਤਾਰਬੰਦੀ ਨਹੀਂ ਕਰ ਸਕਿਆ। ਪਰੰਤੂ ਇਹ ਕੰਮ ਸਾਹਿਤ ਦਾ ਨਹੀਂ, ਰਾਜਨੀਤਿਕ ਪਾਰਟੀਆਂ ਦਾ ਸੀ, ਜਿਸਦੇ ਸਫ਼ਲ ਨਾ ਹੋ ਸਕਣ ਦੇ ਕਾਰਣਾਂ ਦੀ ਵੱਖਰੀ ਚਰਚਾ ਹੋ ਸਕਦੀ ਹੈ। ਇਸੇ ਤਰ੍ਹਾਂ ਸਮਾਜਵਾਦ ਪ੍ਰਾਪਤੀ ਦੀ ਤਾਂਘ ਹੈ, ਪਰ ਸੰਘਰਸ਼ ਲਈ ਚਿੱਤਰਣ ਓਪਰਾ ਹੈ। ਇਹ ਰਚਨਾਵਾਂ ' ਜਮਾਤੀ ਹਥਿਆਰ ਬਣਨੋਂ ਉੱਕਾ ਹੀ ਅਸਮਰੱਥ ਰਹੀਆਂ ਹਨ। ਪਰੰਤੂ ਅਸਲ ਸੰਘਰਸ਼ ਦੀ ਅਣਹੋਂਦ ਵਿਚ ਸਾਹਿਤ ਜਮਾਤੀ ਹਥਿਆਰ ਕਿਵੇਂ ਬਣ ਸਕਦਾ ਹੈ? ਇਹ ਵੀ ਮੁੱਦਾ ਵਿਚਾਰਨ ਦਾ ਹੈ। ਨਕਸਲਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਰਚੀਆਂ ਰਚਨਾਵਾਂ ਨੂੰ ਵੀ ਸੁਰਜੀਤ ਗਿੱਲ ਉਪਭਾਵੁਕ ਤੌਰ ਸੋਚ ਅਧੀਨ ਰਚੀਆਂ ਰਚਨਾਵਾਂ ਮੰਨਦਾ ਹੈ। ਜੋ ਅਸਲੀ ਸੰਘਰਸ਼ਾਂ ਦਾ ਚਿਤਰਣ ਨਾ ਹੋ ਕੇ 'ਨਕਸਲੀ ਸਿਧਾਂਤਕਾਰਾਂ ਤੇ ਸਾਹਿਤਕਾਰਾਂ ਦੀ ਅੰਤਰਮੁਖੀ ਸੋਚ ਦਾ ਪ੍ਰਗਟਾਵਾ ਮੰਨਦਾ



ਹੈ। ਨਕਸਲੀ ਲਿਖਤਾਂ ਕੇਵਲ ਪੜ੍ਹੇ ਲਿਖੇ ਨੌਜਵਾਨਾਂ ਤੱਕ ਹੀ ਸੀਮਤ ਰਹੀਆਂ। ਸੁਰਜੀਤ ਗਿੱਲ 'ਜਮਹੂਰੀ ਖਾਸੇ ਵਾਲੇ ਸਾਹਿਤ' ਦੀ ਪੈਰਵੀ ਕਰਦਾ ਹੈ, ਜਿਸ ਵਿਚ ਮੁੱਖ ਟੱਕਰ 'ਸਾਮਰਾਜ, ਵੱਡੀ ਸਰਮਾਏਦਾਰੀ ਤੇ ਜਾਗੀਦਾਰੀ ਇਕ ਪਾਸੇ ਬੇਜ਼ਮੀਨੇ ਗਰੀਬ ਕਿਸਾਨ, ਦਰਮਿਆਨ ਤੇ ਧਨੀ ਕਿਸਾਨ, ਮਜ਼ਦੂਰ ਜਮਾਤ, ਮੱਧ-ਸ਼੍ਰੇਣੀ, ਪੈਟੀ ਬੁਰਜੂਵਾ ਜਮਾਤਾਂ ਦੂਜੇ ਪਾਸੇ ਵਿਚਕਾਰ ਹੈ। ਇਸ ਇਨਕਲਾਬ ਦਾ ਮੁੱਖ ਖਾਸਾ ਸਾਮਰਾਜ ਤੇ ਜਾਗੀਰਦਾਰੀ ਵਿਰੋਧ ਹੈ। ਸੁਰਜੀਤ ਗਿੱਲ ਪੰਜਾਬੀ ਸਾਹਿਤਕਾਰ ਤੋਂ ਇਹ ਮੰਗ ਕਰਦਾ ਹੈ ਕਿ ਉਹ ਮੁੱਖ ਤੌਰ ਤੇ ਕਿਰਸਾਨੀ ਦੀਆਂ ਸਾਰੀਆਂ ਤਹਿਆਂ, ਪੇਂਡੂ ਗਰੀਬ, ਦਲਿਤਾਂ ਤੇ ਇਸਤਰੀਆਂ ਦੇ ਪਛੜੇਂਵੇ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਵੇ। ਪਛੜੇਂਵੇ ਨੂੰ ਕੋਸਣਾ ਹੀ ਕਾਫ਼ੀ ਨਹੀਂ, ਇਸਦੇ ਵਿਸ਼ਲੇਸ਼ਣ ਉਪਰ ਵੀ ਧਿਆਨ ਦੇਣ ਦੀ ਲੋੜ ਹੈ।

ਲੋਕ ਜਮਹੂਰੀ ਖਾਸੇ ਨੂੰ ਸਮਝਣ ਬਗੈਰ ਤੇ ਲੋਕ-ਪੱਖੀ ਕਲਾਤਮਕਤਾ ਅਪਣਾਉਣ ਬਗੈਰ ਸਾਹਿਤ ਜਮਾਤੀ ਘੋਲ ਦਾ ਅੰਗ ਨਹੀਂ ਬਣਦਾ। ਸੁਰਜੀਤ ਗਿੱਲ ਸਾਹਿਤਕਾਰ ਤੋਂ ਇਹ ਮੰਗ ਕਰਦਾ ਹੈ ਕਿ ਬੋਲੀ ਪੱਖੋਂ ਉਹ ਆਮ ਲੋਕਾਂ ਦੀ ਪੱਧਰ ਦਾ ਧਿਆਨ ਰੱਖੇ ਅਤੇ ਉਸ ਪੱਧਰ ਨੂੰ ਉੱਚਾ ਵੀ ਚੁੱਕੇ। 'ਬੋਲੀ ਸਰਲ-ਸਿੱਧੀ ਤੇ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ। ਮੁਹਾਵਰੇ ਤੇ ਅਖੌਤਾ ਢੁਕਵੀਆਂ ਤੇ ਪ੍ਰਚਲਿਤ ਵਰਤਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਨੂੰ ਮਾਂਜ ਸੰਵਾਰ ਕੇ ਨਵਾਂ ਰੂਪ ਦੇਣਾ ਚਾਹੀਦਾ ਹੈ। ਜਦੋਂ ਸੁਰਜੀਤ ਗਿੱਲ ਨਾਵਲਾਂ ਦਾ ਵਿਸ਼ਲੇਸ਼ਣ ਕਰਦਾ ਹੈ ਤਾਂ ਇਸ ਪੱਖ ਨੂੰ ਹਮੇਸ਼ਾ ਧਿਆਨ ਵਿਚ ਰੱਖ ਕੇ ਕਿਸੇ ਵੀ ਨਾਵਲ ਦੀ ਵਿਸ਼ੇਸ਼ਤਾ ਨਿਰਧਾਰਤ ਕਰਦਾ ਹੈ।

ਦਾਰਸ਼ਨਿਕ ਪੱਧਰ ਤੇ ਸੁਰਜੀਤ ਗਿੱਲ ਦਵੰਦਵਾਦੀ ਪਦਾਰਥਵਾਦੀ ਹੈ। ਉਹ ਭਾਰਤੀ ਅਤੇ ਸਿੱਖ ਦਰਸ਼ਨ ਨੂੰ ਇਸੇ ਹੀ ਦ੍ਰਿਸ਼ਟੀ ਤੋਂ ਵਿਚਾਰਦਾ ਹੈ। ਉਸ ਲਈ ਸਿੱਖੀ ਉਪਨਿਸ਼ਦਿਕ ਦਰਸ਼ਨ ਤੇ ਉਸਰਿਆ ਫਿਰਕਾ ਜਾਂ ਸੰਪਰਦਾਇ ਹੈ ਭਾਵੇਂ ਇਸਨੂੰ ਦੂਸਰੇ ਹਿੰਦੂ ਫਿਰਕਿਆਂ ਤੋਂ ਵੱਖ ਕਰਨ ਦੇ ਯਤਨ ਵੀ ਕੀਤੇ ਜਾਂਦੇ ਹਨ। ਪਰੰਤੂ ਹਿੰਦੂ ਫਿਰਕਿਆਂ ਅਤੇ ਸਿੱਖ ਫਿਰਕੇ ਵਿਚ ਇਕ ਸਾਂਝ ਹੈ ਕਿ ਦੋਨੋਂ ਤਰਕ ਦੇ ਵਿਰੋਧੀ ਹਨ ਅਤੇ ਅੰਤਿਮ ਸੱਚ ਉੱਪਰ ਜ਼ੋਰ ਦਿੰਦੇ ਹਨ, ਜਿਸਨੂੰ ਪਾਉਣਾ ਅਸੰਭਵ ਹੈ। ਸਿੱਖ ਵਿਚਾਰਵਾਦ ਵੀ ਮੰਤਕ () ਦਾ ਓਨਾ ਹੀ ਵਿਰੋਧੀ ਹੈ, ਜਿੰਨੇ ਹੋਰ ਵਿਚਾਰਵਾਦੀ ਦਰਸ਼ਨ। ਸਿੱਖਮਤ ਦਾ 'ਦਾਰਸ਼ਨਿਕ ਅਧਾਰ ਵਿਚਾਰਵਾਦੀ ਹੈ।' ਦਾਰਸ਼ਨਿਕ ਬੁਨਿਆਦ ਤੋਂ ਬਿਨਾਂ ਵਿਵਿਹਾਰਕ ਪੱਖ ਵੀ ਇਕ ਸਮੇਂ ਪੱਛੜ ਜਾਂਦਾ ਹੈ ਅਤੇ ਵਿਗਿਆਨ ਦੇ ਰਾਹ ਵਿਚ ਰੂੜੀ ਬਣ ਕੇ ਜਮਾਤੀ ਸੰਘਰਸ਼ ਨੂੰ ਖੁੰਢਾ ਕਰਦਾ ਹੈ।

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਸੁਰਜੀਤ ਗਿੱਲ ਨੇ ਅਣਖੀ ਦੀ ਕਹਾਣੀ ਕਲਾ ਅਤੇ ਕਰਨੈਲ ਸਿੰਘ ਬਾਗੀ ਅਤੇ ਦਰਸ਼ਨ ਸਿੰਘ ਗਿੱਲ ਦੀ ਕਵਿਤਾ ਤੋਂ ਇਲਾਵਾ ਇੱਕੀ ਤੋਂ ਉਪਰ ਨਾਵਲਕਾਰਾਂ ਦੇ ਨਾਵਲਾਂ ਉੱਪਰ ਰੀਵਿਊ ਕੀਤੇ ਹਨ ਜਾਂ ਰੀਵਿਊ ਨਿਬੰਧ

ਇਸਤਰੀ ਦੇ ਰੂਪ ਵਿਚ ਵੇਖਦਾ ਹੈ। ਜਿਸ ਵਿਚ ਮਨੁੱਖ ਲਈ ਸਮਾਜਿਕ ਤੇ ਸਦਾਚਾਰਕ ਆਦਰਸ਼ ਨਹੀਂ। ਉਹ ਨਿਰੋਲ ਆਪਣੇ ਲਈ ਜਿਉਂਦੀ ਹੈ। ਇਸ ਪ੍ਰਥਾ ਅਨੁਸਾਰ ਨਿੱਜ ਦੀ ਕੁਰਬਾਨੀ ਦਾ ਕੋਈ ਮਤਲਬ ਨਹੀਂ। (ਪੰਨਾ 132) ਇਹ ਪੂੰਜੀਵਾਦੀ ਕਦਰਾਂ ਹਨ ਪਰੰਤੂ ਜਦੋਂ ਸੁਰਜੀਤ ਗਿੱਲ ਇਸ ਸਭ ਕੁਝ ਨੂੰ 'ਸ਼ੁਭ ਸ਼ਗਨ' ਮੰਨਦਾ ਹੈ ਤਦ ਉਸਦਾ ਅਣਖੀ ਪ੍ਰਤੀ ਉਲਾਰ ਰਵੱਈਆ ਸਾਹਮਣੇ ਆ ਜਾਂਦਾ ਹੈ। ਇਸੇ ਲਈ 'ਗੋਲੋ' ਵਿਚ ਅਣਖੀ ਨੂੰ ਮੁੜ ਅਤੀਤ ਵੱਲ ਮੁੜਦਿਆਂ ਵੇਖ ਕੇ ਉਸਦੀ ਆਲੋਚਨਾ ਕੀਤੀ ਗਈ ਹੈ।

ਜਸਵੰਤ ਸਿੰਘ ਕੰਵਲ ਪ੍ਰਤੀ ਸੁਰਜੀਤ ਗਿੱਲ ਵਧੇਰੇ ਆਲੋਚਨਾਮਈ ਸੁਰ ਅਪਣਾਉਂਦਾ ਹੈ। 'ਰਾਤ ਬਾਕੀ ਹੈ' ਨੂੰ ਜਿਥੇ ਆਲੋਚਕਾਂ ਨੇ ਸਰਾਹਿਆ ਹੈ ਉਥੇ ਸੁਰਜੀਤ ਗਿੱਲ ਮੰਨਦਾ ਹੈ ਕਿ ਇਸ ਵਿਚ ਕੰਵਲ ਦੀ 'ਸੋਚ ਯਥਾਰਥਵਾਦੀ ਘੱਟ ਭਾਵੁਕ ਤੇ ਰੁਮਾਂਸਵਾਦੀ ਵੱਧ' ਹੈ। ਉਸਦੇ ਮੁਕਾਬਲੇ 'ਭਵਾਨੀ' 'ਨਿੱਗਰ ਤੇ ਯਥਾਰਥ ਨੂੰ ਤਲਖ ਰੂਪ ਵਿਚ ਪੇਸ਼ ਕਰਦਾ ਹੈ।' ਸੁਰਜੀਤ ਗਿੱਲ ਕੰਵਲ ਵਲੋਂ ਸਿਰਜੇ ਇਨਕਲਾਬੀ ਪਾਤਰਾਂ ਨੂੰ ਅਣਯਥਾਰਥਕ ਮੰਨਦਾ ਹੈ। ਉਸ ਅਨੁਸਾਰ, 'ਇਸ ਵਿਚ ਸ਼ੱਕ ਨਹੀਂ ਕਿ ਲੋਕਾਂ ਲਈ ਮਰ ਮਿਟਣ ਵਾਲਾ ਵਿਅਕਤੀ ਜਜ਼ਬਾਤੀ ਤੇ ਭਾਵੁਕ ਨਹੀਂ ਹੋਣਾ ਚਾਹੀਦਾ। ਪਰੰਤੂ ਇਨਕਲਾਬੀ ਜਜ਼ਬੇ ਰਹਿਤ ਮਸ਼ੀਨਾਂ ਵੀ ਨਹੀਂ ਹੁੰਦੇ। ਕੰਵਲ ਇਨਕਲਾਬੀ ਪਾਤਰ ਚਿਤਰਨ ਵਿਚ ਸਦਾ ਹੀ ਉਲਾਰ ਰਹਿੰਦਾ ਹੈ। ਉਹਦੇ ਪਾਤਰ ਜਾਂ ਤਾਂ ਮੱਧ ਸ਼੍ਰੇਣਿਕ ਵਿਅਕਤੀ ਹੁੰਦੇ ਹਨ ਜਾਂ ਸੁਲੱਖਣ ਵਾਂਗ ਨਿਰੋਲ ਲੋਹੇ ਦੀ ਲੱਠ ਜਿਨ੍ਹਾਂ ਨੂੰ ਕੋਈ ਪ੍ਰਸਥਿਤੀਆਂ ਮਾਨਸਿਕ ਤੌਰ ਤੇ ਡੁਲਾ ਨਹੀਂ ਸਕਦੀਆਂ। (ਪੰਨਾ 31) 'ਮਨੁੱਖਤਾ' ਨਾਵਲ ਵਿਚ ਵੀ 'ਮੱਧ ਸ਼੍ਰੇਣਿਕ ਆਦਰਸ਼ਵਾਦ ਜਾਂ ਜਮਾਤਹੀਣ ਮਨੁੱਖਵਾਦ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਥੇ ਕਿਰਤੂ ਦੇ ਪਾਤਰ ਨੂੰ ਸਲਾਹਿਆ ਗਿਆ ਹੈ।

ਸੁਰਜੀਤ ਗਿੱਲ ਨੇ ਮਿੱਤਰ ਸੈਨ ਮੀਤ ਦੇ ਤਿੰਨ ਨਾਵਲਾਂ ਕਟਹਿਰਾ, ਕੌਰਵਸਭਾ ਅਤੇ ਸੁਧਾਰ ਘਰ ਦੇ ਆਧਾਰ ਤੇ ਉਸਦੇ ਨਾਵਲਾਂ ਨੂੰ ਮਹਾਨਕੋਸ਼ੀ (ਕਚਹਿਰੀ ਦੇ) ਕਿਰਦਾਰ ਦੇ ਧਾਰਣੀ ਰਿਹਾ ਹੈ। ਹਕੀਕਤ ਵਿਚ ਕਟਹਿਰਾ ਨੂੰ ਅਦਾਲਤੀ ਕਾਰੋਬਾਰ, ਕਿਰਤਾਰ ਦੇ ਸ਼ਬਦਾਵਲੀ ਪੱਖੋਂ ਕਚਹਿਰੀ ਦਾ ਮਹਾਨ ਕੋਸ਼ ਕਹਿਣਾ ਬਣਦਾ ਹੈ। ਕੌਰਵ ਸਭਾ ਵਿਚ ਬੁਰਜੂਆ ਸਟੇਟ ਦਾ ਕਿਰਦਾਰ ਨੰਗਾ ਕਰਨ ਕਰਕੇ ਲੇਖਕ ਨੇ ਆਪਣਾ ਅਹਿਮ ਜਮਾਤੀ ਫਰਜ਼ ਪੂਰਾ ਕੀਤਾ ਹੈ। ਇਸ ਨਾਵਲ ਵਿਚ ਮਹਾਂਭਾਰਤ ਦੇ ਅਨੇਕਾਂ ਪ੍ਰਸੰਗ ਨਵੇਂ ਸੰਦਰਭਾਂ ਵਿਚ ਖੁੱਲਦੇ ਹਨ। ਪਰੰਤੂ ਸੁਰਜੀਤ ਗਿੱਲ ਇਨ੍ਹਾਂ ਕਲਾ ਜੁਗਤਾਂ ਵਲ ਘੱਟ ਦੀ ਧਿਆਨ ਦਿੰਦਾ ਹੈ। ਪੰਜਾਬੀ ਆਲੋਚਕਾਂ ਨੇ ਮੀਤ ਦੇ ਸੁਧਾਰਘਰ ਨਾਵਲ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ। ਪ੍ਰੰਤੂ ਸੁਰਜੀਤ ਗਿੱਲ ਨੇ ਇਸਨੂੰ ਸਮਾਜਵਾਦੀ ਯਥਾਰਥ ਦਾ ਨਾਵਲ ਕਿਹਾ ਹੈ ਕਿਉਂਕਿ ਇਸ ਵਿਚ ਚੇਤੰਨ ਹੋ ਕੇ ਸੰਘਰਸ਼ ਕਰਨ ਦਾ ਸੁਨੇਹਾ ਹੈ। ਮਿੱਤਰ ਸੈਨ ਮੀਤ ਦੀ ਇਹੋ ਕਲਾ ਹੈ, ਇਹੋ ਵਿਲੱਖਣਤਾ ਹੈ, ਇਹੋ ਇਮਾਨਦਾਰੀ



ਹੈ ਕਿ ਉਹ ਸਮਾਜ ਦੀਆਂ ਗਲਤ ਕੀਮਤਾਂ ਨੂੰ ਦੇਖਦਾ ਹੀ ਨਹੀਂ, ਉਨ੍ਹਾਂ ਦੀ ਨਿਸ਼ਾਨਦੇਹੀ ਹੀ ਨਹੀਂ ਕਰਦਾ ਬਲਕਿ ਉਨ੍ਹਾਂ ਨੂੰ ਤੋੜ ਕੇ ਨਵੀਆਂ ਉਸਾਰਨ ਦੀ ਗੱਲ ਕਰਦਾ ਹੈ ਅਤੇ ਆਸ ਬੰਨ੍ਹਾਉਂਦਾ ਹੈ ਕਿ ਕੁਝ ਕੀਤਾ ਜਾ ਸਕਦਾ ਹੈ।" (ਪੰਨਾ 183)

ਮਿੱਤਰ ਸੈਨ ਮੀਤ ਵਾਂਗ ਸੁਰਜੀਤ ਗਿੱਲ ਬਲਦੇਵ ਸਿੰਘ ਸੜਕਨਾਮਾ ਪ੍ਰਤੀ ਵੀ ਵਧੇਰੇ ਸੁਹਿਰਦ ਹੈ। ਉਹ ਉਸਦੇ ਚਾਰ ਨਾਵਲਾਂ 'ਕੱਲਰੀ ਧਰਤੀ', 'ਅੰਨਦਾਤਾ', 'ਪੰਜਵਾਂ ਸਾਹਿਬਜ਼ਾਦਾ' ਅਤੇ 'ਸਤਲੁਜ ਵਹਿੰਦਾ ਰਿਹਾ' ਉਪਰ ਵਿਸਤਰਿਤ ਚਰਚਾ ਕਰਦਾ ਹੈ। ਉਸ ਅਨੁਸਾਰ 'ਕੱਲਰੀ ਧਰਤੀ' ਨਾਵਲ ਵਿਚ ਬਲਦੇਵ ਸਿੰਘ ਨੇ ਵਿਆਹ ਪ੍ਰਥਾ ਦੇ ਸੰਕਟ ਗ੍ਰਸਤ ਹੋਣ ਨੂੰ ਪੇਸ਼ ਕੀਤਾ ਹੈ। ਬਲਦੇਵ ਸਿੰਘ ਦੇ ਆਰੰਭਲੇ ਨਾਵਲਾਂ ਵਿਚੋਂ ਹੋਣ ਦੇ ਬਾਵਜੂਦ ਇਸਨੂੰ ਪੰਜਾਬੀ ਸਾਹਿਤ ਦੀ ਉੱਤਮ ਕਿਰਤ ਮੰਨਿਆ ਗਿਆ ਹੈ। ਉਸ ਅਨੁਸਾਰ ਅੰਨਦਾਤਾ ਵਿਚ ਬਲਦੇਵ ਸਿੰਘ ਨਵੀਆਂ ਪ੍ਰਸਥਿਤੀਆਂ ਅਧੀਨ ਕਿਸਾਨੀ ਦੇ ਕੰਗਾਲੀਕਰਨ ਦੀ ਪ੍ਰਕਿਰਿਆ ਨੂੰ ਬਿਆਨਦਾ ਹੈ। ਉਹ ਇਕ ਚੇਤੰਨ ਨਾਵਲਕਾਰ ਵਜੋਂ ਸਾਹਮਣੇ ਆਉਂਦਾ ਹੈ। ਸੁਰਜੀਤ ਗਿੱਲ ਅਨੁਸਾਰ ਬਲਦੇਵ ਸਿੰਘ ਨੇ 'ਪੰਜਵਾਂ ਸਾਹਿਬਜ਼ਾਦਾ' ਨਾਵਲ ਵਿਚ ਭਾਵੁਕਤਾ ਅਤੇ ਉਲਾਰਾਂ ਤੋਂ ਬਚ ਕੇ ਨਿਰੋਲ ਸਾਹਿਤਕ ਪੱਧਰ ਕਾਇਮ ਰੱਖਿਆ ਹੈ। ਇਹ ਨਾਵਲਕਾਰ ਦੀ ਸ਼ਾਹਕਾਰ ਰਚਨਾ ਹੈ। 'ਸਤਲੁਜ ਵਹਿੰਦਾ ਰਿਹਾ' ਤੋਂ ਸੁਰਜੀਤ ਗਿੱਲ ਇੰਨਾ ਪ੍ਰਭਾਵਿਤ ਹੋਇਆ ਹੈ ਅਤੇ ਇਸਦੇ ਹੱਡ ਮਾਸ ਦੇ ਪਾਤਰਾਂ ਨੂੰ ਪੇਸ਼ ਹੁੰਦਿਆਂ ਵੇਖ ਕੇ ਉਹ ਰਾਜਸੀ ਕਾਮਿਆਂ ਨੂੰ ਇਹ ਰਚਨਾ ਘਰ-ਘਰ ਪਹੁੰਚਾਉਣ ਲਈ ਆਖਦਾ ਹੈ। ਉਸ ਲਈ ਇਹ ਨਾਵਲ ਵੀ ਮਹਾਂਨਾਇਕ ਹੈ ਅਤੇ 'ਸੋਲਾਂ ਕਲਾ ਸੰਪੂਰਨ' ਵੀ।

ਸੁਰਜੀਤ ਗਿੱਲ ਕੇ. ਐਲ. ਗਰਗ, ਬਲਜੀਤ ਕੌਰ ਬੱਲੀ, ਜਸਦੇਵ ਸਿੰਘ ਧਾਲੀਵਾਲ ਅਤੇ ਅਵਤਾਰ ਸਿੰਘ ਬਿਲਿੰਗ ਦੇ ਦੋ-ਦੋ ਨਾਵਲਾਂ ਉਪਰ ਆਪਣੇ ਵਿਚਾਰ ਦਿੰਦਾ ਹੈ। ਕੇ. ਐਲ. ਗਰਗ ਦੇ ਨਾਵਲ ਦਰਅਸਲ ਨੂੰ ਇਕ ਲੇਖਕ ਦੇ ਮਾਨਸਿਕ ਦਵੰਦ ਦੀ ਕਥਾ ਕਿਹਾ ਗਿਆ ਹੈ। 'ਆਖਰੀ ਪੱਤਾ' ਨਾਵਲ ਵਿਚ ਵੀ ਗਰਗ ਦੀ ਡੂੰਘੀ ਮਨੋਵਿਗਿਆਨਕ ਸੂਝ ਦਾ ਪ੍ਰਗਟਾਅ ਹੋਇਆ ਹੈ। ਜਿਸ ਵਿਚ ਜ਼ਿੰਦਗੀ ਵਿਚ ਅਟੁੱਟ ਵਿਸ਼ਵਾਸ ਪੈਦਾ ਹੁੰਦਾ ਹੈ। ਬਲਜੀਤ ਕੌਰ ਬੱਲੀ ਦੇ ਨਾਵਲ ਧੁੱਪ ਦੀ ਵਾਟ ਬਾਰੇ ਸੁਰਜੀਤ ਗਿੱਲ ਦੀ ਰਾਇ ਹੈ ਕਿ "ਨਾਵਲ 'ਧੁੱਪ ਦੀ ਵਾਟ' ਵਿਸ਼ੇ ਤੇ ਪੇਸ਼ਕਾਰੀ ਅਨੁਸਾਰ ਬੱਲੀ ਦੇ ਆਪਣੇ ਨਾਵਲਾਂ ਵਿਚੋਂ ਹੀ ਉੱਚਤਮ ਨਹੀਂ ਬਲਕਿ ਪੰਜਾਬੀ ਦੇ ਉੱਚਤਮ ਅਤੇ ਚੇਤੰਨ ਨਾਵਲਾਂ ਵਿਚੋਂ ਇਕ ਹੈ, ਜਿਹੜਾ ਆਪਣੇ ਸਮੇਂ ਦੇ ਦਵੰਦਾਂ ਤੇ ਵਿਕਾਸ ਨੂੰ ਪੇਸ਼ ਕਰਦਾ ਹੈ। 'ਗੁਆਚੇ ਸੂਰਜ' ਨਾਵਲ ਦੀ ਲੇਖਿਕਾ ਬਹੁਤ ਸਾਰੇ ਸਮਾਜਿਕ ਸਵਾਲਾਂ ਨੂੰ ਪੇਸ਼ ਕਰਦੀ ਹੈ। ਉਨ੍ਹਾਂ ਸਾਹਮਣੇ ਸਵਾਲੀਆ ਨਿਸ਼ਾਨ ਵੀ ਲਾਉਂਦੀ ਹੈ। ਪਰੰਤੂ ਕਿਸੇ ਦਾ ਸਮਾਧਾਨ ਨਹੀਂ ਦੱਸਦੀ। ਜਸਦੇਵ ਸਿੰਘ ਧਾਲੀਵਾਲ ਆਪਣੇ ਨਾਵਲ ਨੂੰਦਿਲ ਦਾ ਕੌਲ ਫੁੱਲ' ਨਾਵਲ ਵਿਚ

ਜਾਗੀਰਦਾਰੀ ਦੀ ਅੰਦਰੂਨੀ ਟੁੱਟ ਭੱਜ, ਰਿਸ਼ਤਿਆਂ ਦੇ ਖੋਖਲੇਪਨ, ਆਰਥਿਕ ਸਥਿਤੀ ਦਾ ਨਿਘਾਰ ਤੇ ਸਦਾਚਾਰਕ ਰਸਾਤਲ ਤੇ ਢਹਿੰਦੀ ਕਲਾ ਨੂੰ ਪੇਸ਼ ਕਰਦਾ ਹੈ, ਉਥੇ ਕਿਸਾਨੀ ਦੇ ਜਾਗਰਤੀ ਤੇ ਏਕੇ ਦੀ ਜਿੱਤ ਦਾ ਵੀ ਵਰਣਨ ਕਰਦਾ ਹੈ। ਬੱਲੀ ਵਾਂਗ ਸੁਰਜੀਤ ਗਿੱਲ ਅਨੁਸਾਰ ਜਸਦੇਵ ਸਿੰਘ ਵੀ ਸਵਾਲਾਂ ਦਾ ਇਕ ਹੱਦ ਤੱਕ ਵਿਸ਼ਲੇਸ਼ਣ ਕਰਦਾ ਹੈ ਪਰ ਨਿਰਣੇ ਤੇ ਪਹੁੰਚਣ ਤੋਂ ਪਹਿਲਾਂ ਹੀ ਛੱਡ ਦਿੰਦਾ ਹੈ। ਜਸਦੇਵ ਸਿੰਘ ਧਾਲੀਵਾਲ ਦੇ ਨਾਵਲ 'ਕਾਲੇ ਦਿਨ' ਨੂੰ ਆਧਾਰ ਬਣਾ ਕੇ ਸੁਰਜੀਤ ਗਿੱਲ ਨਕਸਲਵਾਦੀ ਲਹਿਰ ਨਾਲ ਸਿਧਾਂਤਕ ਪੱਧਰ ਤੇ ਵਾਦ ਰਚਾਉਂਦਾ ਹੈ। ਲੇਖਕ ਲਹਿਰਾਂ ਪ੍ਰਤੀ ਅੰਤਰਮੁਖੀ ਤੇ ਉਲਾਰ ਹੈ। ਲੇਖਕ ਵਲੋਂ ਕਮਿਊਨਿਸਟ ਸਿਧਾਂਤਾਂ ਨੂੰ ਨਕਾਰਨ ਦਾ ਯਤਨ ਇਕ ਪਾਸੜ ਤੇ ਉਲਾਰ ਹੈ। ਸੁਰਜੀਤ ਗਿੱਲ ਲਿਖਦਾ ਹੈ, "ਜੇਕਰ ਰਵਾਇਤੀ ਕਮਿਊਨਿਸਟ ਲਹਿਰ ਵਿਚ ਵਿਗਾੜ ਆਏ ਤੇ ਉਹਨਾਂ ਨੇ ਲਹਿਰ ਦਾ ਨੁਕਸਾਨ ਕੀਤਾ। ਉਨ੍ਹਾਂ ਨਾਲੋਂ ਵੱਧ ਲਹਿਰ ਦਾ ਨੁਕਸਾਨ ਨਕਸਲੀ ਲਹਿਰ ਦੇ ਖੱਬੇ ਕੁਰਾਹੇ ਨੇ ਕੀਤਾ, ਕਮਿਊਨਿਸਟ ਸਿਧਾਂਤਾਂ ਦੇ ਰਵਾਇਤਾਂ ਨੂੰ ਤੋੜਿਆ। ਬਣ ਸਕਣ ਵਾਲੇਂ ਇਨਕਲਾਬੀਆਂ ਨੂੰ ਮਰਵਾਇਆ। ਜਮਾਤ ਨੂੰ ਚੇਤੰਨ ਤੇ ਜਥੇਬੰਦ ਕਰਨ ਤੋਂ ਬਿਨਾਂ ਕੁਝ ਹਥਿਆਰਬੰਦ ਵਿਅਕਤੀਆਂ ਵਲੋਂ ਕੀਤੇ ਐਕਸ਼ਨ ਵਿਰੋਧੀ ਜਮਾਤ ਨੂੰ ਕਮਜ਼ੋਰ ਨਹੀਂ ਕਰਦੇ, ਬਲਕਿ ਦੱਬੇ-ਕੁਚਲੇ ਲੋਕਾਂ ਤੇ ਵਿਚਾਰਧਾਰਕ ਤੇ ਸਰੀਰਕ ਹਮਲਿਆਂ ਦਾ ਅਵਸਰ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਹਾਕਮ ਜਮਾਤ ਲਈ ਇਨਕਲਾਬੀਆਂ ਦੀ ਲੋਕਾਂ ਨਾਲੋਂ ਨਿਖੇੜਨਾ ਤੇ ਮਾਰਨਾ ਸੌਖਾ ਹੋ ਜਾਂਦਾ ਹੈ। ਇਸ ਲਈ ਲੁੱਟੇ ਜਾਂਦੇ ਲੋਕਾਂ ਦੀ ਲਹਿਰ ਨੂੰ ਨੁਕਸਾਨ ਹੁੰਦਾ ਹੈ ਅਤੇ ਉਹ ਨਿਸੱਲ ਤੇ ਬੇ-ਹਰਕਤੇ ਹੋ ਜਾਂਦੇ ਹਨ।" (ਪੰਨਾ 103) ਅਵਤਾਰ ਸਿੰਘ ਬਿਲਿੰਗ ਦੇ ਨਾਵਲ 'ਨਿਰੰਜਣ ਮਸ਼ਾਲਚੀ' ਨੂੰ ਸੁਰਜੀਤ ਗਿੱਲ ਇਤਿਹਾਸਕ ਮਹਾਨਤਾ ਵਾਲਾ ਨਾਵਲ ਕਹਿੰਦਾ ਹੈ ਜੋ 'ਜਗੀਰੂ ਪ੍ਰਥਾ' ਦੀ ਕਾਲੀ ਰਾਤ ਦੇ ਪਿਛਲੇ ਪਹਿਰ ਦਾ ਵਰਨਣ ਕਰਦਾ ਹੈ, ਜਦੋਂਕਿ ਰਾਤ ਦਾ ਘੁੱਪ ਹਨ੍ਹੇਰਾ ਹੋਣ ਤੇ ਵੀ ਪਹੁ-ਫੁਟਾਲਾ ਬਹੁਤੀ ਦੂਰ ਨਹੀਂ ਹੁੰਦਾ।" ਇਹ ਨਾਵਲ ਨਿਮਨ ਕਿਸਾਨੀ ਦੇ ਆਰਥਿਕ ਅਤੇ ਸਮਾਜਿਕ ਜੀਵਨ ਦੇ ਤਲਖ ਯਥਾਰਥ ਨੂੰ ਪੇਸ਼ ਕਰਦਾ ਹੈ। 'ਖੇੜੇ ਸੁਖ ਵਿਹੜੇ ਸੁੱਖ' ਨਾਵਲ ਨੂੰ ਪਹਿਲੇ ਨਾਵਲ ਦਾ ਵਿਸਥਾਰ ਮੰਨਿਆ ਗਿਆ ਹੈ ਤੇ ਇਸਨੂੰ ਆਂਚਲਿਕ ਨਾਵਲ ਕਿਹਾ ਗਿਆ ਹੈ। ਇਸ ਨਾਵਲ ਦਾ ਖੇਤਰ ਸਾਰਾ ਪੁਰਾਣਾ ਪੰਜਾਬ ਹੈ। ਜਿਸ ਰਾਹੀਂ ਅਵਤਾਰ ਸਿੰਘ ਬਿਲਿੰਗ ਨੇ ਨਵੇਂ ਮਹਾਂਕਾਵਿਕ ਨਾਵਲ ਦਾ ਮੁੱਢ ਬੰਨਿਆ ਹੈ।

ਉਪਰੋਕਤ ਨਾਵਲਕਾਰਾਂ ਤੋਂ ਇਲਾਵਾ ਸੁਰਜੀਤ ਗਿੱਲ ਨੇ ਦਸ ਹੋਰ ਨਾਵਲਕਾਰਾਂ ਦੇ ਇਕ ਇਕ ਨਾਵਲ ਉਪਰ ਰੀਵਿਊ ਕੀਤੇ ਹਨ। ਨਾਨਕ ਸਿੰਘ ਸੁਰਜੀਤ ਗਿੱਲ ਅਨੁਸਾਰ ਅਕਾਲੀ ਲਹਿਰ ਦੀ ਉਪਜ ਸੀ। ਜੋ 'ਅੱਧ ਖਿੜਿਆ ਫੁੱਲ' ਵਿਚ ਜਜ਼ਬਾਤੀ ਉਭਾਰ ਕਾਰਣ ਆਦਰਸ਼ਵਾਦੀ ਹੋ ਜਾਂਦਾ ਹੈ। ਉਸ ਅਨੁਸਾਰ ਨਾਨਕ ਸਿੰਘ ਸਮਕਾਲੀ



ਪ੍ਰਸਥਿਤੀਆਂ ਤੋਂ ਅਣਭਿੱਜ ਰਹਿੰਦਾ ਹੈ ਅਤੇ ਉਹ ਸਮਕਾਲੀ ਘਟਨਾਵਾਂ ਨੂੰ ਬੌਧਿਕ ਪੱਧਰ ਤੇ ਗ੍ਰਹਿਣ ਕਰਕੇ ਕਲਾ ਦਾ ਰੂਪ ਦੇਣ ਤੋਂ ਅਸਮਰੱਥ ਹੈ। ਨਾਨਕ ਸਿੰਘ ਦੀ ਜਮਾਤੀ ਸਥਿਤੀ ਬਾਰੇ ਸੁਰਜੀਤ ਗਿੱਲ ਦੀ ਸਟੀਕ ਟਿੱਪਣੀ ਹੈ ਕਿ "ਨਾਨਕ ਸਿੰਘ ਦੀ ਸਮਾਜਿਕ ਸਥਿਤੀ ਸ਼ਹਿਰੀ ਦਰਮਿਆਨੇ ਵਿਉਪਾਰੀ ਤਬਕੇ ਵਾਲੀ ਸੀ। ਉਹ ਤਬਕਾ ਦੂਜੀਆਂ ਜਮਾਤਾਂ ਦੀ ਥਾਂ ਕੌਮੀ ਸਰਮਾਏਦਾਰੀ ਨੂੰ ਆਪਣੇ ਵੱਧ ਨੇੜੇ ਤੇ ਆਪਣੇ ਜਮਾਤੀ ਹਿੱਤਾਂ ਦੀ ਰਾਖੀ ਸਮਝਦਾ ਸੀ। ਇਸੇ ਕਾਰਣ ਉਹਨੇ ਕੌਮੀ ਸਰਮਾਏਦਾਰ ਵਿਚਾਰਧਾਰਾ ਤੇ ਅਮਲ ਨੂੰ ਆਪਣਾ ਆਦਰਸ਼ ਬਣਾਇਆ।" (ਪੰਨਾ 26)

ਸ਼ਾਹ ਚਮਨ ਦੇ ਨਾਵਲ 'ਹਨ੍ਹੇਰੇ ਵਿਚ ਘਿਰਿਆ ਮਨੁੱਖ' ਉਪਰ ਚਰਚਾ ਕਰਦਾ ਹੋਇਆ ਸੁਰਜੀਤ ਗਿੱਲ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਦੁਖਾਂਤ ਦੇ ਕਾਰਣਾਂ ਨੂੰ ਵੀ ਲੱਭਦਾ ਹੈ। ਉਸ ਅਨੁਸਾਰ ਇਸ ਲਹਿਰ ਦਾ ਦੁਖਾਂਤ ਹੈ ਕਿ ਲੰਮੇ ਯਤਨਾਂ ਦੇ ਉਪਰੰਤ ਵੀ ਮਜ਼ਦੂਰਾਂ, ਦਲਿਤਾਂ ਤੇ ਗਰੀਬ ਕਿਸਾਨਾਂ ਦੀ ਪਾਰਟੀ ਨਹੀਂ ਬਣ ਸਕੀ। ਇਹੋ ਕਾਰਨ ਹੈ ਕਿ ਇਸ ਦੀਂ ਰਾਜਨੀਤੀ ਤੇ ਕਾਰਜ ਵਿਧੀ ਮੱਧਵਰਗੀ ਸੋਚ ਤੇ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕੀ।" (ਪੰਨਾ 38) ਸ਼ਾਹ ਚਮਨ ਪਾਤਰਾਂ ਦਾ ਜਮਾਤੀ ਵਿਸ਼ਲੇਸ਼ਣ ਕਰਦਾ ਹੈ ਅਤੇ ਉਸਨੇ ਲੁੰਪਨ ਪਰੋਲਤਾਰੀ ਦੀ ਪੇਸ਼ਕਾਰੀ ਵੀ ਕੀਤੀ ਹੈ। ਅੰਤਿਮ ਰੂਪ ਵਿਚ, ਆਪਣੀਆਂ ਘਾਟਾਂ, ਕਮੀਆਂ ਤੇ ਕਲਾਤਮਕ ਕਮਜ਼ੋਰੀਆਂ ਦੇ ਹੁੰਦਿਆਂ ਵੀ ਆਪਣੇ ਸਮੇਂ ਦੀਆਂ ਰਾਜਸੀ ਪਰਸਥਿਤੀਆਂ ਦੀ ਇਕ ਦਸਤਾਵੇਜ ਹੈ।" (ਪੰਨਾ 43) ਸੁਰਜੀਤ ਗਿੱਲ ਨੇ ਕਿਰਪਾਲ ਸਿੰਘ ਆਜ਼ਾਦ 'ਸੁਪਨੇ ਤੋਂ ਸੱਚ ਤੱਕ' ਅਤੇ ਡਾ. ਗੁਰਚਰਨ ਸਿੰਘ ਰਾਊ ਦੇ ਮਸ਼ਾਲਚੀ ਪਹਿਲੇ ਨਾਵਲਾਂ ਉਪਰ ਸਟੀਕ ਟਿੱਪਣੀਆਂ ਕੀਤੀਆਂ ਹਨ। ਕਰਨੈਲ ਸਿੰਘ ਨਿੱਝਰ ਦੇ ਚੌਥੇ ਨਾਵਲ 'ਬਦਲਦੀ ਰੁੱਤ' ਉਪਰ ਸਖ਼ਤ ਟਿੱਪਣੀ ਹੈ ਕਿ "ਨਿੱਝਰ ਜਿਸ ਤੇਜ਼ੀ ਨਾਲ ਆਪਣੇ ਨਾਵਲਾਂ ਦੀ ਗਿਣਤੀ ਵਿਚ ਵਾਧਾ ਕਰ ਰਿਹਾ ਹੈ, ਉਸ ਤੇਜ਼ੀ ਨਾਲ ਉਹਦੀ ਕਲਾ ਵਿਕਾਸ ਨਹੀਂ ਕਰ ਰਹੀ। ਉਸਦੇ ਨਾਵਲਾਂ ਦੀ ਤਕਨੀਕ ਪੁਰਾਣੀ ਤੇ ਸ਼ੈਲੀ ਉਲਝੀ ਹੋਈ ਹੁੰਦੀ ਹੈ। ਇਸ ਲਈ ਉਸਨੂੰ ਗਿਣਤੀ ਵਧਾਉਣ ਦੀ ਥਾਂ ਗੁਣ ਵਧਾਉਣ ਦਾ ਯਤਨ ਕਰਨਾ ਚਾਹੀਦਾ ਹੈ।" (ਪੰਨਾ 69) ਇਸੇ ਤਰ੍ਹਾਂ ਹੀ ਸੁਰਜੀਤ ਗਿੱਲ ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਲੋਹੇ ਲਾਖੇ' ਦੇ ਪ੍ਰਸੰਗ ਵਿਚ ਉਸਦੀ ਤਲਖ ਟਿੱਪਣੀ ਹੈ ਕਿ 'ਉਹਦੀ ਅੰਤਰਮੁਖੀ ਮੱਧ ਸ਼੍ਰੇਣਿਕ ਸੋਚ ਕਾਰਣ ਉਸਦੀ ਪ੍ਰਤਿਭਾ ਅਪਾਹਜੀ ਪਈ ਹੈ ਜਾਂ 'ਗਾਸੋ ਨੇ ਪੌਣੀ ਦਰਜਨ ਨਾਵਲ ਲਿਖ ਕੇ ਵੀ ਬੋਲੀ ਵੱਲ ਕੋਈ ਧਿਆਨ ਨਹੀਂ ਦਿੱਤਾ। ਉਸਦੇ ਸ਼ਬਦ ਜੋੜ ਗਲਤ ਤੇ ਉਚਾਰਨ ਅਤਿ ਗੰਵਾਰ ਕਿਸਮ ਦਾ ਹੈ। ਗਾਸੋ ਨੇ ਚਿੱਠੀਆਂ ਦੀ ਭਾਸ਼ਾ ਨੂੰ ਸਾਹਿਤਿਕ ਬੋਲੀ ਬਣਾਉਣ ਦਾ ਯਤਨ ਕੀਤਾ ਹੈ, ਜਿਸ ਤੋਂ ਉਹਦੀ ਕਲਾਕਾਰੀ ਨਹੀਂ ਉਭਰਦੀ ਬਲਕਿ ਬੋਲੀ ਬਾਰੇ ਅਗਿਆਨਤਾ ਪ੍ਰਤੱਖ ਹੁੰਦੀ ਹੈ।"

# 2. ਮੇਰਾ ਬਾਪੂ

- ਅਨੰਤ ਕੌਰ ਗਿੱਲ

ਕਦੇ ਠੰਢਾ ਨਹੀਂ ਹੋਣਾ
ਧੁਰ ਅੰਦਰ ਕਿਤੇ
ਬਾਪੂ ਦਾ ਲਟ ਲਟ ਮੱਚਦਾ ਸਿਵਾ
ਭਾਵੇਂ ਕਦੇ ਝੁਲਸਣ ਨਹੀਂ ਦੇਣਾ ਮੈਨੂੰ
ਉਸਦੇ ਕਹੇ ਸ਼ਬਦਾਂ ਨੇ
ਠੰਢੀ ਵਾਅ ਦੀਆਂ ਦਿੱਤੀਆਂ ਅਸੀਸਾਂ ਨੇ
ਸਿਰ ਤੇ ਰੱਖੇ ਕੰਬਦੇ ਹੱਥਾਂ ਨੇ।

ਪਰ ਫਿਰ ਵੀ
ਉਹ ਤਪਸ਼ ਕਦੇ ਠੰਢੀ ਨਹੀਂ ਹੋਣੀ
ਬਲਦੀ ਹੀ ਰਹਿਣਾ ਹੈ ਮੈਂ
ਉਸਦੇ ਮੋਹ ਦੇ ਸੇਕ ਚੋਂ
ਗੂੰਜਦੀ ਹੀ ਰਹਿਣੀ
ਉਸਦੀ ਗੜ੍ਹਕਦੀ ਆਵਾਜ਼
ਮੇਰੇ ਕੰਨਾਂ ਵਿਚ।

ਘੁੰਮਦਾ ਹੀ ਰਹਿਣਾ
ਮੇਰੀਆਂ ਅੱਖਾਂ ਸਾਹਵੇਂ
ਉਸਦਾ ਦਹਿਕਦਾ ਚਿਹਰਾ।

ਤੇ ਅਖ਼ੀਰ
ਦੋ ਹੱਥਾਂ ਦੀ ਥਾਲੀ ਚੋਂ
ਹੱਡੀਆਂ ਦੀ ਮੁੱਠ ਬਣਿਆ
ਮੇਰਾ ਸ਼ਤੀਰ ਜਿੰਨਾ ਬਾਪੂ ਵੀ
ਮੈਥੋਂ ਭੁੱਲ ਨਹੀਂ ਹੋਣਾ।

ਜਿਸ ਨਾਲ ਗੱਲਾਂ ਕਰਦਿਆਂ
ਉਗਮਦਾ ਸੀ ਸਵੇਰ ਦਾ ਸੂਰਜ
ਤੇ ਰਾਤੀਂ ਘੂਕ ਸੌਂ ਜਾਂਦਾ ਸੀ
ਤਾਰਿਆਂ ਭਰਿਆ ਅੰਬਰ
ਤ੍ਰਹਿ ਉੱਠਦਾ ਸੀ ਜੋ
ਮੇਰੀ ਇੱਕ ਸਿਸਕੀ ਤੇ
ਤੇ ਸਹਿਮ ਜਾਂਦੀ ਸੀ ਮੈਂ
ਉਸਦੇ ਤੁਰ ਜਾਣ ਬਾਰੇ ਸੋਚ ਕੇ।

ਸੁੰਨ ਹੋ ਗਈ ਹਾਂ ਹੁਣ
ਕਿ ਲੱਭਿਆ, ਲੱਭਦਾ ਕਿਉਂ ਨਹੀਂ
ਅਲਵਿਦਾ ਵੀ ਨਹੀਂ ਆਖੀ ਗਈ
ਕਿ ਰੋਮ ਰੋਮ ਵਿਚ ਵੱਸਦਾ
ਕਾਮਰੇਡ ਸੁਰਜੀਤ ਗਿੱਲ
ਮੇਰਾ ਬਾਪੂ!

(ਪਿੰਡ ਤੇ ਡਾ. ਭਲੂਰ, ਜ਼ਿਲ੍ਹਾ ਮੋਗਾ
ਫੋਨ - 75890-33493)

•••





# ਕਾਮਰੇਡ ਦੀ ਸਦਾ-ਬਹਾਰ ਘੂਰੀ

- ਲਾਲ ਸਿੰਘ

80ਵਿਆਂ ਦਾ ਦੂਜਾ ਅੱਧ ਸ਼ੁਰੂ ਹੋ ਗਿਆ ਸੀ। ਕੇਂਦਰੀ ਲੇਖਕ ਸਭਾ ਨੇ ਅਜੇ ਤੱਕ ਆਪਣੀ ਸਾਰੀ ਹੋਂਦ, ਚੋਣ ਦੰਗਲਾਂ ਤੱਕ ਸੀਮਿਤ ਨਹੀਂ ਸੀ ਕੀਤੀ। ਨਾਮਜ਼ਦ ਹੋਏ ਅਹੁਦੇਦਾਰ ਵਰ੍ਹੇ ਭਰ ਦੀ ਕਾਰਜ-ਸੂਚੀ ਇਕੱਠੀ ਤਿਆਰ ਕਰ ਲੈਂਦੇ ਤੇ ਤਰਤੀਬ ਸਿਰ ਨੇਪਰੇ ਚਾੜ੍ਹਦੇ ਸਨ। ਇਸ ਸਮੇਂ ਸਾਰਨੀ ਵਿਚ ਪੰਜਾਬੀ ਬੋਲੀ, ਭਾਸ਼ਾ, ਸੱਭਿਆਚਾਰ ਦੇ ਖੁਰਦੇ ਆਧਾਰਾਂ ਨੂੰ ਠਲ੍ਹ ਪਾਉਣ ਲਈ ਧਰਨਿਆਂ, ਮੁਜ਼ਾਹਰਿਆਂ ਦਾ ਸਿਲਸਿਲਾ ਵੀ ਸ਼ਾਮਿਲ ਸੀ ਤੇ ਸਮਕਾਲ ਦੀਆਂ ਸਾਹਿਤਕ ਲਿਖਤਾਂ ਦਾ ਮੁਲਅੰਕਣ ਕਰਨਾ ਸੀ। ਇਸ ਸਿਲਸਿਲੇ ਵਿਚ ਮੇਰੀ ਪਹਿਲੀ ਕਹਾਣੀ ਪੁਸਤਕ 'ਮਾਰਖ਼ੋਰੇ' ਦਾ ਵੀ ਨੰਬਰ ਲੱਗ ਗਿਆ। ਇਹ ਸ਼ਾਇਦ 1985 ਦੀ ਗੱਲ ਹੈ। ਗੋਸ਼ਟੀ ਅਸਥਾਨ ਮੋਗਾ ਰੱਖਿਆ ਗਿਆ। ਜਨਰਲ ਸਕੱਤਰ ਚੰਡੀਗੜ੍ਹੋਂ, ਅਮਲੇ-ਫੈਲੇ ਸਮੇਤ ਠੀਕ ਦਸ ਵਜੇ ਗੋਸ਼ਟੀ ਹਾਲ ਵਿਖੇ ਅੱਪੜ ਗਏ। ਇੱਕ ਪ੍ਰਾਈਵੇਟ ਸਕੂਲ ਦੇ ਪ੍ਰਬੰਧਕੀ ਅਮਲੇ ਸਮੇਤ ਕਾਰਜਕਾਰਨੀ ਮੈਂਬਰ ਦੇਸ ਰਾਜ ਸਭ ਨੂੰ ਜੀ-ਆਇਆਂ ਕਹਿਣ ਲਈ ਅਗਾਉਂ ਹਾਜ਼ਰ ਸਨ। ਮੋਗੇ ਦੇ ਆਸ-ਪਾਸ ਦੇ ਸਾਹਿਤਕ ਸਰੋਤੇ ਤਾਂ ਭਾਵੇਂ ਕਿਰਨੱਮ-ਕਿਰਕੀ ਹੀ ਜੁੜੇ, ਪਰ ਗੋਸ਼ਟੀ ਬਿਨਾਂ ਸਮਾਂ ਗੁਆਇਆਂ ਸ਼ੁਰੂ ਕਰ ਦਿੱਤੀ ਗਈ। ਪਹਿਲਾਂ ਪਰਚਾ ਪ੍ਰੋ. ਨਰਿੰਜਣ ਸਿੰਘ ਢੇਸੀ ਦਾ ਸੀ, ਸ਼ਾਨਦਾਰ ਸ਼ਬਦ ਜੜ੍ਹਤ, ਅੱਛੀ-ਖ਼ਾਸੀ ਸਿਫ਼ਤ ਸਲਾਹ। ਸਰੋਤਿਆਂ 'ਚ ਬੈਠਾ ਮੈਂ ਅਨੰਦਤ ਹੁੰਦਾ ਗਿਆ। ਦੂਜਾ ਪਰਚਾ ਕਾ. ਸੁਰਜੀਤ ਗਿੱਲ ਦਾ ਚਾਰ ਕੁ ਫੁੱਲ ਸਾਈਜ਼ ਪੰਨਿਆਂ ਦੀ ਘੀਚਮ-ਘੀਚ ਜਿਹੀ ਹੱਥ-ਲਿਖਤ। ਪਰ ਇਸ ਅੰਦਰਲੀ ਟੈਕਸਟ ਨੇ ਜਿਵੇਂ ਮੈਨੂੰ ਧੌਣੋਂ ਆ ਫੜਿਆ ਹੋਵੇ। ਮੈਨੂੰ ਪਹਿਲਾਂ ਮਿਲੀ ਪ੍ਰਸ਼ੰਨਤਾ ਇਕਦਮ ਮਿੱਧੀ-ਮਧੋਲੀ ਗਈ। ਸਾਹਿਤਕ ਪਿੜ 'ਚ ਮੇਰੇ ਪਹਿਲੇ ਪ੍ਰਵੇਸ਼ ਤੇ ਹੀ ਜਿਵੇਂ ਪ੍ਰਸ਼ਨ-ਚਿੰਨ ਲਾ ਦਿੱਤਾ ਸੀ ਕਾਮਰੇਡ ਗਿੱਲ ਨੇ। ਹੁਣ ਤੱਕ ਤਾਂ ਮੈਂ ਕਹਾਣੀ ਪੁਸਤਕ 'ਮਾਰਖ਼ੋਰੇ' ਸੰਬੰਧੀ ਛਪੇ ਰੀਵਿਊ ਵਿਚਾਰਾਂ ਕਾਰਨ ਸੱਚਮੁਚ ਦਾ ਕਹਾਣੀ-ਲੇਖਕ ਬਣ ਜਾਣ ਦਾ ਭਰਮ ਪਾਲ ਰਿਹਾ ਸੀ। ਡਾ. ਮੋਹਨਜੀਤ ਨੇ ਹੀ 'ਮਾਰਖ਼ੋਰੇ' ਪੁਸਤਕ ਨੂੰ 1984 ਵਿਚ ਛਪੀਆਂ ਪੰਜ ਗੌਲਣਯੋਗ ਪੁਸਤਕਾਂ ਅੰਦਰ ਸ਼ਾਮਿਲ ਕਰ ਰੱਖਿਆ ਸੀ। ਪਰ ਸੁਰਜੀਤ ਗਿੱਲ ਦੀ ਸਾਹਿਤਕ-ਮਾਨਤਾ ਨੂੰ ਇਸ ਕਹਾਣੀ ਸੰਗ੍ਰਹਿ ਵਿਚ ਉਹ ਕੁਝ ਨਹੀਂ ਸੀ ਲੱਭਾ, ਜਿਸਦੀ ਉਸਨੂੰ ਆਸ-ਉਮੀਦ ਸੀ ਮੇਰੇ ਤੋਂ।

ਹੁਣ ਮੇਰੇ ਸਾਹਮਣੇ ਦੋ ਹੀ ਰਾਹ ਸਨ ਜਾਂ ਤਾਂ ਲਿਖਣ-ਲਿਖਾਣ ਦੇ ਕੰਮ ਨੂੰ ਅਲਵਿਦਾ ਆਖ ਦਿਆਂ ਜਾਂ ਫਿਰ ਸਮਾਜ-ਵਿਗਿਆਨ ਦੇ ਹੋਰ ਡੂੰਘੇ ਅਧਿਐਨ ਨੂੰ ਕਲਮਕਾਰੀ ਦੀ ਕਲਾ ਦੇ ਹਵਾਲੇ ਕਰਾਂ। ਮੈਨੂੰ ਮੇਰੇ ਸਿਰੜ ਨੇ ਦੂਜੇ ਰਾਹ ਤੋਰੀ ਰੱਖਿਆ।

ਇਹ ਸ਼ਾਇਦ ਥੋੜ੍ਹੀ ਕੁ ਹੋਰ ਨੀਝ ਨਾਲ ਕਹਾਣੀ ਲਿਖਣ ਦਾ ਸਿੱਟਾ ਹੋਵੇ ਕਿ ਮੇਰੀ

ਦੂਜੀ ਪੁਸਤਕ 'ਬਲੌਰ' ਵਿਚਲੀਆਂ ਕਹਾਣੀਆਂ ਵਿਚੋਂ 'ਬਲੌਰ' ਤੇ 'ਕਰਫਿਊ-ਕੰਬਾਈਨ-ਕਾਮਰੇਡ ਅੰਦਰ ਕਾ. ਗਿੱਲ ਨੂੰ ਆਪਣੇ ਮਤਲਬ ਦੀ ਥੋੜ੍ਹੀ ਕੁ ਗੱਲ ਤਾਂ ਲੱਭ ਪਈ, ਪਰ ਉਸਦੀ ਸੰਤੁਸ਼ਟੀ ਅਜੇ ਵੀ ਨਹੀਂ ਸੀ ਹੋਈ। ਉਹ ਪ੍ਰਾਪਤ ਯਥਾਰਥ ਦੇ ਵਰਣਨ ਨੂੰ ਹੀ ਕਹਾਣੀ ਨਹੀਂ ਸੀ ਸਮਝਦਾ। ਕੁਝ ਹੋਰ ਵੀ ਭਾਲਦਾ ਸੀ। ਮੇਰੀ ਲਿਖਤ 'ਚੋਂ ਆਲੋਚਨਾਤਮਿਕ ਜਾਂ ਵਿਸ਼ਲੇਸ਼ਣੀ ਯਥਾਰਥ ਵਰਗਾ ਕੁਝ-ਕੁਝ ਜਾਂ ਕੁਝ-ਕੁਝ ਰੂਸੀ ਸਾਹਿਤ ਵਰਗਾ। ਉਸਨੂੰ 'ਡਾਨ ਵਹਿੰਦਾ ਰਿਹਾ', 'ਸੂਰਮੇ ਦੀ ਸਿਰਜਣਾ', 'ਜੰਗ ਤੇ ਅਮਨ' ਵਰਗੀਆਂ ਲਿਖਤਾਂ ਬੇਹੱਦ ਪਸੰਦ ਸਨ। ਪਰ, ਉਸਦੀ ਹੰਢੀ-ਵਰਤੀ ਮਾਰਕਸੀ ਦ੍ਰਿਸ਼ਟੀ ਇਨ੍ਹਾਂ ਸ਼ਾਹਕਾਰ ਨਾਵਲਾਂ ਦਾ ਵੀ ਲਿਹਾਜ਼ ਨਹੀਂ ਸੀ ਕਰਦੀ। ਇਹਨਾਂ ਅੰਦਰਲੇ ਕਈ ਸਾਰੇ ਬਿੰਦੂ ਉਸਦੀ ਨੋਕ-ਝੋਕ ਦੀ ਨਸ਼ਤਰ ਹੇਠ ਆ ਜਾਂਦੇ ਸਨ। ਤਾਂ ਵੀ ਉਹ ਇਹਨਾਂ ਲਿਖਤਾਂ ਨੂੰ ਸਾਹਿਤਕ ਰੋਲ-ਮਾਡਲ ਮੰਨ ਕੇ ਪੰਜਾਬੀ ਲੇਖਕਾਂ ਤੋਂ ਵੀ ਅਜਿਹੀਆਂ ਹੀ ਕਿਰਤਾਂ ਦੀ ਆਸ ਰੱਖਦਾ ਸੀ। ਮੇਰਾ ਨੰਬਰ ਉਸਦੀ ਆਸ-ਉਮੀਦ ਤੋਂ ਕਾਫ਼ੀ ਸਾਰਾ ਹੇਠਲੀ ਪਾਲ 'ਚ ਹੋਣ ਕਰਕੇ ਉਹ ਕਦੀ ਗੋਰਕੀ ਦੇਂ ਹਵਾਲੇ ਨਾਲ ਇਹ ਕਹਿੰਦਾ ਕਿ "ਜਿਹੜੇ ਲੇਖਕ ਅਪਣੇ ਉਦੇਸ਼ਾਂ ਨੂੰ ਸਾਫ਼-ਸਾਫ਼ ਨਹੀਂ ਜਾਣਦੇ, ਉਹਨਾਂ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।" ਇਸ ਤੱਥ ਨੂੰ ਹੋਰ ਵਿਸਥਾਰਨ ਲਈ ਉਸਨੂੰ ਹਾਵਰਡਫਾਸਟ ਦਾ ਹਵਾਲਾ ਦੇਣਾ ਪੈਂਦਾ ਕਿ The manner of our times is two fold - in its simplest statement for and imperalism or against it. There are no neutrals. ਉਸਨੂੰ ਨਿਊਟਰਲਜ਼ ਨਾਲ ਉਚੇਚਾ ਗਿਲਾ ਇਹ ਸੀ ਕਿ ਬੌਧਿਕ ਤੇ ਸਭਿਆਚਾਰਕ ਖੇਤਰ ਦੇ ਬਹੁ-ਗਿਣਤੀ ਕਾਮੇ ਵੀ ਮੱਧ-ਵਰਗੀ ਜਮਾਤ ਵਿਚੋਂ ਆਏ ਹੋਣ ਕਰਕੇ ਸੰਘਰਸ਼ੀ ਚੜ੍ਹਤ ਵੇਲੇ ਤਾਂ ਮੂਹਰਲੀਆਂ ਪਾਲਾਂ 'ਚ ਅੱਗੇ ਹੋਰ ਅੱਗੇ ਹੋ ਖੜ੍ਹੋਂਦੇ ਹਨ, ਪਰ ਅੱਗੋਂ ਰਤਾ ਕੁ ਸੇਕ ਲੱਗਣ ਤੇ ਚਮੜੀ ਬਚਾਉਣ ਲਈ ਜਾਂ ਤਾਂ ਦੂਰ ਪਿਛਾਂਹ ਵੱਲ ਖਿਸਕ ਜਾਂਦੇ ਹਨ ਜਾਂ ਨਿਰਪੱਖਤਾ ਦਾ ਓਟ ਆਸਰਾ ਲੈ ਕੇ ਪਾਸਾ ਹੀ ਵੱਟ ਜਾਂਦੇ ਹਨ। ਕਾ. ਗਿੱਲ ਅਜਿਹੇ ਲੋਕਾਂ ਦੇ ਸਾਹਿਤ ਨੂੰ ਕਦਾਚਿਤ ਵੀ ਲੋਕ-ਸਾਹਿਤ ਨਹੀਂ ਸੀ ਮੰਨਦਾ। ਉਹ ਸੈਸ਼ਲਿਸਟ ਲੀਡਰ ਰਾਮ ਮਨੋਹਰ ਲੋਹੀਆ ਦੇ ਕਥਨ ਦੇ ਹਵਾਲੇ ਨਾਲ ਕਿਹਾ ਕਰਦੇ ਸੀ ਕਿ 'ਪੰਡਿਤ ਜਵਾਹਰ ਲਾਲ ਨਹਿਰੂ ਲੋਕਾਂ ਦੀ ਪ੍ਰਤੀਨਿੱਧਤਾ ਨਹੀਂ ਕਰਦਾ। ਘੱਟੋ-ਘੱਟ ਮੇਰੀ ਤਾਂ ਉੱਕਾ ਹੀ ਨਹੀਂ ਕਰਦਾ।'

ਕਾ. ਗਿੱਲ ਨੂੰ ਵੀ ਨਿਰਪੱਖਵਾਦੀ ਮੱਧ-ਵਰਗੀਆਂ ਦਾ ਸਾਹਿਤ ਲੋਕਾਂ ਦੀ ਉੱਕਾ ਹੀ ਪ੍ਰਤੀਨਿੱਧਤਾ ਕਰਦਾ ਨਹੀਂ ਸੀ ਜਾਪਦਾ। ਸ਼ਾਇਦ ਇਸੇ ਲਈ ਮੇਰੇ ਵਰਗੇ ਕਈਆਂ ਹੋਰਨਾਂ ਨੂੰ ਵੀ ਉਹ ਟਾਲਸਟਾਏ ਦਾ ਇਹ ਕਥਨ ਦੁਹਰਾਉਣ ਤੋਂ ਰੱਤੀ ਭਰ ਵੀ ਨਹੀਂ ਸੀ ਝਿਜਕਦੇ ਕਿ - "ਕਿ ਅੱਜ ਕੱਲ ਕਲਾ ਕਾਮਾਂ ਸ਼੍ਰੈਣੀ ਦੀਆਂ ਲੋੜਾਂ ਵਿਚ ਕੋਈ ਦਿਲਚਸਪੀ ਨਹੀਂ ਲੈਂਦੀ ਤੇ ਇਹ ਵਿਹਲੜ ਸੁਹਜਵਾਦੀ ਜਮਾਤਾਂ, ਜੋ ਆਪਣੇ ਆਪ ਨੂੰ ਵਧੀਆ



ਇਨਸਾਨ ਸਮਝਦੀਆਂ ਹਨ, ਲਈ ਹੀ ਰਚੀ ਜਾਂਦੀ ਹੈ।

ਮੈਨੂੰ ਲੱਗਦਾ ਉਸਦੀ ਸਾਹਿਤ ਬਾਰੇ ਇਵੇਂ ਦੀ ਕਠੋਰ ਧਾਰਨਾ ਉਸਦੇ ਬਚਪਨ ਤੇ ਹੋਏ ਮਤਰੇਏ ਤਸ਼ੱਦਦ ਕਾਰਨ ਬਣੀ ਹੈ। ਨਹੀਂ ਤਾਂ ਮਨੁੱਖ ਹਰ ਸਮੇਂ ਤਾਂ ਸੰਘਰਸ਼ੀ ਮਾਨਸਿਕਤਾ ਨਾਲ ਬੱਝ ਕੇ ਨਹੀਂ ਨਾ ਤੁਰ ਸਕਦਾ। ਪਰ ਅਗਲੇ ਹੀ ਪਲ ਨਿੱਤਾ-ਪ੍ਰਤੀ ਦੇ ਵਰਤਾਰਿਆਂ ਪ੍ਰਤੀ ਉਸਦੀ ਉਦਾਰ ਖੁੱਲ੍ਹ-ਦਿਲੀ, ਜਿਹਨਾਂ ਵਿਚ ਪਿੰਡ ਦੀ ਇਕ ਧੀ-ਧਿਆਣੀ ਨੂੰ ਸਕੂਟਰ ਤੇ ਪੜ੍ਹਨ ਜਾਂਦੀ ਨੂੰ ਰੋਕ ਕੇ ਉਸਨੂੰ ਸੌ ਰੁਪਏ ਦੀ ਸ਼ਾਬਾਸ਼ ਦੇਣਾ, ਜਾਂ ਨਰਿੰਦਰ ਸ਼ਰਮਾ ਦੀ ਧੀ ਨੂੰ, ਉਸਦੀ ਮੰਮੀ ਦੇ ਵਿਰੋਧ ਨੂੰ ਉਲੰਘ ਕੇ ਅਪਣੇ ਕੋਲੋਂ ਜੀਨ ਖ਼ਰੀਦ ਕੇ ਦੇਣਾ ਵਰਗੀਆਂ ਉਦਾਹਰਨਾਂ ਸ਼ਾਮਿਲ ਹਨ, ਨੂੰ ਵੱਖਰੇ ਕੋਣ ਇਸ, ਲਈ ਦੇਖਣਾ ਬਣਦਾ ਹੈ ਕਿ ਉਹ ਸਮਾਜ ਦੀ ਭੂਪਵਾਦੀ ਜਕੜ-ਖੜੋਤ ਨੂੰ ਰੁਮਾਂਚਿਕਤਾ ਦੀ ਨਸ਼ਤਰ ਨਾਲ ਤੋੜ-ਛਿੱਲ ਕੇ ਸਰਮਾਇਆ ਯੁੱਗ ਦੀਆਂ ਖੁੱਲ੍ਹਾਂ ਨੂੰ ਮਾਣ-ਹੰਢਾ ਕੇ ਅੱਗੇ ਵੱਧਣਾ ਚਾਹੁੰਦਾ ਸੀ।

ਅਜਿਹੇ ਵਿਅਕਤੀ ਦੀ ਸਾਹਿਤਕ, ਸਮਾਜਿਕ, ਸੱਭਿਆਚਾਰਕ ਦ੍ਰਿਸ਼ਟੀ ਨੂੰ ਨਜ਼ਰਅੰਦਾਜ਼ ਕਰਨਾ ਮੇਰੇ ਲਈ ਹੋਰ ਕਠਿਨ ਹੁੰਦਾ ਗਿਆ। ਪਾਕਿਸਤਾਨ ਦੇ ਨਾਮਵਰ ਕਥਾਕਾਰ ਅਫ਼ਜ਼ਲ ਅਹਿਸਨ ਰੰਧਾਵਾ ਨੇ ਸਰਕਾਰੀ ਕਾਲਜ ਮੀਆਂਵਾਲੀ ਦੇ ਪ੍ਰੋਫੈਸਰ ਮਲਿਕ ਨੂੰ ਇੰਟਰਵਿਊ ਦਿੰਦਿਆਂ ਕਿਹਾ ਸੀ ਕਿ ਤਖ਼ਲੀਕ (ਲਿਖਤ) ਵੇਲੇ ਮੇਰੇ ਸਾਹਮਣੇ ਕਾਰੀ (ਪਾਠਕ) ਵੀ ਹੁੰਦਾ ਤੇ ਦੁਨੀਆਂ ਦੇ ਉਸਤਾਦ ਲਿਖਾਰੀਆਂ ਦਾ ਫ਼ਨ ਮਿਆਰ ਵੀ। ਪਰ ਨਕਾਦ (ਆਲੋਚਕ) ਤਾਂ ਦੂਰ-ਦੂਰ ਤਾਈਂ ਕਿਧਰੇ ਵੀ ਨਹੀਂ ਹੁੰਦਾ।

ਰੰਧਾਵੇ ਦੇ ਇਸ ਕਥਨ ਨੂੰ ਮੇਰੇ ਅਗਲੇ ਵਰ੍ਹਿਆਂ ਦੀਆਂ ਲਿਖਤਾਂ ਨੇ ਕਾਫ਼ੀ ਤੋਂ ਜ਼ਿਆਦਾ ਹੱਦ ਤੱਕ ਨਕਲ ਕੀਤੀ ਰੱਖਿਆ। ਕਹਾਣੀਆਂ ਲਿਖਦੇ ਸਮੇਂ ਮੈਨੂੰ ਵੀ ਆਲੋਚਕ ਕਦੀ ਕਿਧਰੇ ਨਹੀਂ ਸੀ ਦਿਸਿਆ। ਨਜ਼ਰ ਦੀਆਂ ਐਨਕਾਂ ਲਾ ਕੇ ਵੀ ਨਹੀਂ। ਇਸ ਸਮੇਂ ਮੇਰੇ ਸਾਹਮਣੇ ਵੀ ਪਾਠਕ ਹੁੰਦਾ ਸੀ। ਐਵੇਂ ਲੁਤਫ਼ੀ ਕਿਸਮ ਦਾ ਪਾਠਕ ਨਹੀਂ, ਸਗੋਂ ਸਮਾਜ-ਵਿਗਿਆਨ ਨਾਲ ਲਗਾਓ ਰੱਖਣ ਵਾਲਾ ਪਾਠਕ। ਤੇ... ਤੇ... ਇਹਨਾਂ ਪਾਠਕਾਂ ਦੀ ਮੂਹਰਲੀ ਪਾਲ 'ਚ ਖੜ੍ਹਾ ਹੁੰਦਾ ਸੀ ਸੁਰਜੀਤ ਗਿੱਲ। ਕਾ. ਸੁਰਜੀਤ ਗਿੱਲ ਜੋ ਪਾਠਕ ਵੀ ਹੁੰਦਾ ਸੀ ਤੇ ਆਲੋਚਕ ਵੀ।

ਇਹ ਉਸਦੀ ਹਾਜ਼ਰੀ ਦਾ ਸਿੱਟਾ ਹੀ ਸਮਝਿਆ ਜਾਏ ਕਿ ਮੇਰੀਆਂ ਅਗਲੇ ਵਰ੍ਹਿਆਂ 'ਚ ਲਿਖੀਆਂ ਕਹਾਣੀਆਂ, ਜਿਹਨਾਂ ਵਿਚ 'ਧੁੱਪ-ਛਾਂ', 'ਛਿੰਝ', 'ਬੂਟਾ ਰਾਮ ਪੂਰਾ ਹੋ ਗਿਆ', 'ਅੱਧੇ-ਅਧੂਰੇ', 'ਪੌੜੀ' ਆਦਿ ਸ਼ਾਮਿਲ ਹਨ, ਉਸਦੀ ਆਸ-ਉਮੀਦ ਤੇ ਪੂਰੀਆਂ ਉਤਰਨ ਲਈ ਕਾਫ਼ੀ ਹੱਦ ਤੱਕ ਸਫ਼ਲ ਹੋ ਗਈਆਂ, ਪਰ ਅਜੇ ਵੀ ਉਸਦੀ ਭਰਪੂਰ ਪ੍ਰਸੰਨਤਾ ਦੀਆਂ ਭਾਗੀਦਾਰ ਨਹੀਂ ਸੀ ਬਣੀਆਂ। ਉਂਝ ਵੀ ਪੰਜਾਬੀ ਕਥਾਕਾਰੀ ਅੰਦਰਲੀਆਂ ਬਹੁ-ਗਿਣਤੀ ਲਿਖਤਾਂ ਉਸਦੀ ਕਸਵੱਟੀ ਤੇ ਪੂਰੀਆਂ ਨਹੀਂ ਸਨ ਉੱਤਰਦੀਆਂ। ਬਿਨਾਂ

ਸ਼ੱਕ ਨਾਵਲ, ਵਿਸ਼ੇਸ਼ ਕਰਕੇ ਮਾਲਵੇ ਦੀ ਨਾਵਲ ਲਿਖਤ ਤੋਂ ਉਸਨੂੰ ਸੰਤੁਸ਼ਟੀ ਜ਼ਰੂਰ ਹੋਣ ਲੱਗ ਪਈ ਸੀ, ਪਰ ਮੇਰੇ ਸਮੇਤ ਹੋਰਨਾਂ ਅਨੇਕਾਂ ਕਹਾਣੀਕਾਰਾਂ ਵੱਲ ਨੂੰ ਵੱਟ ਹੋਈ ਘੂਰੀ, ਹਰ ਕਿਸੇ ਨੂੰ ਸਾਫ਼-ਸਾਫ਼ ਦਿਸਦੀ ਸੀ। ਸੱਚ ਇਹ ਵੀ ਹੈ ਕਿ ਉਸਦੀ ਇਹ ਘੂਰੀ ਕਿਸੇ ਡਾਂਗ-ਸੋਟੇ ਵਾਂਗ ਸਿਰ-ਮੱਥੇ 'ਚ ਰੋੜ ਨਹੀਂ ਸੀ ਪਾਉਂਦੀ, ਸਗੋਂ ਪੰਜਾਬੀ ਲੇਖਣੀ ਨਾਲ ਮਗਜ਼ਪੱਚੀ ਕਰਕੇ ਕਲਮਕਾਰਾਂ ਨੂੰ ਇੱਕ ਤਰ੍ਹਾਂ ਦਾ ਸੁਨੇਹਾ ਦੇ ਰਹੀ ਹੁੰਦੀ ਸੀ। ਇਸ ਸੁਨੇਹੇ ਵਿਚ ਸ਼ਾਮਿਲ ਹੁੰਦੇ ਸਨ - ਸਮਕਾਲ ਦੇ ਸਮਾਜਿਕ, ਧਾਰਮਿਕ, ਆਰਥਿਕ ਜਾਂ ਰਾਜਸੀ ਵਰਤਾਰੇ ਨੂੰ ਵਾਚਣ-ਘੋਖਣ ਵਾਲੇ ਅਜ਼ਮਾਏ ਪਰਖੇ ਤੱਥ। ਜਿਵੇਂ :-

- ਕਿ ਸਿਰਜਣਾ ਖ਼ਲਾਅ ਜਾਂ ਅਕ੍ਰਿਆ ਵਿਚ ਨਹੀਂ ਉਪਜਦੀ। ਸੰਘਰਸ਼ ਸਦਾ ਸਿਰਜਣਾ ਨੂੰ ਹਾਂ-ਪੱਖੀ ਤੌਰ ਤੇ ਹੀ ਪ੍ਰਭਾਵਿਤ ਕਰਦੇ ਹਨ।
- ਕਿ, ਸਾਹਿਤ ਵੀ ਇਕ ਰਾਜਨੀਤੀ ਹੈ, ਸੂਖ਼ਮ ਤਰ੍ਹਾਂ ਦੀ ਰਾਜਨੀਤੀ
- ਕਿ, ਗਿਆਨ ਤੇ ਸੁਹਿਰਦਤਾ ਦੋਵੇਂ ਰਲ਼ ਕੇ ਵਧੀਆ ਲੇਖਣੀ ਵੀ ਬਣ ਸਕਦੇ ਹਨ ਤੇ ਚੰਗੀ ਆਲੋਚਨਾ ਵੀ, ਪੰਜਾਬੀ ਵਿਚ ਦੋਵਾਂ ਦੇ ਸੰਗਮ ਦੀ ਬਹੁਤ ਘਾਟ ਹੈ।

ਸਾਹਿਤ ਸੰਬੰਧੀ ਉਸਦੀਆਂ ਇਵੇਂ ਦੀਆਂ ਧਾਰਨਾਵਾਂ ਹਰ ਕਿਸੇ ਲਈ ਇਕ-ਬਰਾਬਰ ਦੇ ਅਰਥ ਤਾਂ ਭਾਵੇਂ ਨਹੀਂ ਸਨ ਰੱਖਦੀਆਂ ਪਰ ਸੱਚ ਜਿੱਡੇ ਸੱਚ ਦੀ ਵਿਆਖਿਆ ਕਰਦੀਆਂ ਉਹ ਲੋੜਮੰਦਾਂ ਦਾ ਮਾਰਗ ਦਰਸ਼ਨ ਜ਼ਰੂਰ ਕਰਦੀਆਂ ਸਨ।

ਧਾਰਮਿਕ, ਰਾਜਨੀਤਿਕ ਖੇਤਰ ਸੰਬੰਧੀ ਉਸਦੀਆਂ ਟਿੱਪਣੀਆਂ ਹੋਰ ਵੀ ਕੁਰਖ਼ਤ ਸਨ। ਜਿਵੇਂ -

- ਕਿ ਚੋਣਾਂ ਦਾ ਘੜਮੱਸ ਜਿੰਨਾ ਵੱਧ ਸ਼ੋਰੀਲਾ ਹੁੰਦਾ ਜਾ ਰਿਹਾ, ਓਨਾ ਹੀ ਸਾਡਾ ਯਕੀਨ ਇਹਨਾਂ ਤੋਂ ਖ਼ੁਰਦਾ ਜਾ ਰਿਹਾ। ਸਾਨੂੰ ਨਹੀਂ ਲੱਗਦਾ ਇਥੇ ਜਮਹੂਰੀਅਤ ਨਾਮ ਦੀ ਕੋਈ ਹੋਂਦ ਹੈ ਵੀ ਕਿ ਨਹੀਂ।
- ਕਿ ਆਮ ਤੌਰ ਤੇ ਸਿਆਸੀ ਨੇਤਾ ਸੱਚ ਵਿਚ ਦਿਲਚਸਪੀ ਨਹੀਂ ਰੱਖਦੇ। ਉਹਨਾਂ ਨੂੰ ਤਾਕਤ ਚਾਹੀਦੀ ਹੁੰਦੀ ਹੈ। ਤੇ ਤਾਕਤ ਹਾਸਿਲ ਕਰਨ ਲਈ ਜ਼ਰੂਰੀ ਹੈ ਕਿ ਅਵਾਮ ਨੂੰ ਹਨ੍ਹੇਰੇ 'ਚ ਰੱਖਿਆ ਜਾਵੇ।
- ਕਿ ਡੇਰਾਵਾਦ ਦੀ ਚੜ੍ਹਤ ਧਾਰਮਿਕ ਨਹੀਂ ਰਾਜਨੀਤਿਕ ਸਮੱਸਿਆ ਐ।

ਉਸ ਵੱਲ ਨੀਝ ਲਾ ਕੇ ਦੇਖਦੇ ਨੂੰ ਮੈਨੂੰ ਜਾਪਣ ਲੱਗਦਾ ਕਿ ਉਹ ਉਹਨੀਂ ਦਿਨੀਂ ਪੜ੍ਹੇ-ਵਾਚੇ ਦੇਸ਼ੀ-ਵਿਦੇਸ਼ੀ ਚਿੰਤਕਾਂ ਜਿਹਨਾਂ ਵਿਚ ਅਮ੍ਰਿਤਾਯ ਸੈਨ, ਹਿਮਾਂਯੂ ਤ੍ਰਿਵੇਦੀ, ਅੰਧੂਰਤੀ ਰਾਏ, ਤੌਮ ਚਾਮਸਕੀ ਕਈ ਹੋਰ ਵੀ ਸ਼ਾਮਿਲ ਹੁੰਦੇ ਸਨ ਦੇ ਅਧਿਐਨ-ਅਧਿਐਨ ਤੋਂ ਪ੍ਰਾਪਤ ਕੀਤੀਆਂ ਸੂਚਨਾਵਾਂ ਹਰ ਕਿਸੇ ਲਈ ਨਸ਼ਟ ਕਰਨ ਦੀ ਕਾਹਲ ਵਿਚ ਸੀ, ਜਿਹਨਾਂ ਵਿਚ ਭਾਰਤ ਦੀ ਅਸਲ ਤਸਵੀਰ ਪੇਸ਼ ਹੁੰਦੀ ਸੀ ਜਿਵੇਂ -

- ਕਿ ਭਾਰਤੀ ਵਿਕਾਸ ਦੇ ਅੰਕੜੇ ਮਿਲੀ-ਭਗਤ ਨਾਲ ਪੇਸ਼ ਕੀਤੇ ਜਾਂਦੇ ਹਨ।



ਜਦਕਿ ਸੁਰੱਖਿਆ, ਸਿਹਤ ਤੇ ਸਿੱਖਿਆ ਦੀ ਹਾਲਤ ਬਹੁਤ ਚਿੰਤਾਜਨਕ ਹੈ।

- ਕਿ ਮੁਲਕ ਵਿਚ ਇਕ ਲੱਖ ਲੋਕ ਹਰ ਸਾਲ ਗੰਦੇ ਪਾਣੀ ਨਾਲ ਲੱਗਣ ਵਾਲੀਆਂ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ।
- ਕਿ ਭਾਰਤ ਵਿਚ 65 ਕਰੋੜ ਭਾਵ 55% ਲੋਕ ਗਰੀਬ ਹਨ।
- ਕਿ ਪਿੰਡ ਵਿਚ 22 ਰੁਪਏ ਤੇ ਸ਼ਹਿਰੀ ਖੇਤਰ ਵਿਚ 32 ਰੁਪੇ ਪ੍ਰਤੀ ਦਿਨ ਕਮਾਉਣ ਵਾਲੇ ਨੂੰ ਸਾਡੇ ਮਹਾਨ ਭਾਰਤ ਦਾ ਪਲਾਨਿੰਗ ਕਮਿਸ਼ਨ ਗਰੀਬ ਨਹੀਂ ਮੰਨਦਾ, ਪਰ ਸਟੀਲ ਆਈਕਨ ਲਕਸ਼ਮੀ ਮਿੱਤਲ ਜਿਸਦੀ ਸਲਾਨਾ ਤਨਖਾਹ ਇਹਨੀਂ ਦਿਨੀਂ 825 ਕਰੋੜ ਡਾਲਰ ਹੈ ਨੂੰ ਗਰੀਬ ਸਮਝ ਕੇ ਉਸਨੂੰ ਸਬਸਿਡੀਆਂ ਦੇ ਗੱਫੇ ਭਰਪੂਰਤਾ ਨਾਲ ਬਖਸ਼ੀ ਜਾ ਰਿਹਾ।
- ਕਿ ਇਕੱਲਾ ਮੁਕੇਸ਼ ਅੰਬਾਨੀ ਵੀਹ ਅਰਬ ਡਾਲਰ ਤੋਂ ਵੱਧ ਦੀ ਪੂੰਜੀ ਦਾ ਮਾਲਕ ਹੈ।
- ਕਿ ਮੁਕੇਸ਼ ਅੰਬਾਨੀ ਨੇ ਜ਼ਿੱਦ ਕੇ ਬਣਾਏ 27 ਮੰਜ਼ਲੇ 'ਅੰਟਿਲ ਮਹਿਲ' ਨਾਮੀ 'ਰੈਣ ਬਸੇਰੇ' ਅੰਦਰ ਤਿੰਨ ਹੈਲੀ ਪੈਡ, 9 ਲਿਫਟਾਂ, ਝੂਲੇਦਾਰ ਬਾਗ, ਨਾਚਖਾਨੇ, ਛੇ ਮੰਜ਼ਲੀ ਪਾਰਕਿੰਗ ਹੈ, ਜਿਸ 'ਗਰੀਬਖਾਨੇ' ਦੀ ਦੇਖਰੇਖ ਲਈ ਸਿਰਫ਼ 600 ਨੌਕਰ ਚਾਕਰ ਹੀ ਤੈਨਾਤ ਹਨ।
- ਕਿ ਮੁਲਕ ਦੇ ਸਭ ਤੋਂ ਅਮੀਰ ਇੱਕ ਸੌ ਭਾਰਤੀਆਂ ਕੋਲ ਸਾਡੇ ਮੁਲਕ ਦੀ ਕੁਝ ਘਰੇਲੂ ਆਮਦਨ ਦਾ 25% ਹਿੱਸਾ ਇਕੱਠਾ ਹੋ ਗਿਆ ਹੈ।

ਇਵੇਂ ਹੀ ਕਾ. ਸੁਰਜੀਤ ਗਿੱਲ ਦੀ ਇਹ ਘੂਰੀ ਤਸਵੀਰ ਦਾ ਦੂਜਾ ਪਾਸਾ ਦਰਸਾਉਂਦੀ ਨਾਲੋਂ-ਨਾਲ ਦੱਸ ਰਹੀ ਹੁੰਦੀ ਹੈ -

- ਕਿ ਸਾਡੇ ਮਹਾਨ ਭਾਰਤ ਦੇ 8 ਕਰੋੜ ਲੋਕ ਝੁੱਗੀਆਂ-ਝੌਂਪੜੀਆਂ ਵਿਚ ਜੂਨ ਕਟੀ ਕਰ ਰਹੇ ਹਨ, ਜਿਹਨਾਂ ਵਿਚ 25 ਲੱਖ ਝੌਂਪੜੀ ਵਾਸੀ ਦਿੱਲੀ ਦੇ ਆਸ-ਪਾਸ ਹੀ ਹਨ।
- ਕਿ ਮੁਲਕ ਦਾ ਅੰਨਦਾਤਾ ਗਿਣ ਹੁੰਦਾ ਕਿਸਾਨ, ਸਰਕਾਰੀ ਕਰਜ਼ਿਆਂ ਤੋਂ ਤੰਗ ਆਇਆ ਢਾਈ ਲੱਖ ਦੀ ਗਿਣਤੀ ਤੋਂ ਵੱਧ ਖੁਦਕਸ਼ੀਆਂ ਕਰ ਚੁੱਕਾ ਹੈ।
- ਕਿ 1991 ਤੋਂ ਚਲਾਈ ਆਰਥਿਕ ਉਦਾਰਵਾਦੀ ਪਾਲਿਸੀ ਨੇ ਖੇਤੀ ਸੈਕਟਰ ਨੂੰ ਹੁੰਦੀ ਆਮਦਨ 18 ਰੁਪਏ ਤੱਕ ਘਟਾ ਦਿੱਤੀ ਹੈ ਜਿਹੜੀ ਕਿ 1991 ਤੋਂ ਪਹਿਲਾਂ 100 ਵਿਚੋਂ 30 ਰੁਪਏ ਹੁੰਦੀ ਸੀ।

ਉਪਰੋਕਤ ਤੱਥਾਂ ਵਰਗੇ ਅਨੇਕਾਂ ਤੱਥਾਂ ਦੀ ਥਾਹ ਪਾਉਂਦੀ ਕਾ. ਗਿੱਲ ਦੀ ਸਦਾ-ਬਹਾਰ ਘੂਰੀ ਨਿਰੇ-ਪੁਰੇ ਭਾਸ਼ਣ-ਉਪਦੇਸ਼ ਕਰਨ ਤੱਕ ਸੀਮਤ ਨਹੀਂ ਸੀ, ਸਗੋਂ ਹਰ ਤਰ੍ਹਾਂ ਦੇ ਜਨਤਕ ਘੋਲਾਂ ਵਿਚ ਉਸਦੀ ਹਾਜ਼ਰੀ ਮੂਹਰਲੀਆਂ ਸਫਾਂ ਦੇ ਨਿਗਾਹੀ ਵਜੋਂ ਅੰਕਿਤ ਹੁੰਦੀ ਸੀ। ਉਹ ਨਾ ਕਦੀਂ ਸਰਕਾਰੀ ਤਸ਼ੱਦਦ ਤੋਂ ਡਰਿਆ ਸੀ, ਨਾ ਦਹਿਸ਼ਤ-ਗਰਦ ਗੋਲੀ-

ਸਿੱਕੇ ਤੋਂ। ਅੱਤਵਾਦੀ ਟੋਲਿਆਂ ਦੇ ਬੇ-ਲਗਾਮ ਹੋਏ ਹਥਿਆਰ ਤਾਂ ਉਸਦੇ ਇਕੱਲੇ-ਕਹਿਰੇ ਰਿਵਾਲਵਰ ਅੱਗੇ ਕਈ ਵਾਰ ਠੁੱਸ ਹੋਏ ਸਨ। ਉਹ ਕਿਹਾ ਕਰਦਾ ਸੀ ਕਿ ਫੀਲਡ ਕਾਸਟਰੋ ਦੀ ਹੱਤਿਆ ਕਰਨ ਲਈ ਸੀ.ਆਈ.ਏ. 38 ਵਾਰ ਯੋਜਨਾਵਾਂ ਘੜੀਆਂ, ਤਾਂ ਵੀ ਉਸਦਾ ਵਾਲ ਤੱਕ ਵਿੰਗਾ ਨਹੀਂ ਹੋਇਆ। ਮੇਰਾ ਵੀ ਕੁਝ ਨਹੀਂ ਵਿਗਾੜ ਸਕਦੇ ਇਹ ਟੋਲੇ।

ਥੋੜ੍ਹੇ ਕੁ ਵਰ੍ਹਿਆਂ ਤੋਂ ਕਾ. ਗਿੱਲ ਦੀ ਜਨਤਕ ਘੋਲਾਂ 'ਚ ਘੱਟਦੀ ਹਾਜ਼ਰੀ ਆਖ਼ਿਰ ਪੂਰੀ ਤਰ੍ਹਾਂ ਰੁਕ ਗਈ। ਘੋਲੀਆਂ ਪਿੰਡ ਤੇ ਆਪਣਾ ਕੰਮ-ਖੇਤਰ ਛੱਡ ਕੇ ਉਸਨੂੰ ਬਠਿੰਡੇ ਜਾਣਾ ਪਿਆ, ਸਰੀਰਕ ਲਾਚਾਰਗੀ ਕਾਰਨ। ਪਰ ਉਸਦੀ ਬੌਧਿਕ ਸਰਗਰਮੀ ਹੋਰ ਵੀ ਗਤੀਸ਼ੀਲ ਹੋ ਗਈ। ਨਾਲ ਦੀ ਨਾਲ ਪਠਨ-ਪਾਠਨ ਨਾਲ-ਨਾਲ ਪ੍ਰਾਪਤ ਕੀਤੀਆਂ ਸੂਚਨਾਵਾਂ ਨਸ਼ਰ ਕਰਨ ਦੀ ਕਾਹਲ। ਪਰ ਮੈਂ.... ਮੈਂ ਇਹਨੀਂ ਦਿਨੀਂ ਉਸਦੀ ਪਸੰਦ ਤੇ ਪੂਰੀ ਉੱਤਰਦੀ ਕੋਈ ਕਹਾਣੀ ਲਿਖਣ ਨਾਲ ਜੁੜਿਆ, ਸਮਾਜਿਕ ਅਸਮਾਨਤਾਵਾਂ ਵਿਰੁੱਧ ਤਿੱਖੀ ਤਰ੍ਹਾਂ ਜੂਝਦੇ ਰਹੇ ਆਪਣੇ ਇਤਿਹਾਸ ਦੀ ਅਰਦਲ ਤੇ ਜਾ ਖੜੋਇਆ ਸੀ। ਇਸ ਇਤਿਹਾਸ ਦੇ ਪੱਲੂ 'ਚ ਕਾਮਾਗਾਟਾ ਘਟਨਾ ਦੇ ਯੋਧੇ ਵੀ ਸ਼ਾਮਿਲ ਸਨ ਤੇ ਗ਼ਦਰ ਲਹਿਰ, ਕਿਰਤੀ ਲਹਿਰ ਦੇ ਸਿਰਲੱਥ ਕਾਮੇ ਵੀ। ਇਸ ਅੰਦਰ ਚੰਦਰ ਸ਼ੇਖਰ, ਭਗਤ ਸਿੰਘ ਦੀ ਪੀੜ੍ਹੀ ਵੀ ਸ਼ਾਮਿਲ ਸੀ ਤੇ ਖਿੰਡੀ-ਬਿਖਰੀ ਖੱਬੀ ਧਿਰ ਵੀ। ਇਹਨਾਂ ਲਹਿਰਾਂ ਤੇ ਪਾਤਰਾਂ ਦੇ ਲਾਗੇ-ਲਾਗੇ ਵਿਚਰਦਾ ਮੈਂ ਥੋੜ੍ਹੇ ਕੁ ਵਰ੍ਹਿਆਂ ਅੰਦਰ ਕਾ. ਗਿੱਲ ਲਈ 'ਗੜ੍ਹੀ ਬਖਸ਼ੋ ਸਿੰਘ' ਨਾਮੀ ਪੁਸਤਕ ਅੰਦਰਲੀਆਂ ਕਹਾਣੀਆਂ ਲੈ ਕੇ ਹਾਜ਼ਰ ਹੋ ਗਿਆ।

ਮੇਰਾ ਇਹ ਯਤਨ ਹੋਰਨਾਂ ਪਾਠਕਾਂ ਸਮੇਤ ਕਾ. ਗਿੱਲ ਨੂੰ, ਕਲਮ ਦੀ ਸੀਮਾ ਸੰਭਾਵਨਾ ਨੂੰ ਸਵੀਕਾਰਦਿਆਂ ਵੀ ਕਾਫ਼ੀ ਦੇਰ ਤੱਕ ਸਾਰਥਿਕ ਜਾਪਿਆ। ਮੈਨੂੰ ਥੋੜ੍ਹੀ ਕੁ ਜਿੰਨੀ ਤਸੱਲੀ ਜਿਹੀ ਵੀ ਜ਼ਰੂਰ ਹੋਈ। ਇਹ ਤਸੱਲੀ ਮੈਨੂੰ ਹੋਰ ਵੀ ਸਾਰਥਿਕ ਜਾਪੀ ਜਦ ਕਾ. ਗਿੱਲ ਦੇ ਇਹ ਸ਼ਬਦ ਡਾਕ ਰਾਹੀਂ ਮੇਰੇ ਸਿਰਨਾਵੇਂ ਤੇ ਆ ਪੁੱਜੇ, "ਪਿਆਰੇ ਸਾਥੀ, ਤੇਰੀ ਕਹਾਣੀ 'ਗੜ੍ਹੀ ਬਖਸ਼ਾ ਸਿੰਘ' ਬਹੁਤ ਉੱਤਮ ਹੈ। ਤੈਂ ਇਤਿਹਾਸ ਤੇ ਗਲਪ ਦਾ ਸੁਮੇਲ ਬਹੁਤ ਕਲਾਕਾਰੀ ਨਾਲ ਕੀਤਾ ਹੈ। ਗਲਪ ਰੜਕਦਾ ਹੀ ਨਹੀਂ। ਇਉਂ ਲੱਗਦਾ ਜਿਵੇਂ ਤੂੰ ਕਿਸੇ ਜਿਉਂਦੇ ਸੰਗਰਾਮੀ ਨਾਇਕ ਦੇ ਜੀਵਨ ਦਾ ਇਤਿਹਾਸ ਲਿਖਿਆ ਹੈ। ਇਹ ਤੇਰੀ ਕਹਾਣੀ ਤੇਰੀਆਂ ਕਹਾਣੀਆਂ ਵਿਚੋਂ ਹੀ ਵਧੀਆ ਨਹੀਂ, ਬਲਕਿ ਪੰਜਾਬੀ ਕਥਾ ਜਗਤ ਵਿਚ ਵੀ ਵਧੀਆ ਹੈ। ਤੇਰੀ ਕਲਮ ਨੂੰ ਪ੍ਰਣਾਮ - ਤੇਰਾ ਸੁਰਜੀਤ ਗਿੱਲ"

ਅੱਜ ਗਿੱਲ ਸਾਡੇ ਵਿਚਕਾਰ ਨਹੀਂ ਹੈ, ਤਾਂ ਵੀ ਮੈਂ ਦਾਅਵੇ ਨਾਲ ਕਹਿ ਸਕਦਾ ਕਿ 'ਮਾਰਖੋਰੇ' ਤੋਂ ਲੈ ਕੇ 'ਗੜ੍ਹੀ ਬਖਸ਼ਾ ਸਿੰਘ' ਪੁਸਤਕ ਤੱਕ ਮੇਰੀ ਲਿਖਤ ਨੂੰ ਘੂਰਦਾ ਵਾਚਦਾ ਗਹਿਣ ਵਾਲਾ ਕਾ. ਸੁਰਜੀਤ ਗਿੱਲ, ਇਸ ਦੁਨੀਆਂ ਤੋਂ ਰੁਖ਼ਸਤ ਹੋ ਕੇ ਆਪਣਾ ਕਾਰਜ ਉਵੇਂ ਹੀ ਕਰਦਾ ਰਹੇਗਾ। ਸ਼ਾਇਰ ਜਸਵਿੰਦਰ ਦਾ ਇਹ ਸ਼ੇਅਰ ਉਸਦੇ ਇਸ ਅਮਲ ਤੇ ਹੋਰ ਵੀ ਢੁੱਕਦਾ ਹੈ

**ਦਫ਼ਨ ਹੋ ਕੇ ਵੀ ਉਹ ਬੇਚੈਨ ਹੈ ਲੋਕਾਂ 'ਚ ਆ ਬਹਿੰਦੈ,**
**ਅਜੇ ਸੱਥਾਂ 'ਚ ਲੱਗਦੀ ਹਾਜ਼ਰੀ ਉਸ ਗ਼ੈਰ-ਹਾਜ਼ਰ ਦੀ।**



# ਬੇਜੋੜ ਕਮਿਊਨਿਸਟ ਸ਼ਖ਼ਸੀਅਤ - ਕਾ. ਸੁਰਜੀਤ ਗਿੱਲ

**- ਡਾ. ਸੁਰਜੀਤ ਬਰਾੜ**

ਬਾਰਾਂ-ਤੇਰਾਂ ਸਾਲਾਂ ਦੀ ਉਮਰ ਤੋਂ ਲੈ ਕੇ ਮਰਨ ਤੱਕ ਸੁਰਜੀਤ ਗਿੱਲ ਕਮਿਊਨਿਸਟ ਰਿਹਾ। ਇਕ ਖ਼ਰਾ, ਇੱਕ ਸੱਚਾ ਸੁੱਚਾ ਕਮਿਊਨਿਸਟ। ਕਮਿਊਨਿਸਟ ਵਿਚਾਰਧਾਰਾ ਨੂੰ ਉਸਨੇ ਫੈਸ਼ਨ ਵਜੋਂ ਨਹੀਂ ਇਕ ਅਣਸਰਦੀ ਲੋੜ ਵਜੋਂ ਅਪਣਾਇਆ ਸੀ। ਕਾ. ਸੁਰਜੀਤ ਗਿੱਲ ਨੇ ਕਮਿਊਨਿਸਟ ਲਹਿਰ ਵਿਚ ਨਿਰਸਵਾਰਥ ਸਾਰੀ ਉਮਰ ਕਾਰਜ ਕੀਤਾ। ਤੇਜਾ ਸਿੰਘ ਸੁਤੰਤਰ ਨੇ ਕਾ. ਗਿੱਲ ਨੂੰ ਕਮਿਊਨਿਸਟ ਬਣਾਇਆ। ਕਮਿਊਨਿਸਟ ਬਣਕੇ ਉਸਨੇ ਨਿਜੀ ਜ਼ਿੰਦਗੀ ਲਈ ਕੁਝ ਨਹੀਂ ਖੱਟਿਆ ਕਮਾਇਆ ਪ੍ਰੰਤੂ ਆਪਣੀ ਸਾਰੀ ਉਮਰ ਕਮਿਊਨਿਸਟ ਲਹਿਰ ਨੂੰ ਸਮਰਪਿਤ ਕਰ ਦਿੱਤੀ। ਕਾ. ਗਿੱਲ ਕਲੱਕੜ ਕਿਸਮ ਦਾ ਕਮਿਊਨਿਸਟ ਨਹੀਂ ਸੀ। ਬਾਹਰੀ ਤੌਰ ਤੇ ਉਸਦਾ ਸੁਭਾਅ (ਕਦੇ-ਕਦੇ ਜਾਪਦਾ) ਅੱਖੜ ਸੀ ਪਰੰਤੂ ਅੰਦਰੂਨੀ ਤੌਰ ਤੇ ਉਹ ਗਿਰੀ ਵਾਂਗ ਨਰਮਦਿਲ ਸੀ। ਕਾਮਰੇਡ ਸੁਰਜੀਤ ਗਿੱਲ ਵਿਚ ਇਕ ਨਹੀਂ ਕਈ ਗੁਣ ਸਨ। ਇਕ ਤਾਂ ਆਪਣੇ ਵਿਚਾਰਾਂ-ਮਾਰਕਸੀ ਫ਼ਲਸਫ਼ੇ ਦੀ ਬਿਨਾ ਤੇ ਕਦੇ ਕਿਸੇ ਨਾਲ ਸਮਝੌਤਾ ਨਹੀਂ ਕਰਦਾ ਸੀ। ਇਸ ਕਾਰਨ ਉਸਨੂੰ ਨਿਜੀ ਜ਼ਿੰਦਗੀ ਵਿਚ ਬਹੁਤ ਘਾਟੇ ਸਹਿਣੇ ਪਏ। ਦੂਜਾ, ਉਹ ਅਮਲ ਅਤੇ ਸਿਧਾਂਤ ਦਾ ਪੂਰਾ ਸੀ ਕਿਉਂਕਿ ਉਹ ਸਿਧਾਂਤ ਨੂੰ ਅਮਲ ਬਾਝੋਂ, ਅਮਲ ਨੂੰ ਸਿਧਾਂਤ ਬਾਝੋਂ ਅੰਨ੍ਹਾ ਸਮਝਦਾ ਸੀ। ਕਾ. ਗਿੱਲ ਨੇ ਅਮਲੀ ਤੌਰ ਤੇ, ਸਿਧਾਂਤਕ ਤੌਰ ਤੇ ਸ਼ਾਇਦ ਹੀ ਕਿਤੇ ਮਾਰ ਖਾਧੀ ਹੋਵੇ। ਉਹ ਕਹਿਣੀ-ਕਰਨੀ ਤੇ ਪੂਰਾ ਉਤਰਦਾ ਸੀ। ਉਹ ਕੱਟੜਵਾਦੀ ਕਮਿਊਨਿਸਟ ਨਹੀਂ ਸੀ। ਕੱਟੜਤਾ ਨੂੰ ਉਹ ਇਕ ਅਲਾਮਤ ਕਿਹਾ ਕਰਦਾ ਸੀ। ਉਸ ਲਈ ਕਮਿਊਨਿਸਟ ਪਾਰਟੀ ਦਾ ਦਰਜਾ ਪ੍ਰਥਮ ਸੀ ਅਤੇ ਘਰ-ਪਰਿਵਾਰ ਦਰਜਾ ਦੋਮ। ਪਰ ਕਾ. ਸੁਰਜੀਤ ਗਿੱਲ ਘਰ-ਪਰਿਵਾਰ ਲਈ ਵਕਤ ਹੀ ਨਹੀਂ ਕੱਢ ਸਕਿਆ। ਉਸਦੇ ਸੰਬੰਧ ਨਾ ਕੇਵਲ ਸੀ.ਪੀ.ਆਈ. ਦੇ ਕਾਮਰੇਡਾਂ ਨਾਲ ਗੂੜ੍ਹੇ ਸਨ ਪਰੰਤੂ ਵੱਖ-ਵੱਖ ਪਾਰਟੀਆਂ ਗਰੁੱਪਾਂ ਦੇ ਨਕਸਲਵਾਦੀਆਂ ਨਾਲ ਵੀ ਸਨੇਹਪੂਰਵਕ ਸਨ। ਵਿਚਾਰਧਾਰਕ ਮੱਤਭੇਦ ਹੋਣ ਕਰਕੇ ਤਾਂ ਕਿਸੇ ਨਾ ਕਿਸੇ ਪਾਰਟੀ ਜਾਂ ਗਰੁੱਪ ਦੀ ਆਲੋਚਨਾ ਕਰ ਦਿੰਦਾ ਸੀ ਪਰੰਤੂ ਕਿਸੇ ਕਾਮਰੇਡ ਨਾਲ ਮੂੰਹ ਮੋਟਾ ਨਹੀਂ ਕੀਤਾ ਸੀ। ਨਿਹਾਲ ਸਿੰਘ ਵਾਲੇ ਸੀ. ਪੀ. ਆਈ. ਦੇ ਕਿਸਾਨ ਨੇਤਾ ਗਿਆਨੀ ਗੁਰਦੇਵ ਸਿੰਘ ਅਤੇ ਮਰਹੂਮ ਕਾ. ਰੁਲਦੂ ਖਾਂ ਨਾਲ ਪੂਰਾ ਮੇਲ ਮਿਲਾਪ ਸੀ। ਵੱਡੇ-ਵੱਡੇ ਅੰਡਰਗਰਾਊਂਡ ਨਕਸਲੀ ਕਾਮਰੇਡਾਂ ਨਾਲ ਵੀ ਉਸਦੀ ਨੇੜਤਾ ਸੀ। ਮੈਂ ਖ਼ੁਦ ਕਾਮਰੇਡ ਗਿੱਲ ਨੂੰ ਦੂਜੀਆਂ ਧਿਰਾਂ ਦੇ ਕਾਮਰੇਡਾਂ ਨਾਲ ਵਰਤਦਿਆਂ ਦੇਖਿਆ ਹੈ। ਛੇਵਾਂ, ਉਸਨੇ ਮਾਰਕਸ, ਏਂਗਲਜ਼, ਲੈਨਿਨ, ਸਟਾਲਿਨ ਅਤੇ ਮਾਉ ਵਰਗੇ ਕਮਿਊਨਿਸਟਾਂ ਦੀਆਂ ਲਿਖਤਾਂ ਨੂੰ ਇੱਕ ਨਹੀਂ ਕਈ ਵਾਰ ਪੜ੍ਹਿਆ ਹੀ ਨਹੀਂ, ਸਗੋਂ ਸਿਧਾਂਤਕ ਤੌਰ ਤੇ ਸੂਝਵਾਨ ਵੀ ਹੋਇਆ। ਅੰਗਰੇਜ਼ੀ ਨਾਵਲਾਂ, ਹਿੰਦੀ ਨਾਵਲਾਂ ਅਤੇ

ਪੰਜਾਬੀ ਨਾਵਲਾਂ ਨੂੰ ਸ਼ੌਕ ਵਜੋਂ ਨਹੀਂ ਇੱਕ ਲੋੜ ਵਜੋਂ ਪੜ੍ਹਿਆ। ਜਿੰਨਾ ਕੁ ਕਾ. ਸੁਰਜੀਤ ਗਿੱਲ ਨੇ ਗਲਪ ਸਾਹਿਤ ਪੜ੍ਹਿਆ-ਵਾਚਿਆ ਸ਼ਾਇਦ ਹੀ ਕਿਸੇ ਬੁੱਧੀਜੀਵੀ, ਲੇਖਕ ਅਤੇ ਕਮਿਊਨਿਸਟ ਨੇ ਪੜ੍ਹਿਆ-ਵਾਚਿਆ ਹੋਵੇ। ਮੈਂ ਅਕਸਰ ਉਸ ਕੋਲ ਜਾਂਦਾ ਰਹਿੰਦਾ ਸਾਂ, ਉਹ ਕੁਝ ਨਾ ਕੁਝ ਪੜ੍ਹਦਿਆਂ ਨਜ਼ਰ ਆਉਂਦਾ। ਕਾ. ਗਿੱਲ ਦੀ 21 ਜੂਨ ਨੂੰ ਸਵੇਰੇ 6 ਕੁ ਵਜੇ ਮੌਤ ਹੁੰਦੀ ਹੈ ਅਤੇ ਉਹ 20 ਜੂਨ ਨੂੰ 9 ਵਜੇ ਤੱਕ ਪੜ੍ਹਦਾ ਰਿਹਾ। ਸਵੇਰੇ ਉੱਠਣ ਸਾਰ ਵੀ ਘੁੱਟ ਚਾਹ ਪੀ ਕੇ ਪੜ੍ਹਨ ਹੀ ਬੈਠ ਜਾਂਦਾ ਸੀ। ਨਿੱਠ ਕੇ ਪੜ੍ਹਨ ਦੀ ਮੇਰੀ ਰੁਚੀ ਕਾ. ਗਿੱਲ ਨੇ ਹੀ ਬਣਾਈ ਜਿਹੜੀ ਅੱਜ ਕਾ. ਗਿੱਲ ਵਾਂਗ ਮੇਰੀ ਲੋੜ ਬਣ ਗਈ ਹੈ। ਉਹ ਆਪਣੇ ਆਪ ਨੂੰ ਕਾਮਰੇਡ ਕਹਾ ਕੇ ਬੇਹੱਦ ਖੁਸ਼ੀ ਮਹਿਸੂਸ ਕਰਦਾ ਸੀ। ਜਿਸ ਖੇਤਰ ਵਿਚ ਪਾਰਟੀ ਕੰਮ ਕਰਦਾ ਸੀ ਉਥੇ ਵੀ ਉਸਨੂੰ ਕਾਮਰੇਡ ਕਿਹਾ ਜਾਂਦਾ, ਸਾਡੇ ਪਿੰਡ ਘੋਲੀਆਂ ਕਲਾਂ ਵਿਚ ਵੀ ਉਸਨੂੰ ਬੁਲਾਉਣ ਵਾਲਾ ਹਰ ਵਿਅਕਤੀ ਕਾਮਰੇਡ ਕਹਿ ਕੇ ਸੰਬੋਧਿਤ ਹੁੰਦਾ ਸੀ। ਉਹ ਕਾਮਰੇਡ ਇਸ ਕਰਕੇ ਕਹਾਉਂਦਾ ਸੀ ਕਿਉਂਕਿ ਉਹ ਇਸ ਸ਼ਬਦ ਨੂੰ ਪਵਿੱਤਰ ਗਰਦਾਨਦਾ ਸੀ। ਉਸਦੀ ਇਹ ਇੱਛਾ ਵੀ ਸੀ ਕਿ ਲੋਕ ਸਾਨੂੰ (ਸਾਡੀ ਕਮਜ਼ੋਰੀ ਕਾਰਨ) ਕਾਮਰੇਡ ਦੀ ਥਾਂ ਕੰਮਰੇੜ ਨਾ ਕਹਿਣ। ਉਹ ਪਿੰਡਾਂ ਅਤੇ ਸ਼ਹਿਰਾਂ ਵਿਚ ਇਸ ਸ਼ਬਦ ਨੂੰ ਪ੍ਰਚਲਿਤ ਕਰਨਾ ਚਾਹੁੰਦਾ ਸੀ। ਭਾਵੇਂ ਇਹ ਠੀਕ ਹੈ ਕਿ ਇਹ ਸ਼ਬਦ ਵੀ ਆਪਣੀ ਥਾਂ ਤੇ ਮਹੱਤਵਪੂਰਨ ਹੈ ਪ੍ਰੰਤੂ ਇਸ ਤੋਂ ਵੀ ਵੱਧ ਕਮਿਊਨਿਸਟਾਂ ਦੇ ਕੰਮ ਮਹੱਤਵਪੂਰਨ ਹਨ। ਇਹੀ ਕਾਰਨ ਸੀ ਉਹ ਭੁੱਖਾ-ਪਿਆਸਾ ਰਹਿ ਕੇ ਕਮਿਊਨਿਸਟ ਲਹਿਰ 'ਚ ਕਾਰਜਰਤ ਅਤੇ ਸੰਘਰਸ਼ਰਤ ਰਿਹਾ।

ਕਾਮਰੇਡ ਗਿੱਲ ਜਿੱਥੇ ਕਮਿਊਨਿਸਟ ਲਹਿਰ ਪ੍ਰਤੀ ਸਮਰਪਿਤ ਸੀ, ਇਸ ਕਾਰਨ ਉਸਦਾ ਕਾਮਰੇਡ ਹੋਣਾ ਵੀ ਸੀ। ਫਿਰ ਵੀ ਉਹ ਭਾਵਨਾਸ਼ੀਲ, ਸੰਵੇਦਨਸ਼ੀਲ, ਬੇਡਰ, ਇਮਾਨਦਾਰ ਅਤੇ ਸੁਹਿਰਦ ਕਾਮਰੇਡ ਸੀ। ਉਹ ਅੰਦਰੋਂ ਬਾਹਰੋਂ ਇਕੋ ਜਿਹਾ ਸੀ। ਨੌਵਾਂ ਕਾਮਰੇਡ ਦੀ ਰਹਿਤਲ-ਬਹਿਤਲ ਸਾਦੀ ਸੀ। ਉਹ ਕੱਪੜਿਆਂ ਤੇ ਨਹੀਂ ਕੰਮ ਤੇ ਜ਼ੋਰ ਦਿੰਦਾ, ਵਿਹਲਾ ਹੁੰਦਾ ਸਾਹਿਤ ਪੜ੍ਹਦਾ। ਉਸਦਾ ਖਾਣ-ਪੀਣ ਬੇਹੱਦ ਸਾਦਾ ਸੀ। ਜੋ ਮਿਲ ਗਿਆ ਸੋ ਖਾ ਲਿਆ। ਉਹ ਕਿਸੇ ਵੀ ਥਾਂ ਤੇ, ਕਿਸੇ ਵੀ ਘਰ ਮੰਜੇ ਤੇ ਬਹਿ ਕੇ, ਖੜ੍ਹ ਕੇ ਖਾ ਸਕਦਾ ਸੀ। ਮੈਂ ਅਕਸਰ ਉਸ ਬਾਰੇ ਲੇਖਕ ਮਿੱਤਰਾਂ 'ਚ ਗੱਲ ਕਰਿਆ ਕਰਦਾ - "ਬਈ ਕਾ. ਗਿੱਲ ਦਾ ਰਹਿਣ-ਸਹਿਣ ਅਤੇ ਖਾਣ-ਪੀਣ ਸਾਦਾ ਪਰ ਸੋਚ ਅੰਬਰ ਤੋਂ ਉੱਚੀ।" ਦਸਵਾਂ - ਖ਼ੂਨ ਦੇ ਨਾਤਿਆਂ ਦੇ ਨਾਲੋਂ-ਨਾਲ ਕਾ. ਗਿੱਲ ਨੇ ਆਦਰਸ਼ ਦੇ ਨਾਤੇ ਵੀ ਬਣਾਏ। ਸਦਾਚਾਰਕ ਅਤੇ ਨੈਤਿਕ ਪੱਖੋਂ ਕਾ. ਗਿੱਲ ਇਕ ਵੱਡੀ ਸ਼ਖ਼ਸੀਅਤ ਸੀ, ਇਸ ਕਾਰਨ ਹੀ ਉਸਦਾ ਸਿਰਜਿਆ ਹਰ ਆਦਰਸ਼ਕ ਨਾਤਾ ਉਸ ਨਾਲ ਨਿਭਿਆ। ਕਾ. ਗਿੱਲ ਆਪਣੇ ਰਿਸ਼ਤਿਆਂ ਨੂੰ ਜੋ ਹੁਕਮ ਕਰਦਾ, ਜੋ ਡਿਊਟੀ ਲਾਉਂਦਾ, ਅਗਲੇ ਹੱਸ-ਹੱਸ



ਕਰਦੇ, ਕਦੇ ਮੱਥੇ ਵੱਟ ਨਾ ਪਾਉਂਦੇ। ਉਹ ਕਿਸੇ ਦਾ ਬਾਈ, ਕਿਸੇ ਦਾ ਵੀਰ, ਕਿਸੇ ਦਾ ਪਿਉ, ਕਿਸੇ ਦਾ ਚਾਚਾ ਤਾਇਆ ਸੀ। ਸਿਮਰਜੀਤ ਸਿੰਮੀ (ਕੜਿਆਲਵੀ ਦੀ ਪਤਨੀ), ਅਨੰਤ ਗਿੱਲ (ਬੇਅੰਤ ਗਿੱਲ ਦੀ ਪਤਨੀ) ਅਤੇ ਅੰਗਹੀਣ ਲੜਕੀ ਹਰਪਿੰਦਰ ਰਾਣਾ ਵਰਗੀਆਂ ਕਿੰਨੀਆਂ ਹੀ ਕੁੜੀਆਂ ਦਾ ਉਹ ਪਿਉ ਸੀ। ਵੈਸੇ ਵੀ ਉਹ ਕੁੜੀਆਂ ਨੂੰ ਬਹੁਤ ਪਿਆਰ ਕਰਦਾ ਸੀ। ਕਾ. ਗਿੱਲ ਦੀ ਧਾਰਨਾ ਸੀ- "ਕੁੜੀਆਂ ਨੂੰ ਲੋਕ ਪਿਆਰ ਨਹੀਂ ਕਰਦੇ, ਇਹ ਬਹੁਤ ਮੋਹਖ਼ੋਰੀਆਂ ਅਤੇ ਸੰਵੇਦਨਸ਼ੀਲ ਹੁੰਦੀਆਂ ਹਨ। ਇਨ੍ਹਾਂ ਦੀ ਅਗਵਾਈ ਕਰਨੀ, ਇਨ੍ਹਾਂ ਨੂੰ ਇਨ੍ਹਾਂ ਦੇ ਹੱਕਾਂ ਦੀ ਚੇਤਨਾ ਦੇਣੀ, ਇਨ੍ਹਾਂ ਨੂੰ ਪਿਆਰ ਕਰਨਾ ਬੇਹੱਦ ਜ਼ਰੂਰੀ ਹੈ।" ਵਾਸਤਵ ਵਿਚ ਕਾਮਰੇਡ ਗਿੱਲ ਨਵ-ਯਥਾਰਥ ਦਾ ਧਾਰਨੀ ਸੀ। ਉਹ ਲੜਕੀਆਂ ਨੂੰ ਪੜ੍ਹਨ, ਜੀਨਾਂ ਪਾਉਣ, ਮਨਮਰਜ਼ੀ ਨਾਲ ਵਿਆਹ ਕਰਾਉਣ ਲਈ ਅਕਸਰ ਪ੍ਰੇਰਿਤ ਕਰਦਾ ਸੀ। ਇਹੋ ਕਾਰਨ ਸੀ ਕਿ ਜੋ ਵੀ ਲੜਕੀ ਉਸ ਨਾਲ ਸੰਪਰਕ ਕਰਦੀ ਤਾਂ ਉਹ ਕਾਮਰੇਡ ਗਿੱਲ ਦੀ ਧੀ ਬਣ ਜਾਂਦੀ। ਡਾ. ਬਲਜੀਤ ਕੌਰ ਬੱਲੀ ਵਰਗੀਆਂ ਅਨੇਕ ਔਰਤਾਂ ਉਸਦੀਆਂ ਮੂੰਹ ਬੋਲੀਆਂ ਭੈਣਾਂ ਸਨ। ਦਰਸ਼ਨ ਸਿੰਘ ਗਿੱਲ ਅਤੇ ਸ਼ਾਹ ਚਮਨ ਵਰਗੇ ਉਸਦੇ ਪੱਗ ਵੱਟ ਭਰਾ ਸਨ। ਰਾਮ ਸਰੂਪ ਅਣਖੀ, ਇੰਦਰ ਸਿੰਘ ਖਾਮੋਸ਼, ਮਿੱਤਰ ਸੈਨ ਮੀਤ, ਬਲਦੇਵ ਸਿੰਘ, ਕੇ. ਐਲ. ਗਰਗ, ਡਾ. ਐਸ. ਤਰਸੇਮ ਵਰਗੇ ਅਨੇਕ ਸਾਹਿਤਕਾਰ ਉਸਦੇ ਸਾਹਿਤਕ ਮਿੱਤਰ (ਦੋਸਤ ਵੀ) ਸਨ। ਹਰਭਜਨ ਸਿੰਘ ਹੁੰਦਲ ਵਰਗੇ ਉਸਦੇ ਨੇੜਲੇ ਸੰਗੀ ਸਾਥੀ ਸਨ। ਪਰ ਮੇਰੀ ਇਹ ਧਾਰਨਾ ਹੈ ਕਿ ਸਾਹਿਤਕ ਖੇਤਰ ਵਿਚ ਕਾ. ਗਿੱਲ ਦੀ ਉਤਨੀ ਹੀ ਮਾਨਤਾ ਸੀ, ਜਿੰਨੀ ਕਮਿਊਨਿਸਟਾਂ ਵਿਚ। ਪਿੱਛੇ ਜਿਹੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਵਿਚ ਕਾ. ਗਿੱਲ ਦਾ ਬਹੁਤ ਵੱਡਾ ਰੋਲ ਰਿਹਾ ਅਤੇ ਉਸਦੇ ਕਹੇ ਅਨੁਸਾਰ ਹੀ ਵੱਡੀ ਗਿਣਤੀ 'ਚ ਲੇਖਕਾਂ ਨੇ ਵੋਟਾਂ ਪਾਈਆਂ ਸਨ। ਮੇਰੇ ਸਮੇਤ ਹਜ਼ਾਰਾਂ ਬੁੱਧੀਜੀਵੀ, ਸਾਹਿਤਕਾਰ, ਕਮਿਊਨਿਸਟ ਹੀ ਨਹੀਂ ਹੋਰ ਤਬਕਿਆਂ ਦੇ ਵਿਅਕਤੀ ਵੀ ਉਸਦੇ ਆਦਰਸ਼ਕ ਨਾਤੇ ਸਨ। ਉਹ ਮਹਿਜ਼ ਕਮਿਊਨਿਸਟ ਹੀ ਨਹੀਂ ਸੀ ਸਗੋਂ ਸਾਹਿਤਕ ਖੇਤਰ ਵਿਚ ਵੀ ਵੱਡਾ ਹਸਤਾਖ਼ਰ ਸੀ। ਉਸ ਨੂੰ ਮਾਰਕਸਵਾਦੀ ਆਲੋਚਕ ਦੇ ਤੌਰ ਤੇ ਸਵੀਕਾਰਿਆ ਅਤੇ ਸਤਿਕਾਰਿਆ ਜਾਂਦਾ ਸੀ। ਬਤੌਰ ਆਲੋਚਕ ਉਸਦੀਆਂ ਗਲਪ ਸਾਹਿਤ ਤੇ ਕੀਤੀਆਂ ਟਿੱਪਣੀਆਂ ਨੂੰ ਉਲੱਦਣਾ ਅਸੰਭਵ ਹੁੰਦਾ ਸੀ। ਅਕਾਦਮਿਕ ਖੇਤਰ ਵਿਚ ਵੀ ਉਸਨੂੰ ਮਾਨਤਾ ਮਿਲੀ ਹੋਈ ਸੀ। ਜਿੰਨ੍ਹਾ ਖੇਤਰਾਂ ਵਿਚ ਕਾ. ਗਿੱਲ ਨੇ ਕਾਰਜ ਕੀਤਾ ਉਨ੍ਹਾਂ ਖੇਤਰਾਂ ਵਿਚ ਉਸਦੇ ਨਾਂ ਦੀ ਤੂਤੀ ਅੱਜ ਵੀ ਬੋਲਦੀ ਹੈ। ਇਹੋ ਕਾਰਨ ਸੀ ਕਿ ਪਾਰਟੀ ਲਈ ਉਹ ਫੰਡ ਵਜੋਂ ਵੱਡੀ ਧਨ ਰਾਸ਼ੀ ਇਕੱਠੀ ਕਰ ਲੈਂਦਾ ਸੀ। ਜਿਸ ਤੋਂ ਜਿੰਨੇ ਰੁਪਏ ਮੰਗੇ, ਉਸਨੂੰ ਅਗਲਾ ਨਾਂਹ ਨਾ ਕਰਦਾ। ਕੁਝ ਦੋਸਤ/ ਕਮਿਊਨਿਸਟ ਉਸਨੂੰ ਛਿਮਾਹੀ ਫੰਡ ਦਿੰਦੇ ਸਨ। ਕੁਝ ਪਾਰਟੀ ਹਮਦਰਦ ਵੀ ਉਸਨੂੰ ਬੱਝਵਾਂ ਫੰਡ ਮੁਹੱਈਆ ਕਰਦੇ ਸਨ। ਇਕ ਪਾਰਟੀ ਹਮਦਰਦ ਸ਼ਾਮ ਲਾਲ ਕਾਸ਼ੀਪੁਰ (ਉਤਰਾਂਚਲ) ਹਰ

# ਸਾਹਿਤਕ ਗੁਰੂ ਦਾ ਵਿਛੋੜਾ

**- ਇੰਦਰ ਸਿੰਘ ਖਾਮੋਸ਼**

ਕਾਮਰੇਡ ਸੁਰਜੀਤ ਗਿੱਲ ਦੀ ਮੌਤ ਦੀ ਖਬਰ ਸੁਣ ਕੇ ਮਹਿਸੂਸ ਹੋਇਆ ਜਿਵੇਂ ਮੇਰੇ ਸਿਰ ਉਪਰੋਂ ਕਿਸੇ ਹਮਦਰਦ ਸਰਪ੍ਰਸਤ ਦਾ ਸਾਇਆ ਉੱਠ ਗਿਆ ਹੋਵੇ ਅਤੇ ਮੈਂ ਯਤੀਮ ਹੋ ਗਿਆ ਹੋਵਾਂ।

ਕਾਮਰੇਡ ਸੁਰਜੀਤ ਗਿੱਲ ਭਾਵੇਂ ਮੇਰਾ ਹਾਣੀ ਸੀ ਪਰ ਮੇਰੇ ਮਨ ਵਿਚ ਉਸਦਾ ਏਨਾ ਸਤਿਕਾਰ ਅਤੇ ਸ਼ਰਧਾ ਹੈ ਕਿ ਮੈਂ ਉਨ੍ਹਾਂ ਨੂੰ ਆਪਣਾ ਸਾਹਿਤਕ ਗੁਰੂ ਮੰਨਦਾ ਸੀ। ਉਹ ਮੇਰਾ ਪ੍ਰੇਰਨਾ ਸ੍ਰੋਤ ਅਤੇ ਪੱਥ ਪ੍ਰਦਰਸ਼ਕ ਸੀ। ਮੇਰੇ ਲਈ ਉਸਦੀ ਮੌਤ ਅਜਿਹਾ ਸਦਮਾ ਹੈ ਜਿਸਨੂੰ ਮੈਂ ਕਦੇ ਭੁੱਲ ਨਹੀਂ ਸਕਾਂਗਾ। ਮੇਰੀਆਂ ਇਨ੍ਹਾਂ ਭਾਵਨਾਵਾਂ ਪਿੱਛੇ ਇੱਕ ਕਹਾਣੀ ਹੈ। ਜਿਹੜੀ ਮੈਨੂੰ ਕਾਮਰੇਡ ਸੁਰਜੀਤ ਗਿੱਲ ਦੀ ਘਾਟ ਬੁਰੀ ਤਰ੍ਹਾਂ ਮਹਿਸੂਸ ਕਰਵਾ ਰਹੀ ਹੈ।

ਗੱਲ 1978 ਦੀ ਹੈ, ਜਦ ਮੇਰਾ ਪਹਿਲਾ ਨਾਵਲ 'ਰਿਸ਼ਤਿਆਂ ਦੇ ਰੰਗ' ਪ੍ਰਕਾਸ਼ਿਤ ਹੋਇਆ ਸੀ। ਮੇਰੇ ਇੱਕ ਦੋਸਤ ਨੇ ਮੈਨੂੰ ਸਲਾਹ ਦਿੱਤੀ ਕਿ ਮੈਨੂੰ ਆਪਣਾ ਨਾਵਲ ਕਾਮਰੇਡ ਸੁਰਜੀਤ ਗਿੱਲ ਨੂੰ ਵੀ ਭੇਜਣਾ ਚਾਹੀਦਾ ਕਿਉਂਕਿ ਸੁਰਜੀਤ ਗਿੱਲ ਵੱਲੋਂ ਕੀਤੇ ਨਵੀਆਂ ਪ੍ਰਕਾਸ਼ਿਤ ਪੁਸਤਕਾਂ ਦੇ ਰੀਵਿਊ ਅਖ਼ਬਾਰਾਂ, ਰਸਾਲਿਆਂ ਵਿਚ ਛਪਦੇ ਰਹਿੰਦੇ ਹਨ। ਉਹ ਤੇਰੇ ਨਾਵਲ ਦਾ ਰੀਵਿਊ ਵੀ ਕਰੇਗਾ।

ਉਸ ਸਮੇ ਉਨ੍ਹਾਂ ਬਾਰੇ ਮੈਂ ਸਿਰਫ਼ ਏਨਾ ਹੀ ਜਾਣਦਾ ਸੀ ਕਿ ਉਹ ਪਿੰਡ ਘੱਗਾ (ਪਟਿਆਲਾ) ਦੇ ਰਹਿਣ ਵਾਲੇ ਮੇਰੇ ਇਕ ਵਿਦਿਆਰਥੀ ਬਲਵਿੰਦਰ ਗਿੱਲ ਦਾ ਵੱਡਾ ਭਰਾ ਹੈ। ਬਲਵਿੰਦਰ 1955-56 ਵਿਚ ਸਰਕਾਰੀ ਹਾਈ ਸਕੂਲ ਕੌਹਰੀਆਂ (ਸੰਗਰੂਰ) ਵਿਚ ਪੜ੍ਹਦਾ ਸੀ ਜਿੱਥੇ ਮੈਂ ਅਧਿਆਪਕ ਸਾਂ। ਸੁਰਜੀਤ ਗਿੱਲ ਕਦੇ-ਕਦੇ ਉਸਨੂੰ ਮਿਲਣ ਆਇਆ ਕਰਦਾ ਸੀ ਅਤੇ ਬਲਵਿੰਦਰ ਉਸਨੂੰ ਆਪਣਾ ਵੱਡਾ ਭਰਾ ਦੱਸਿਆ ਕਰਦਾ ਸੀ। ਕੌਹਰੀਆਂ ਤੋਂ ਬਦਲੀ ਹੋਣ ਪਿੱਛੋਂ ਜਦ ਕਦੀ ਸੁਰਜੀਤ ਗਿੱਲ ਮੈਨੂੰ ਸਾਹਿਤਕ ਸਮਾਗਮ ਵਿਚ ਮਿਲਦਾ, ਮੈਂ ਉਸਨੂੰ ਬਲਵਿੰਦਰ ਦਾ ਵੱਡਾ ਭਰਾ ਸਮਝ ਕੇ ਉਸਨੂੰ ਬਲਵਿੰਦਰ ਬਾਰੇ ਜ਼ਰੂਰ ਪੁੱਛਦਾ।

ਪ੍ਰਗਤੀਸ਼ੀਲ ਅਖ਼ਬਾਰਾਂ, ਰਸਾਲਿਆਂ ਵਿਚ ਸੁਰਜੀਤ ਗਿੱਲ ਦੇ ਲੇਖ ਅਕਸਰ ਛਪਦੇ ਰਹਿੰਦੇ ਸਨ। ਦਿੱਲੀ ਤੋਂ ਪ੍ਰਕਾਸ਼ਤ ਹੋਣ ਵਾਲੇ ਮਾਸਿਕ ਪੱਤਰ 'ਸੇਧ' ਵਿਚ ਉਹ ਬਹੁਤ ਛਪਦਾ। ਉਸ ਵੱਲੋਂ ਲਿਖੇ ਲੇਖਾਂ ਵਿਚ ਉਸਦੀ ਮਾਰਕਸਵਾਦੀ ਸੋਚ ਝਲਕਦੀ। ਉਹ ਮਾਰਕਸਵਾਦੀ ਚਿੰਤਕਾਂ ਅਤੇ ਪ੍ਰਸਿੱਧ ਰੂਸੀ ਲੇਖਕਾਂ ਦੀਆਂ ਲਿਖਤਾਂ ਵਿਚੋਂ ਹਵਾਲੇ ਦੇ ਕੇ ਆਪਣੀ ਗੱਲ ਦੀ ਪ੍ਰੋੜਤਾ ਕਰਦਾ। ਮੈਂ ਉਸਦੀ ਲਿਖਣ ਸ਼ੈਲੀ ਤੋਂ ਵੀ ਪ੍ਰਭਾਵਿਤ ਸਾਂ।

1978 ਵਿਚ ਕਾਮਰੇਡ ਸੁਰਜੀਤ ਗਿੱਲ ਨੂੰ ਮੈਂ ਸਿਰਫ਼ ਏਨਾ ਕੁ ਹੀ ਜਾਣਦਾ ਸੀ। ਸੰਤਾਲੀ ਸਾਲ ਦੀ ਉਮਰ ਵਿਚ ਪ੍ਰਕਾਸ਼ਿਤ ਹੋਇਆ 'ਰਿਸ਼ਤਿਆਂ ਦੇ ਰੰਗ' ਮੇਰਾ ਪਹਿਲਾ



ਨਾਵਲ ਸੀ। ਸੋਚਿਆ ਮੇਰਾ ਇਹ ਨਾਵਲ ਸਾਹਿਤਕਾਰਾਂ ਅਤੇ ਆਲੋਚਕਾਂ ਕੋਲ ਤਾਂ ਪਹੁੰਚਣਾ ਹੀ ਚਾਹੀਦਾ ਸੀ। ਕਰਤਾਰ ਸਿੰਘ ਦੁੱਗਲ ਵਰਗੇ ਕਈ ਪ੍ਰਸਿੱਧ ਸਾਹਿਤਕਾਰਾਂ ਨੂੰ ਨਾਵਲ ਭੇਜਣ ਪਿੱਛੋਂ ਮੈਂ ਜਦ ਸੁਰਜੀਤ ਗਿੱਲ ਨੂੰ ਨਾਵਲ ਭੇਜਣ ਲਈ ਪੈਕੇਟ ਤਿਆਰ ਕਰ ਲਿਆ ਤਾਂ ਮੇਰੇ ਕੋਲ ਉਸਦਾ ਪਤਾ ਵੀ ਨਹੀਂ ਸੀ। ਜਦ ਰਾਮ ਸਰੂਪ ਅਣਖੀ ਨੇ ਮੈਨੂੰ ਸੁਰਜੀਤ ਗਿੱਲ ਦਾ ਪਤਾ ਦੱਸਿਆ ਤਾਂ ਮੈਂ ਸੁਣ ਕੇ ਹੈਰਾਨ ਹੋ ਗਿਆ ਕਿ ਉਸ ਦਾ ਅਸਲੀ ਪਿੰਡ ਘੋਲੀਆਂ ਕਲਾਂ (ਫਰੀਦਕੋਟ) ਸੀ, ਘੱਗਾ (ਪਟਿਆਲਾ) ਨਹੀਂ ਸੀ। ਨਾਵਲ ਤਾਂ ਡਾਕ ਰਾਹੀਂ ਭੇਜ ਦਿੱਤਾ ਪਰ ਮਨ ਵਿਚ ਦੁਬਿਧਾ ਬਣੀ ਰਹੀ ਕਿ ਸੁਰਜੀਤ ਗਿੱਲ ਦਾ ਪਤਾ ਗਲਤ ਲਿਖਿਆ ਗਿਆ ਸੀ।

ਉਹ ਦਿਨ ਮੇਰੀ ਜ਼ਿੰਦਗੀ ਵਿਚ ਬਹੁਤ ਵੱਡੀ ਖੁਸ਼ੀ ਦਾ ਦਿਨ ਸੀ ਜਿਸ ਦਿਨ ਮੈਨੂੰ ਸੁਰਜੀਤ ਗਿੱਲ ਦੀ ਚਿੱਠੀ ਮਿਲੀ। ਨਾਵਲ ਉਸਨੂੰ ਮਿਲ ਗਿਆ ਸੀ ਅਤੇ ਉਸਨੇ ਲਿਖਿਆ ਸੀ,

.... ਮੈਂ ਸਮਝਦਾ ਹਾਂ ਕਿ ਨਾਵਲ ਪੱਕੇ ਜਜ਼ਬਿਆਂ ਅਤੇ ਤਜ਼ਰਬਿਆਂ ਪਿੱਛੋਂ ਹੀ ਲਿਖਿਆ ਜਾਣਾ ਚਾਹੀਦਾ ਹੈ। ਤੇਰਾ ਨਾਵਲ 'ਰਿਸ਼ਤਿਆਂ ਦੇ ਰੰਗ' ਇਸ ਗੱਲ ਦਾ ਸਬੂਤ ਹੈ। ਤੂੰ ਹਾਲੇ ਘੱਟੋ-ਘੱਟ ਦੋ ਸਾਲ ਹੋਰ ਨਾਵਲ ਨਾ ਲਿਖੀਂ। ਤੈਨੂੰ 'ਥੋਕ ਲਿਖਾਰੀ' ਬਣਨ ਦੀ ਲੋੜ ਨਹੀਂ। ਤੇਰਾ ਇਕੋ ਨਾਵਲ ਤੈਨੂੰ ਨਾਵਲਕਾਰ ਬਣਾਉਣ ਲਈ ਕਾਫ਼ੀ ਹੈ। ਤੇਰਾ ਨਾਵਲ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਤੋਂ ਜੇ ਵੱਧ ਨਹੀਂ ਤਾਂ ਉਸਦੇ ਬਰਾਬਰ ਜ਼ਰੂਰ ਹੈ। ਤੁਸੀਂ ਬਰਨਾਲੇ ਗੋਸ਼ਟੀ ਕਰਵਾਉਣ ਦਾ ਪ੍ਰਬੰਧ ਕਰੋ। ਮੈਂ ਇਸ ਨਾਵਲ ਬਾਰੇ ਪੇਪਰ ਲਿਖਾਂਗਾ।"

ਪ੍ਰਸ਼ੰਸਾ ਭਰੀਆਂ ਚਿੱਠੀਆਂ ਤਾਂ ਹੋਰ ਵੀ ਬਹੁਤ ਸਾਰੇ ਸਾਹਿਤਕਾਰਾਂ ਅਤੇ ਸੂਝਵਾਨ ਪਾਠਕਾਂ ਦੀਆਂ ਆਈਆਂ ਸਨ, ਪਰ ਸੁਰਜੀਤ ਗਿੱਲ ਵਾਂਗ ਪੇਪਰ ਲਿਖਣ ਦੀ ਪੇਸ਼ਕਸ਼ ਹੋਰ ਕਿਸੇ ਵਿਦਵਾਨ ਨੇ ਨਹੀਂ ਕੀਤੀ ਸੀ। ਉਹਨੀਂ ਦਿਨੀਂ ਲਿਟਰੇਰੀ ਸਟੱਡੀ ਸਰਕਲ ਬਰਨਾਲਾ ਨੇ ਸਾਹਿਤਕ ਪੁਸਤਕਾਂ ਉੱਪਰ ਗੋਸ਼ਟੀਆਂ ਕਰਵਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਪ੍ਰੋ. ਰਵਿੰਦਰ ਭੱਠਲ ਲਿਟਰੇਰੀ ਸਟੱਡੀ ਸਰਕਲ ਦਾ ਸਕੱਤਰ ਸੀ। ਮੈਂ ਉਸ ਨਾਲ ਸੁਰਜੀਤ ਗਿੱਲ ਵਲੋਂ ਨਾਵਲ 'ਰਿਸ਼ਤਿਆਂ ਦੇ ਰੰਗ' ਉਪਰ ਗੋਸ਼ਟੀ ਲਈ ਪੇਪਰ ਲਿਖਣ ਦੀ ਪੇਸ਼ਕਸ਼ ਦਾ ਜ਼ਿਕਰ ਕੀਤਾ। ਉਸਨੇ ਮੇਰੇ ਨਾਵਲ ਤੇ ਗੋਸ਼ਟੀ ਕਰਵਾਉਣ ਦੀ ਮੇਰੀ ਬੇਨਤੀ ਸਵੀਕਾਰ ਕਰ ਲਈ।

ਕਾਮਰੇਡ ਸੁਰਜੀਤ ਗਿੱਲ ਨੇ ਆਪਣੇ ਵਾਅਦੇ ਅਨੁਸਾਰ ਪੇਪਰ ਲਿਖ ਕੇ ਮੈਨੂੰ ਭੇਜ ਦਿੱਤਾ। ਲਿਟਰੇਰੀ ਸਟੱਡੀ ਸਰਕਲ ਵਾਲਿਆਂ ਨੇ ਪੇਪਰ ਛਪਵਾ ਕੇ ਬਰਨਾਲੇ ਸਾਹਿਤਕਾਰਾਂ ਅਤੇ ਵਿਦਵਾਨਾਂ ਵਿਚ ਵੰਡ ਦਿੱਤਾ।

ਗੋਸ਼ਟੀ ਲਈ ਮਿਤੀ 3-9-1978 ਨਿਸ਼ਚਿਤ ਕੀਤੀ ਗਈ। ਗੋਸ਼ਟੀ ਵਾਲੇ ਦਿਨ

ਸੁਰਜੀਤ ਗਿੱਲ ਮੇਰੇ ਘਰ ਆਇਆ, ਖਾਣਾ ਉਸਨੇ ਮੇਰੇ ਕੋਲ ਹੀ ਖਾਣਾ ਸੀ। ਮੇਰੇ ਦਿਮਾਗ ਵਿਚ 'ਘੱਗਾ' ਅਤੇ ਘੋਲੀਆਂ ਕਲਾਂ ਸੁਰਜੀਤ ਗਿੱਲ ਦਾ ਅਸਲੀ ਪਿੰਡ ਹੋਣ ਲਈ ਗੁੱਥਮ-ਗੁੱਥਾ ਹੋ ਰਹੇ ਸਨ। ਮੇਰੇ ਦਿਮਾਗ ਵਿਚ ਕਈ ਪ੍ਰਸ਼ਨ ਸਨ। ਮੈਂ ਜਾਣਨਾ ਚਾਹੁੰਦਾ ਸੀ ਕਿ ਜੇ ਉਸਦਾ ਅਸਲੀ ਪਿੰਡ ਘੋਲੀਆਂ ਕਲਾਂ ਹੈ ਤਾਂ ਉਹ 'ਘੱਗੇ' ਕਿਉਂ ਰਹਿੰਦਾ ਸੀ। ਮੇਰੇ ਵਿਦਿਆਰਥੀ ਬਲਵਿੰਦਰ ਸਿੰਘ ਨਾਲ ਉਸਦਾ ਕੀ ਰਿਸ਼ਤਾ ਸੀ? ਉਸ ਨੇ ਦੱਸਿਆ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਵਿਚਾਰਧਾਰਾ ਦਾ ਸਮਰਥਕ ਹੋਣ ਕਾਰਨ 'ਘੱਗੇ' ਦੀ ਰਿਹਾਇਸ਼ ਉਸਦੇ ਅਗਿਆਤਵਾਸ ਦਾ ਸਮਾਂ ਸੀ। ਉਸ ਦੀਆਂ ਛੁਪਣ ਵਾਲੀਆਂ ਥਾਵਾਂ ਵਿਚੋਂ ਇੱਕ ਥਾਂ ਬਲਵਿੰਦਰ ਦੇ ਪਿਤਾ ਦਾ ਘਰ ਸੀ। ਬਲਵਿੰਦਰ ਦੇ ਪਿਤਾ ਨਾਲ ਵਿਚਾਰਧਾਰਕ ਸਾਂਝ ਹੋਣ ਕਾਰਨ ਬਲਵਿੰਦਰ ਉਸਨੂੰ ਆਪਣਾ ਵੱਡਾ ਭਰਾ ਸਮਝਦਾ ਸੀ।

ਉਸ ਦੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਉਹ ਬਚਪਨ ਤੋਂ ਹੀ ਕ੍ਰਾਂਤੀਕਾਰੀ ਸੁਭਾਅ ਦਾ ਮਾਲਕ ਸੀ। ਪਿਤਾ ਨਾਲ ਮਤਭੇਦਾਂ ਕਾਰਨ ਪੜ੍ਹਾਈ ਵਿਚਾਲੇ ਛੱਡ ਕੇ ਘਰੋਂ ਭੱਜ ਗਿਆ ਸੀ। ਪਰ ਉਸਨੇ ਦੁਨੀਆਂ ਭਰ ਦਾ ਸਾਹਿਤ ਪੜ੍ਹ ਰੱਖਿਆ ਸੀ। ਹੁਣ ਉਹ ਮਾਰਕਸਵਾਦੀ ਪਾਰਟੀ ਦਾ 'ਹੋਲ ਟਾਈਮਰ' ਸੀ।

ਨਾਵਲ 'ਰਿਸ਼ਤਿਆਂ ਦੇ ਰੰਗ' ਦੀ ਤਾਰੀਫ਼ ਕਰਦਾ ਹੋਇਆ ਉਹ ਆਖ ਰਿਹਾ ਸੀ, ਤੇਰਾ ਨਾਵਲ ਇੱਕ ਚੇਤਨ ਕਲਾ ਕਿਰਤ ਹੈ। ਤੂੰ ਇਸ ਵਿੱਚ ਜਾਗੀਰਦਾਰੀ ਢਾਂਚੇ ਨੂੰ ਖੇਰੂ ਖੇਰੂ ਹੁੰਦਾ ਦਿਖਾਇਆ ਹੈ। ਇਸ ਨਾਵਲ ਦੇ ਪਾਤਰ ਜਾਗੀਰਦਾਰੀ ਅਤੇ ਬੁਰਜਵਾ ਜਮਾਤਾਂ ਦੀ ਪ੍ਰਤੀਨਿਧਤਾ ਕਰਦੇ ਹਨ।

ਮੈਂ ਕਿਹਾ, ਮੈਂ ਤਾਂ ਆਪਣੇ ਜਾਣੇ 'ਰਿਸ਼ਤਿਆਂ ਦੇ ਰੰਗ' ਵਿੱਚ ਅਜਿਹਾ ਕੁੱਝ ਦਰਸਾਉਣ ਦਾ ਯਤਨ ਨਹੀ ਕੀਤਾ ਜੋ ਕੁੱਝ ਤੁਸੀ ਆਖ ਰਹੇ ਹੋ।

ਉਸ ਨੇ ਆਖਿਆ, ਜਿਥੋ ਤੱਕ ਲੇਖਕ ਦੀ ਆਪਣੀ ਸਮਝ ਅਤੇ ਆਪਣੀ ਰਚਨਾ ਦੇ ਮੁਲਾਂਕਾਣ ਵਿਚਲੇ ਅੰਤਰ ਦਾ ਸਵਾਲ ਹੈ, ਇਹ ਕੁਝ ਨਵਾਂ ਅਤੇ ਗੈਰ ਕੁਦਰਤੀ ਨਹੀਂ ਪ੍ਰਸਿੱਧ ਰੂਸੀ ਲੇਖਕ ਗੋਗੋਲ ਦੀ ਸੰਸਾਰ ਪ੍ਰਸਿੱਧ ਲਿਖਤ ਇੰਸਪੈਕਟਰ ਜਨਰਲ ਨਾਲ ਵੀ ਇਹੋ ਕੁੱਝ ਹੋਇਆ ਸੀ। ਗੋਗੋਲ ਇਸ ਨੂੰ ਸਾਧਾਰਨ ਸੁਖਾਂਤ ਨਾਟਕ ਕਹਿੰਦਾ ਸੀ! ਇਸ ਦੇ ਉਲਟ ਲੰਡਨ ਵਿੱਚ ਬੈਠੇ ਰੂਸੀ ਵਿਦਵਾਨਾਂ ਅਤੇ ਆਲੋਚਕਾਂ ਨੇ ਇਸ ਨਾਟਕ ਨੂੰ ਉਸ ਸਮੇਂ ਦੀ ਰੂਸ ਦੀ ਵਿਵਸਥਾ ਦਾ ਸਜੀਵ ਚਿੱਤਰ ਕਿਹਾ ਅਤੇ ਨਾਟਕ ਦੇ ਨਾਇਕ ਦੀ ਤੁਲਨਾ ਦੇਸ਼ ਦੇ ਜਾਰ ਨਾਲ ਕੀਤੀ ਸੀ।

3.9.1978 ਨੂੰ ਨਿਸਚਿਤ ਸਮੇਂ ਸਰਕਾਰੀ ਹਾਈ ਸਕੂਲ ਬਰਨਾਲਾ ਵਿੱਚ 'ਰਿਸ਼ਤਿਆਂ ਦੇ ਰੰਗ' ਉਪਰ ਗੋਸ਼ਟੀ ਸ਼ੁਰੂ ਹੋਈ। ਕਾਮਰੇਡ ਸੁਰਜੀਤ ਗਿੱਲ ਨੇ ਨਾਵਲ ਉਪਰ ਲਿਖਿਆ ਵਿਦਵਤਾ ਭਰਪੂਰ ਪੇਪਰ ਪੜ੍ਹਿਆ ਜਿਹੜਾ ਉਸ ਦੀ ਪਰਪੱਕ ਸੋਚ ਅਤੇ ਵਿਸ਼ਾਲ



ਅਧਿਐਨ ਦਾ ਸਬੂਤ ਸੀ। ਪੇਪਰ ਦੇ ਅਖੀਰ ਵਿੱਚ ਕੱਢਿਆ ਉਸ ਦਾ ਇਹ ਸਿੱਟਾ ਕਿ ਇਸ ਨਾਵਲ ਨੂੰ ਆਪਣੇ ਸਮੇ ਦੀ ਵਧੀਆ ਕਲਾ ਕਿਰਤ ਕਹਿਣਾ ਅਤਿ ਕਥਨੀ ਨਹੀ ਹੋਵੇਗੀ, ਮੇਰੇ ਲਈ ਬਹੁਤ ਵੱਡਾ ਇਨਾਮ ਸੀ।

ਬਹਿਸ ਸ਼ੁਰੂ ਹੋਈ। ਜਾਪਦਾ ਸੀ ਬੋਲਣ ਵਾਲਿਆਂ ਨੂੰ ਸੁਰਜੀਤ ਗਿੱਲ ਦੇ ਪੇਪਰ ਦੀ ਸਮਝ ਹੀ ਨਹੀਂ ਸੀ ਆਈ। ਕੋਈ ਵੀ ਬੁਲਾਰਾ ਨਾਵਲ ਬਾਰੇ ਸੁਰਜੀਤ ਗਿੱਲ ਦੇ ਕੱਢੇ ਸਿੱਟੇ ਨਾਲ ਸਹਿਮਤ ਹੋਣ ਲਈ ਤਿਆਰ ਹੀ ਨਹੀਂ ਸੀ। ਉਨ੍ਹਾਂ ਨੂੰ ਨਾਵਲ ਦੇ ਪਾਤਰਾਂ ਦੇ ਕਿਰਦਾਰ ਵਿਚੋਂ ਸਮਾਜਕ ਜਮਾਤਾਂ ਨਜ਼ਰ ਨਹੀਂ ਆਈਆਂ ਸਨ ਅਤੇ ਨਾ ਹੀ ਕੋਈ ਦਵੰਦ ਦਿਖਾਈ ਦਿੰਦਾ ਸੀ। ਉਨ੍ਹਾਂ ਨੂੰ ਸੁਰਜੀਤ ਗਿੱਲ ਦੇ ਕੱਢੇ ਸਿੱਟੇ ਮਨਘੜਤ ਜਾਪੇ।

ਨਾਵਲ ਬਾਰੇ ਇਕ ਵਿਦਵਾਨ ਬੁਲਾਰੇ ਦਾ ਮੁੱਖ ਇਤਰਾਜ਼ ਇਹ ਸੀ ਕਿ ਲੇਖਕ ਨੇ ਆਪਣਾ ਪਹਿਲਾ ਨਾਵਲ ਸਵੈ-ਜੀਵਨੀ ਸ਼ੈਲੀ ਵਿਚ ਲਿਖ ਕੇ ਬੇਵਕੂਫੀ ਕੀਤੀ ਸੀ। ਉਹ ਇਸਨੂੰ ਵਧੀਆ ਕਲਾ ਕਿਰਤ ਮੰਨਣ ਲਈ ਤਿਆਰ ਨਹੀਂ ਸੀ। ਉਸ ਨੂੰ ਤਾਂ ਨਾਵਲ ਦਾ ਨਾਂ 'ਰਿਸ਼ਤਿਆਂ ਦੇ ਰੰਗ' ਬਹੁਤ ਲੰਬਾ ਹੋਣ ਕਾਰਨ ਅਸਾਹਿਤਕ ਜਾਪਦਾ ਸੀ।

ਇਕ ਹੋਰ ਡਾਕਟਰ ਵਿਦਵਾਨ ਅਨੁਸਾਰ ਨਾਵਲ ਦੇ ਪਹਿਲੇ ਤਿੰਨ ਕਾਂਡ ਵਾਧੂ ਸਨ। ਨਾਵਲ ਚੌਥੇ ਕਾਂਡ ਤੋਂ ਸ਼ੁਰੂ ਹੋਣਾ ਚਾਹੀਦਾ ਹੈ।

ਇਕ ਹੋਰ ਵਿਦਵਾਨ ਸਾਹਿਤਕਾਰ ਅਨੁਸਾਰ ਨਾਵਲ ਲਈ ਨੂੰਹ-ਸੱਸ ਦੀ ਲੜਾਈ ਵਰਗੇ ਸਸਤੇ ਵਿਸ਼ੇ ਦੀ ਥਾਂ ਕੋਈ ਨਿੱਗਰ ਸਮਾਜਿਕ ਵਿਸ਼ਾ ਚੁਣਿਆ ਜਾਣਾ ਚਾਹੀਦਾ ਸੀ।

ਨਾਵਲ ਉੱਪਰ ਹੋਈ ਸਮੁੱਚੀ ਬਹਿਸ ਸੁਣ ਕੇ ਮੈਨੂੰ ਤਾਂ ਨਿਰਾਸ਼ਾ ਹੋਣੀ ਹੀ ਸੀ। ਸੁਰਜੀਤ ਗਿੱਲ ਨੂੰ ਵੀ ਵਿਦਵਾਨ ਸਾਹਿਤਕਾਰਾਂ ਦੀ ਮਾਨਸਿਕ ਪੱਧਰ 'ਤੇ ਬੇਹੱਦ ਅਫ਼ਸੋਸ ਹੋਇਆ।

ਉਸ ਦੇ ਇਸ ਅਫ਼ਸੋਸ ਵਿਚੋਂ ਹੀ ਸ਼ਾਇਦ 'ਰਿਸ਼ਤਿਆਂ ਦੇ ਰੰਗ' ਬਾਰੇ ਲਿਖੇ ਕਿਸੇ ਹੋਰ ਲੇਖ ਦੇ ਮੁੱਢ ਵਿਚ ਉਸਦੇ ਇਹ ਸ਼ਬਦ ਨਿਕਲੇ ਸਨ,

"ਆਰਥਿਕਤਾ ਦੀ ਕੰਗਾਲੀ ਨਾਲੋਂ ਸ਼ਾਇਦ ਬੌਧਿਕਤਾ ਦੀ ਕੰਗਾਲੀ ਬਹੁਤ ਭੈੜੀ ਹੈ ਕਿਉਂਕਿ ਇਹੋ ਕੰਗਾਲੀ ਅਕਸਰ ਕੌਮਾਂ ਦੀ ਦੁਰਦਸ਼ਾ ਦਾ ਕਾਰਨ ਬਣਦੀ ਹੈ। ਜਦੋਂ ਤੱਕ ਕਿਸੇ ਕੌਮ ਜਾਂ ਜਮਾਤ ਕੋਲ ਆਪਣੀ ਕੰਗਾਲੀ ਦੇ ਕਾਰਨ ਨੂੰ ਜਾਣਨ ਜੋਗੀ ਸੂਝ ਨਹੀਂ ਹੁੰਦੀ, ਉਦੋਂ ਤੱਕ ਉਹ ਕੰਗਾਲੀ ਨੂੰ ਦੂਰ ਕਰਨ ਲਈ ਲਾਮਬੰਦ ਨਹੀਂ ਹੋ ਸਕਦੀ, ਉਹ ਸੰਘਰਸ਼ ਨਹੀਂ ਕਰ ਸਕਦੀ। ਉਸ ਕੌਮ ਤੇ ਜਮਾਤ ਕੋਲ ਆਪਣੇ ਬੁੱਧੀਜੀਵੀਆਂ ਤੇ ਲੇਖਕਾਂ ਦੀਆਂ ਕਿਰਤਾਂ ਨੂੰ ਘੋਖਣ, ਉਨ੍ਹਾਂ ਦੀ ਕੀਮਤ ਪਾਉਣ ਤੇ ਉਨ੍ਹਾਂ ਨੂੰ ਵਡਿਆਉਣ ਦੀ ਸਮਰੱਥਾ ਨਹੀਂ ਹੁੰਦੀ। ਮੇਰੀ ਸਮਝ ਅਨੁਸਾਰ ਸਾਡੀ ਪੰਜਾਬੀਆਂ ਦੀ ਅਜੋਕੀ ਸਥਿਤੀ ਇਹੋ ਜਿਹੀ ਹੈ।

ਕਾਮਰੇਡ ਸੁਰਜੀਤ ਗਿੱਲ ਦੀਆਂ ਡੂੰਘੀ ਨੀਝ ਵਾਲੀਆਂ ਪਾਰਖੂ ਅੱਖਾਂ ਨੇ ਮੇਰੇ

ਅੰਦਰਲੇ ਨਾਵਲਕਾਰ ਨੂੰ ਪਛਾਣ ਲਿਈ ਸੀ। ਮੇਰੇ ਅੰਦਰ ਉਸਨੂੰ ਇਕ ਪ੍ਰਤਿਭਾਸ਼ੀਲ ਨਾਵਲਕਾਰ ਛੁਪਿਆ ਬੈਠਾ ਨਜ਼ਰ ਆਇਆ ਸੀ। ਉਨ੍ਹਾਂ ਨੇ ਮੇਰੀ ਹੌਂਸਲਾ ਅਫਜਾਈ ਕਰਨ ਲਈ ਮੇਰੇ ਪਲੇਠੇ ਨਾਵਲ 'ਰਿਸ਼ਤਿਆਂ ਦੇ ਰੰਗ' ਨੂੰ ਹਰ ਸੂਝਵਾਨ ਪਾਠਕ ਕੋਲ ਪਹੁੰਚਾਉਣ ਦਾ ਫੈਸਲਾ ਕਰ ਲਿਆ। ਉਸ ਨੂੰ ਜਿਵੇਂ ਮੇਰੇ ਨਾਵਲ ਦਾ ਪ੍ਰਚਾਰ ਕਰਨ ਦਾ ਝੱਲ ਚੜ੍ਹ ਗਿਆ ਹੋਵੇ। ਉਹ ਜਦ ਵੀ ਬਰਨਾਲੇ ਆਉਦਾ ਮੇਰੇ ਕੋਲੋਂ ਨਾਵਲਾਂ ਦੀਆਂ ਪੰਦਰਾਂ-ਵੀਹ ਕਾਪੀਆਂ ਲੈ ਜਾਂਦਾ। ਅਗਲੀ ਵਾਰ ਪਹਿਲੀਆਂ ਕਾਪੀਆਂ ਦੇ ਪੈਸੇ ਦੇ ਜਾਂਦਾ ਹੋਰ ਲੈ ਜਾਂਦਾ। ਨਾਵਲ ਦੀ ਇਕ ਹਜ਼ਾਰ ਕਾਪੀ ਦੋ ਸਾਲਾਂ ਵਿਚ ਖ਼ਤਮ ਹੋ ਗਈ। ਉਹ ਫਿਰ ਵੀ ਜਦ ਮਿਲਦਾ, ਨਾਵਲ ਦੀਆਂ ਕਾਪੀਆਂ ਦੀ ਮੰਗ ਕਰਦਾ।

ਇਸ ਤਰ੍ਹਾਂ ਕਾਮਰੇਡ ਸੁਰਜੀਤ ਗਿੱਲ ਮੇਰਾ ਪਹਿਲਾ ਪ੍ਰਸ਼ੰਸਕ, ਮੇਰੇ ਨਾਵਲ ਦਾ ਪ੍ਰਚਾਰਕ, ਮੇਰਾ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। 1978 ਤੋਂ 2010 ਤੱਕ ਕਾਮਰੇਡ ਸੁਰਜੀਤ ਗਿੱਲ ਵਲੋਂ ਮਿਲੀ ਪ੍ਰਸ਼ੰਸਾ ਕਾਰਨ ਮੈਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਦਸ ਨਾਵਲ ਪਾਏ। ਮੇਰੇ ਹਰ ਨਾਵਲ ਦਾ ਪਾਠਕਾਂ ਨੇ ਉਸੇ ਤਰ੍ਹਾਂ ਨਿੱਘਾ ਅਤੇ ਭਰਵਾਂ ਸਵਾਗਤ ਕੀਤਾ ਜਿਵੇਂ ਕਾਮਰੇਡ ਸੁਰਜੀਤ ਗਿੱਲ ਨੇ ਮੇਲੇ ਪਲੇਠੇ ਨਾਵਲ 'ਰਿਸ਼ਤਿਆਂ ਦੇ ਰੰਗ' ਦਾ ਕੀਤਾ ਸੀ।

ਕਾਮਰੇਡ ਸੁਰਜੀਤ ਗਿੱਲ ਵਲੋਂ ਮਿਲੀ ਪ੍ਰਸ਼ੰਸਾ ਅਤੇ ਹੱਲਾਸ਼ੇਰੀ ਕਾਰਨ ਅੱਜ ਮੇਰਾ ਨਾਂ ਪੰਜਾਬੀ ਦੇ ਮੂਹਰਲੀ ਕਤਾਰ ਦੇ ਨਾਵਲਕਾਰਾਂ ਵਿਚ ਗਿਣਿਆ ਜਾਂਦਾ ਹੈ। ਸਭ ਨਾਲੋਂ ਵਿਸ਼ੇਸ਼ ਗੱਲ ਮੈਂ ਪ੍ਰਸਿੱਧ ਰੂਸੀ ਸਾਹਿਤਕਾਰਾਂ ਬਾਰੇ ਜੀਵਨੀ ਮੂਲ ਨਾਵਲ ਲਿਖ ਕੇ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਕ ਨਵਾਂ ਕਾਂਡ ਜੋੜਿਆ ਹੈ। ਮੇਰੀਆਂ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਲਈ ਮੈਂ ਕਾਮਰੇਡ ਸੁਰਜੀਤ ਗਿੱਲ ਨੂੰ ਹੰਝੂਆਂ ਭਰੀਆਂ ਅੱਖਾਂ ਨਾਲ ਯਾਦ ਕਰਦਾ ਹੋਇਆ ਮਹਿਸੂਸ ਕਰਦਾ ਹਾਂ ਕਿ ਜਿਵੇਂ ਉਨ੍ਹਾਂ ਦੇ ਸਦੀਵੀਂ ਵਿਛੋੜੇ ਨਾਲ ਮੈਂ ਯਤੀਨ ਹੋ ਗਿਆ ਹੋਵਾਂ। ਉਪਰ ਲਿਖੇ ਸਾਰੇ ਸ਼ਬਦ ਮੇਰੇ ਵਲੋਂ ਉਸ ਨੇਕ ਦਿਲ ਇਨਸਾਨ ਨੂੰ ਅਸਲੀ ਸ਼ਰਧਾਂਜਲੀ ਹਨ। •••


**ਹਰਭਜਨ ਸਿੰਘ ਹੁੰਦਲ ਦੀਆਂ ਦੋ ਨਵੀਆਂ ਪੁਸਤਕਾਂ ਪ੍ਰਕਾਸ਼ਨ**

**ਚੀ-ਗਵੇਰਾ (ਸੰਖੇਪ ਜੀਵਨੀ)** ਦੂਸਰਾ ਐਡੀਸ਼ਨ

ਪੰਨੇ 84, ਮੁੱਲ 50/-

**ਪ੍ਰਕਾਸ਼ਕ - ਪੀਪਲਜ਼ ਫੋਰਮ, ਬਰਗਾੜੀ, ਫਰੀਦਕੋਟ**

**2. ਪਾਬਲੋ ਨੇਰੂਦਾ**

(ਵਾਰਤਕ ਲਿਖਤਾਂ)

**ਪ੍ਰਕਾਸ਼ਕ - ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ**




# ਬਦਾਮ ਦੀ ਗਿਰੀ - ਸੁਰਜੀਤ ਗਿੱਲ

**- ਹਰਭਜਨ ਸਿੰਘ ਹੁੰਦਲ**

ਸੁਰਜੀਤ ਗਿੱਲ ਬਾਰੇ ਚਾਰ ਸ਼ਬਦ ਲਿਖਣੇ ਸੌਖੇ ਨਹੀਂ। ਉਹ ਕੱਟੜ ਕਮਿਊਨਿਸਟ ਹੈ ਤੇ ਅੜਬ ਜੱਟ। ਕਈ ਉਸਨੂੰ ਕਾਮਰੇਡ ਵੀ ਆਖਦੇ ਹਨ - ਸੁੱਕੀ ਲੱਕੜ ਵਰਗਾ। ਜਿਹੜੀ ਟੁੱਟ ਸਕਦੀ ਹੈ, ਪਰ ਲਿਫ ਨਹੀਂ ਸਕਦੀ। ਉਹ ਜਿਸ ਨੁਕਤੇ ਉੱਤੇ ਅੜ ਜਾਵੇ, ਬਸ ਫਿਰ ਅੜਿਆ ਹੀ ਰਹਿੰਦਾ ਹੈ। ਤੁਸੀਂ ਉਸਨੂੰ ਦਲੀਲ ਨਾਲ ਤਾਂ ਮਨਾ ਸਕਦੇ ਹੋ, ਪਰ ਕਿਸੇ ਧਮਕੀ ਜਾਂ ਲੋਭ ਲਾਲਚ ਨਾਲ ਨਹੀਂ। ਉਸ ਨਾਲ ਗੱਲ ਸ਼ੁਰੂ ਕਰਨ ਲੱਗੇ, ਤੁਸੀਂ ਸੌ ਵਾਰੀ ਸੋਚਦੇ ਹੋ। ਗੱਲ ਕਰਦੇ ਵੀ ਤੁਸੀਂ ਅੰਦਰੋਂ ਅੰਦਰ ਘਬਰਾਉਂਦੇ ਰਹਿੰਦੇ ਹੋ ਕਿ ਕੀ ਪਤਾ ਕਿਹੜੇ ਵੇਲੇ ਇਹ ਅੱਖੜ, ਅੜਬ ਜੱਟ, ਅੜ ਜਾਵੇ ਜਾਂ ਲੜ ਪਵੇ।

ਮੇਰਾ ਅਨੁਮਾਨ ਹੈ ਕਿ ਉਹ ਸੱਤਰ ਸਾਲਾਂ ਦੀ ਹੱਦ ਟੱਪ ਚੁੱਕਾ ਹੈ। ਹੁਣ ਕੋਲ ਖੂੰਡੀ ਰੱਖਦਾ ਹੈ। ਉੱਚਾ ਨੀਵਾਂ ਥਾਂ ਵੇਖ ਧਿਆਨ ਨਾਲ ਪੈਰ ਟਿਕਾਉਂਦਾ ਹੈ, ਪਰ ਉਸਦੀ ਮੜ੍ਹਕ ਨਹੀਂ ਗਈ। ਉਹ ਅਸੂਲਾਂ ਨੂੰ ਛੱਡ ਕੇ ਸਮਝੌਤਾ ਨਹੀਂ ਕਰ ਸਕਦਾ।

ਉਸਨੇ ਸਾਰੀ ਜ਼ਿੰਦਗੀ ਕਮਿਊਨਿਸਟ ਲਹਿਰ ਦੇ ਲੇਖੇ ਲਾ ਦਿੱਤੀ ਹੈ। ਇਸ ਲਹਿਰ ਵਿਚ ਪਿਛਲੇ ਸੱਠ ਸਾਲਾਂ ਵਿਚ ਕਈ ਮੋੜ ਆਏ ਹਨ, ਕਈ ਵੇਰ ਟੁੱਟ ਭੱਜ ਹੋਈ ਹੈ। ਲਹਿਰ ਇੱਕ ਤੋਂ ਵੱਧ ਵਾਰ ਫੁੱਟ ਤੇ ਦਰੇੜ ਦਾ ਸ਼ਿਕਾਰ ਹੋਈ ਹੈ, ਐਪਰ ਗਿੱਲ ਲਈ ਕਦੇ ਦੁਬਿਧਾ ਨਹੀਂ ਆਈ। ਉਸਨੇ ਹਮੇਸ਼ਾ ਠੀਕ ਧਿਰ ਦਾ ਸਾਥ ਦਿੱਤਾ ਹੈ। ਡੋਲਣਾ, ਡਗਮਗਾਉਣਾ, ਉਸਦੇ ਸੁਭਾਅ ਵਿਚ ਸ਼ਾਮਿਲ ਨਹੀਂ ਹੈ। ਕਈ ਦਹਾਕਿਆਂ ਦੇ ਬਿਖੜੇ ਅਣਥੱਕ ਤੇ ਅਣਮੁੱਕ ਸਫ਼ਰ ਨੇ ਉਸਨੂੰ ਠੀਕ ਧਿਰ ਦੀ ਪਛਾਣ ਕਰਨੀ ਦੱਸ ਦਿੱਤੀ ਹੈ।

**ਹਰ ਮਹਿਫ਼ਿਲ ਦੀ ਸ਼ਾਨ ਬਣੇ ਨੇ ਬੰਦੇ ਉਹ**
**ਵਿਚ ਹਨੇਰੀ ਜਿਹੜੇ ਸਨ ਅਡੋਲ ਰਹੇ।**

ਸੁਰਜੀਤ ਗਿੱਲ ਦਾ ਸਿਆਸੀ ਜੀਵਨ ਦਾ ਆਰੰਭ ਪੈਪਸੂ ਦੇ ਹਥਿਆਰਬੰਦ ਮੁਜ਼ਾਰਾ ਘੋਲ ਨਾਲ ਹੁੰਦਾ ਹੈ। ਤੇਜਾ ਸਿੰਘ ਸਵਤੰਤਰ ਦੀ ਅਗਵਾਈ ਹੇਠ ਚੱਲੇ ਇਸ ਸੰਗਰਾਮ ਸਦਕਾ ਮੁਜ਼ਾਰਿਆਂ ਨੇ ਪੈਪਸੂ ਦੇ ਬਿਸਵੇਦਾਰਾਂ ਦੀਆਂ ਉਹਨਾਂ ਜ਼ਮੀਨਾਂ ਉੱਤੇ ਕਬਜੇ ਕਰ ਲਏ, ਜਿਹਨਾਂ ਨੂੰ ਕਈ ਸਾਲਾਂ ਤੋਂ ਵਾਹੁੰਦੇ ਬੀਜਦੇ ਆ ਰਹੇ ਸਨ। ਮੁਜ਼ਾਰਿਆਂ ਦੇ ਹਥਿਆਰ ਬੰਦ ਵਿਰੋਧ ਅਤੇ ਕਬਜ਼ੇ ਦੇ ਸਿੱਟੇ ਵਜੋਂ, ਖ਼ਤਰਨਾਕ ਸਥਿਤੀ ਨੂੰ ਵੇਖ ਬਿਸਵੇਦਾਰਾਂ ਨੇ ਸ਼ਹਿਰਾਂ ਵਿਚ ਜਾ ਸਿਰ ਲੁਕਾਏ ਸਨ। ਕਈ ਪਿੰਡਾਂ ਵਿਚ ਜਾਣੋਂ ਪੁਲਸ ਵੀ ਡਰਨ ਲੱਗ ਪਈ। ਇਸ ਮੁਜ਼ਾਰਾ ਘੋਲ ਦੇ ਸਿੱਟੇ ਵਜੋਂ ਮੁਜ਼ਾਰਿਆਂ ਨੇ ਜਾਗੀਰਦਾਰਾਂ, ਬਿਸਵੇਦਾਰਾਂ ਦੇ ਹਜ਼ਾਰਾਂ ਏਕੜਾਂ ਉੱਤੇ ਕਬਜ਼ਾ ਕਰਕੇ ਬਗਾਵਤ ਦੇ ਝੰਡੇ ਗੱਡ ਦਿੱਤੇ। ਸੁਰਜੀਤ ਗਿੱਲ ਇਸ ਖ਼ਤਰਿਆਂ ਭਰੇ ਸੰਘਰਸ਼ ਵਿਚੋਂ ਰੜ ਕੇ ਨਿਕਲਿਆ।

ਇਸ ਤੋਂ ਬਾਅਦ ਉਸਦੇ ਮਨ ਵਿਚੋਂ ਮੌਤ ਦਾ ਖ਼ੌਫ ਸਦਾ ਲਈ ਨਿਕਲ ਗਿਆ ਅਤੇ ਉਹ ਨਿਰਭੈ ਹੋ ਗਿਆ। ਇਸ ਸ਼ਿੱਦਤ-ਭਰੇ ਤਿੱਖੇ ਅਨੁਭਵ ਦੀ ਪ੍ਰਾਪਤੀ ਤੋਂ ਬਾਅਦ ਉਸ

ਨਿਸ਼ਾਨਾ ਚੁੱਕ ਗਿਆ ਤੇ ਰੌਲਾ ਪੈ ਗਿਆ। ਡਰਦੇ ਮਾਰੇ ਮੁੰਡੇ ਬਚਾਅ ਲਈ ਭੱਜ ਉੱਠੇ। ਗਿੱਲ ਨੂੰ ਪਤਾ ਲੱਗਾ। ਉਸਨੇ ਰਿਵਾਲਵਰ ਵਿਚ ਗੋਲੀਆਂ ਭਰੀਆਂ ਅਤੇ ਗਲੀ ਵਿਚ ਆ ਕੇ ਪੁੱਛਣ ਲੱਗਾ, "ਕਿੱਧਰ ਨੂੰ ਗਏ ਨੇ ਉਹ ਦੋਵੇਂ ਛੋਕਰੇ?" ਸ਼ੁਭ-ਚਿੰਤਕ ਆਖਣ ਲੱਗਾ, "ਗਿੱਲ ਸਾਹਿਬ ਛੱਡੋ ਖਹਿੜਾ। ਉਹ ਐਧਰ ਗਲੀ ਨੂੰ ਭੱਜ ਗਏ ਨੇ। ਪੁੱਛਦਾ-ਪੁਛਾਉਂਦਾ ਗਿੱਲ ਉਹਨਾਂ ਦੇ ਮਗਰ ਭੱਜ ਉੱਠਾ। ਅਖ਼ੀਰ ਉਸਨੇ ਫਿਰਨੀ ਉੱਤੇ ਉਹ ਦੋਵੇਂ ਜਵਾਕ ਜਾ ਢਾਹੇ। ਫਾਇਰ ਕਰਦੇ ਸਾਰ ਉਹ ਦੋਵੇਂ "ਸਿੰਘ-ਸੂਰਮੇ" ਠਠੰਬਰ ਗਏ। ਗਿੱਲ ਨੇ ਘੇਰ ਕੇ ਦੋਵੇਂ ਅੱਗੇ ਲਾ ਲਏ ਤੇ ਪਿੰਡ ਦੀ ਪੁਲਸ ਚੌਂਕੀ ਦੇ ਜਾ ਹਵਾਲੇ ਕੀਤੇ।

ਪੁਲਿਸ ਨੇ ਪੈਸੇ ਲੈ ਕੇ ਉਹ ਦੋਵੇਂ ਹੀ, ਦੋ ਚਾਰ ਦਿਨ ਬਾਅਦ 'ਬਾਇੱਜ਼ਤ ਬਰੀ' ਕਰ ਦਿੱਤੇ। ਭੂਤਰੇ ਮੁੰਡੇ ਗਿੱਲ ਨੂੰ ਸੁਨੇਹੇ ਘੱਲਣ ਅਤੇ ਧਮਕੀਆਂ ਦੇਣ ਲੱਗੇ। ਗਿੱਲ ਨੇ ਉੱਤਰ ਭੇਜਿਆ ਕਿ "ਕਿਸ ਦਿਨ ਦੋ ਹੱਥ ਕਰਨੇ ਹਨ, ਦੱਸ ਦਿਓ।" ਉਹਨਾਂ ਛੋਕਰਿਆਂ ਨੂੰ ਕੀ ਪਤਾ ਸੀ ਕਿ ਉਹਨਾਂ ਦਾ ਵਾਹ ਕਿਸ ਰੜ੍ਹੇ ਹੋਏ ਕਮਿਊਨਿਸਟ ਯੋਧੇ ਨਾਲ ਪਿਆ ਸੀ।

ਗਿੱਲ ਅੱਜਕੱਲ ਇਕੱਲਾ ਹੈ। ਇਕਲੌਤਾ ਪੁੱਤਰ, ਨੂੰਹ ਤੇ ਪੋਤਰੇ ਬਠਿੰਡੇ ਸ਼ਹਿਰ ਵਿਚ ਹਨ ਤੇ ਗਿੱਲ ਪਿੰਡ ਘੋਲੀਆਂ ਕਲਾਂ ਵਿਚ। ਮੈਂ ਪੁੱਛਿਆ, "ਗਿੱਲ, ਇਹ ਮਾਜਰਾ ਕਿਆ ਹੈ? ਕਹਿਣ ਲੱਗਾ, "ਮੁੰਡੇ ਨੂੰ ਸਹੁਰੇ ਬਠਿੰਡੇ ਲੈ ਗਏ ਹਨ। ਮੇਰੀ ਡਿਊਟੀ ਫਰੀਦਕੋਟ ਜ਼ਿਲ੍ਹੇ ਦੀ ਹੈ। ਮੈਂ ਆਪਣਾ ਜ਼ਿਲ੍ਹਾ ਤੇ ਪਿੰਡ ਕਿਵੇਂ ਛੱਡ ਸਕਦਾ ਹਾਂ। ਮੈਂ ਜ਼ਿਲ੍ਹੇ ਦਾ ਪਾਰਟੀ-ਸਕੱਤਰ ਹਾਂ। ਮੇਰੇ ਲਈ ਪਾਰਟੀ ਹੀ ਮੇਰਾ ਪਰਿਵਾਰ ਹੈ।"

ਗੱਲ ਸੁਣ ਕੇ ਮੈਂ ਹੈਰਾਨ ਹੋਇਆ। ਠੀਕ ਹੀ ਉਹ ਲੱਕੜ ਕਮਿਊਨਿਸਟ ਹੈ, ਦ੍ਰਿੜ੍ਹ, ਬੇਖ਼ੌਫ ਤੇ ਸਮਰਪਿਤ। ਉਸਨੂੰ ਉਸਦੇ ਚੁਣੇ ਮਾਰਗ ਤੋਂ ਥੜਕਾਉਣਾ ਸੰਭਵ ਨਹੀਂ ਸੀ।

ਇਹ ਗੱਲ ਨਹੀਂ ਕਿ ਉਸ ਵਿਚ ਮੋਹ-ਪਿਆਰ ਤੇ ਇਨਸਾਨੀ-ਦਰਦ ਦੀ ਅਣਹੋਂਦ ਹੈ। ਉਹ ਬਦਾਮ ਵਰਗਾ ਹੈ, ਬਾਹਰੋਂ ਸਖ਼ਤ ਤੇ ਅੰਦਰੋਂ ਗਿਰੀ ਵਰਗਾ ਨਰਮ। ਪਰ ਉਹ ਹਰ ਕਿਸੇ ਨੂੰ ਆਪਣਾ ਦਰਦ ਫਰੋਲ ਕੇ ਨਹੀਂ ਵਿਖਾਉਂਦਾ। ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ।

ਸੱਠ ਸਾਲਾਂ ਦਾ ਸਰਗਰਮ ਸਿਆਸੀ ਜੀਵਨ ਕੋਈ ਕਹਿਣ ਦੀਆਂ ਗੱਲਾਂ ਨਹੀਂ। ਉਸ ਕੋਲ ਵੱਖ-ਵੱਖ ਸਿਆਸੀ ਲਹਿਰਾਂ ਅਤੇ ਸੰਘਰਸ਼ਾਂ ਦਾ ਡੂੰਘਾ ਅਤੇ ਵਿਸ਼ਾਲ ਅਨੁਭਵ ਹੈ। ਉਹ ਕਦੇ-ਕਦੇ ਯਾਦਾਂ ਦੀ ਇਸ ਪਟਾਰੀ ਵਿਚੋਂ ਇੱਕਾ ਦੁੱਕਾ ਪੱਤਰਿਆਂ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ, ਪਰ ਲੋੜ ਇਸ ਗੱਲ ਦੀ ਹੈ ਕਿ ਉਹ ਇਹਨਾਂ ਯਾਦਾਂ ਦੇ ਭੰਡਾਰੇ ਨੂੰ ਯੋਜਨਾ-ਬੱਧ ਢੰਗ ਨਾਲ ਕਲਮ ਬੰਦ ਕਰੇ। ਪਰ ਉਸਨੂੰ ਰੋਜ਼-ਰੋਜ਼ ਦੀ ਸਿਆਸੀ ਸਰਗਰਮੀ ਵਿਚੋਂ ਵਿਹਲ ਹੀ ਕਿੱਥੇ ਮਿਲਦੀ ਹੈ। ਕਦੋਂ ਮਿਲੇਗੀ ਇਹ ਵਿਹਲ...? ਇਕ ਸ਼ਿਅਰ ਨਾਲ ਮੈਂ ਆਪਣੀ ਗੱਲ ਖ਼ਤਮ ਕਰਦਾ ਹਾਂ -

**ਆ ਉਹਨਾਂ ਦੀ ਮਹਿਮਾ ਗਾਈਏ, ਕਹੀਏ ਕੋਈ ਸ਼ਿਅਰ ਨਵਾਂ,**
**ਕਿਹੜੇ ਸੀ ਉਹ ਸੱਜਣ, ਜਿਹੜੇ ਅੱਗ ਦੀ ਰੁੱਤ ਅਡੋਲ ਰਹੇ।**

ਅਡੋਲ ਰਹਿਣਾ ਹਰ ਕਿਸੇ ਦੇ ਵੱਸ ਵਿਚ ਨਹੀਂ ਹੁੰਦਾ। •••





# ਅੱਕ ਮਿੱਠੇ ਨਹੀਂ ਹੁੰਦੇ

- ਪ੍ਰੋ. ਗੁਰਦਿਆਲ ਸਿੰਘ

1964-65 ਵਿਚ ਕੁਝ ਸਮਾਂ ਬਠਿੰਡੇ ਬਿਤਾਇਆ। ਉਦੋਂ ਹਰਭਜਨ, ਰੰਗੀ, ਮਾਸਟਰ ਮੇਘ ਤੇ ਗਿੱਲ ਨਾਲ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਸੀ। ਉਹਨਾਂ ਦਿਨਾਂ ਵਿਚ ਹੀ ਗਿੱਲ ਦੇ ਵਿਆਹ ਦੀ ਗੱਲਬਾਤ ਸਿਰੇ ਚੜ੍ਹੀ ਸੀ (ਤੇ ਉਹ ਸਾਡੇ ਘਰ)।

ਇਹ ਚੰਗੀ ਤਰ੍ਹਾਂ ਯਾਦ ਹੈ ਕਿ 'ਮੜ੍ਹੀ ਦਾ ਦੀਵਾ' ਨਾਵਲ ਪੜ੍ਹ ਕੇ ਉਹਨੇ ਇੱਕ ਦਿਨ ਸ਼ਾਇਦ ਹਾਸੇ-ਠੱਠੇ 'ਚ ਇਹ ਵੀ ਕਹਿ ਦਿੱਤਾ ਸੀ, "ਜਾਹ ਉਇ ਨਿਕੰਮਿਆ! ਹੋਰ ਨਹੀਂ ਤਾਂ ਜਗਸੀਰ ਤੋਂ, ਧਰਮ ਸਿਓ ਤੇ ਭੰਤੇ ਦੇ ਚਾਰ ਟੰਬੇ ਈ ਮਰਵਾ ਦਿੰਦਾ।"

ਉਹ ਸਮਾਂ ਸੀ.ਪੀ.ਆਈ. ਦੇ ਦੁਫਾੜ ਹੋਣ ਦਾ ਸੀ। ਅਕਸਰ ਜਦੋਂ ਗੱਲ ਛਿੜਦੀ ਤਾਂ ਕੁਝ ਚਿੰਤਾ ਵੀ ਹੁੰਦੀ ਤੇ ਵਿਚਾਰ-ਵਟਾਂਦਰਾ ਵੀ। ਕਦੇ ਵੀ ਕਿਸੇ ਰਾਜਨੀਤਿਕ ਪਾਰਟੀ ਦੇ ਬਹੁਤ ਨੇੜੇ ਨਹੀਂ ਸੀ ਰਿਹਾ। ਇਸੇ ਕਾਰਨ ਇਹ ਵੀ ਸਮਝ ਨਹੀਂ ਸੀ ਆਉਂਦੀ ਕਿ ਇੰਝ ਖੱਬੇ-ਪੱਖੀ ਪਾਰਟੀ ਦੇ ਦੁਫਾੜ ਹੋਣ ਦੇ ਕੀ ਕਾਰਨ ਹੋ ਸਕਦੇ ਹਨ। ਜੇ ਕੋਈ ਗੱਲ ਸਮਝ ਆਉਂਦੀ ਤਾਂ ਏਨੀ ਕਿ ਇਹ ਠੀਕ ਨਹੀਂ ਸੀ ਹੋ ਰਿਹਾ।

ਸੁਰਜੀਤ ਗਿੱਲ ਰੂਸੀ ਤੇ ਪੰਜਾਬੀ ਸਾਹਿਤ ਹੀ ਨਹੀਂ ਸੀ ਪੜ੍ਹਦਾ, ਜਿੰਨਾ ਵੀ ਚੰਗਾ ਸਾਹਿਤ ਮਿਲ ਸਕਦਾ ਉਹ ਵੀ ਪੜ੍ਹਦਾ ਸੀ। ਪਹਿਲਾਂ ਕਦੇ-ਕਦਾਈਂ ਤੇ ਫਿਰ 'ਸਿਰਜਣਾ' ਵਰਗੇ ਮਿਆਰੀ ਪਰਚਿਆਂ ਵਿਚ ਉਹਦੇ ਰੀਵਿਊ ਤੇ ਲੇਖ ਛਪਦੇ ਰਹਿੰਦੇ ਸਨ। ਕੁਝ ਉਹਦੇ ਵਿਚਾਰਾਂ ਕਰਕੇ ਤੇ ਕੁਝ ਦੋਸਤੀ ਕਰਕੇ ਉਹ ਲੇਖ, ਰੀਵਿਊ ਸਾਰੇ ਪੜ੍ਹਦਾ ਰਿਹਾ ਹਾਂ। ਉਹਦੇ ਵਿਚਾਰਾਂ ਨਾਲ ਹਮੇਸ਼ਾ ਹੀ ਮੇਰੀ ਸਹਿਮਤੀ ਨਹੀਂ ਹੁੰਦੀ, ਪਰ ਅਕਸਰ ਉਹਦੇ ਲੇਖ ਪੜ੍ਹ ਕੇ ਮੈਨੂੰ ਸੋਚਣ ਲਈ ਮਜਬੂਰ ਕਰਦੇ ਰਹੇ ਹਨ। ਜਦੋਂ ਵੀ ਕਦੇ ਮਿਲਦੇ ਤਾਂ ਸਹਿਮਤੀ, ਅਸਹਿਮਤੀ ਦੀ ਗੱਲ ਹੋ ਜਾਂਦੀ। ਪਰ ਗਿੱਲ ਹਮੇਸ਼ਾ ਆਪਣੇ ਵਿਚਾਰਾਂ 'ਤੇ ਦ੍ਰਿੜ੍ਹ ਰਹਿੰਦਾ ਰਿਹਾ ਹੈ। ਇਸ ਗੱਲ ਦੀ ਉਹਨੂੰ ਕੋਈ ਪ੍ਰਵਾਹ ਨਹੀਂ ਕਿ ਉਹਦੇ ਵਿਚਾਰਾਂ ਨਾਲ ਕੋਈ ਸਹਿਮਤ ਹੈ ਜਾਂ ਨਹੀਂ।

ਪਾਰਟੀ ਨਾਲ ਸਿੱਧਾ ਸੰਬੰਧ ਨਾ ਹੋਣ ਕਾਰਨ ਮੈਂ ਉਹਨੂੰ ਰਾਜਸੀ ਸਮਾਗਮਾਂ ਵਿਚ ਕਦੇ ਬੋਲਦਿਆਂ ਨਹੀਂ ਸੁਣਿਆ, ਪਰ ਸਾਹਿਤਕ ਸਮਾਗਮਾਂ ਵਿਚ ਪਿਛਲੇ 45 ਸਾਲਾਂ ਤੋਂ ਅਨੇਕਾਂ ਵਾਰ ਸੁਣਿਆ ਹੈ। ਸਾਹਿਤ ਦੀ ਸਮਝ ਹੋਣ ਕਰਕੇ ਜੋ ਵੀ ਉਹ ਬੋਲਦਾ ਹੈ, ਉਸ ਵਿਚ ਸੋਚਣ ਵਾਲੀਆਂ ਕੁਝ ਗੱਲਾਂ ਜ਼ਰੂਰ ਹੁੰਦੀਆਂ ਹਨ ਪਰ ਇਹ ਯਾਦ ਨਹੀਂ ਕਿ ਉਹਨੂੰ ਕਦੇ ਕਿਸੇ ਵੀ ਸਾਹਿਤ ਸਮਾਗਮ ਵਿਚ ਕੋਈ ਪਰਚਾ ਪੜ੍ਹਦਿਆਂ ਸੁਣਿਆ ਹੋਵੇ। ਉਹ ਅਕਸਰ ਜ਼ੁਬਾਨੀ ਬੋਲਦਾ ਰਿਹਾ ਹੈ। ਬੋਲਣ ਦੀ ਮੁਹਾਰਤ ਉਹਦੇ ਹਮੇਸ਼ਾ ਇਕ ਜਾਂ ਦੂਜੀ

ਖੱਬੀ ਪਾਰਟੀ ਨਾਲ ਜੁੜੇ ਰਹਿਣ ਕਾਰਨ ਬਹੁਤ ਹੈ। ਆਪਣੀਆਂ ਦਲੀਲਾਂ ਨਾਲ ਉਹ ਅਕਸਰ ਹੀ ਸਰੋਤਿਆਂ ਦਾ ਧਿਆਨ ਆਪਣੇ ਵੱਲ ਮੋੜ ਲੈਂਦਾ ਰਿਹਾ ਹੈ। ਜ਼ਰੂਰੀ ਨਹੀਂ ਕਿ ਕੋਈ ਉਸਦੇ ਵਿਚਾਰਾਂ ਨਾਲ ਸਹਿਮਤ ਹੋਵੇ, ਪਰ ਉਹਦੀਆਂ ਟਿੱਪਣੀਆਂ, ਕਿਸੇ ਨੂੰ ਘੱਟ, ਕਿਸੇ ਨੂੰ ਵੱਧ ਸੋਚਣ ਲਈ ਮਜ਼ਬੂਰ ਕਰ ਦਿੰਦੀਆਂ ਹਨ।

ਪੰਜਾਬੀ ਹਮੇਸ਼ਾ ਬਾਹਰੋਂ ਆਏ ਧਾੜਵੀਆਂ ਦਾ ਪਹਿਲਾ ਨਿਸ਼ਾਨਾ ਬਣਦੇ ਸਨ। ਇਹ ਸਿਲਸਿਲਾ ਘੱਟੋ ਘੱਟ ਦੋ ਢਾਈ ਹਜ਼ਾਰ ਸਾਲ ਤੱਕ ਚੱਲਦਾ ਰਿਹਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਉਹ ਪਾਠਕ ਨਾਲੋਂ ਸਰੋਤੇ ਵਧੇਰੇ ਹਨ। ਵੇਦਾਂ, ਉਪਨਿਸ਼ਦਾਂ ਨੂੰ ਇਸੇ ਕਾਰਨ ਸਰੁਤੀਆਂ ਕਿਹਾ ਜਾਂਦਾ ਸੀ, ਕਿਉਂਕਿ ਇਹ ਸੁਣ ਕੇ ਯਾਦ ਕੀਤਾ ਜਾਂਦੇ ਸਨ। ਪੰਜਾਬ ਵਿਚ ਢਾਡੀ, ਰਾਗੀ, ਗਵੰਤਰੀ, ਕਵੀਸ਼ਰ (ਤੇ ਅੱਜਕੱਲ ਤੂੰਬਿਆਂ ਤੇ ਢੋਲ-ਢਮੱਕੇ ਵਾਲੇ ਸਾਜਾਂ ਨਾਲ ਉੱਚੀ ਹੇਕ 'ਚ ਗਾਉਣ ਵਾਲੇ), ਇਸੇ ਪ੍ਰਥਾ ਨੂੰ ਜਾਰੀ ਰੱਖਦੇ ਆਏ ਹਨ। (ਪਾਠਕਾਂ ਦੀ ਘਾਟ ਦਾ ਇਕ ਕਾਰਨ ਇਹ ਵੀ ਹੈ।

ਮੇਰਾ ਨਿਜੀ ਵਿਚਾਰ ਹੈ ਕਿ ਸੁਰਜੀਤ ਗਿੱਲ ਵੀ ਇਸੇ ਪ੍ਰਥਾ ਨੂੰ ਜਾਰੀ ਰੱਖ ਰਿਹਾ ਹੈ, ਤਦੇ ਪਿਛਲੀ ਅੱਧੀ ਸਦੀ ਵਿਚ ਇਹਦੀ ਇਕੋ ਕਿਤਾਬ ਛਪੀ ਹੈ। ਜੋ ਕੁਝ ਰਸਾਲਿਆਂ ਵਿਚ ਲਿਖਦਾ ਰਿਹਾ ਹੈ, ਉਹ ਜੇ ਛਪਵਾ ਲੈਂਦਾ ਤਾਂ ਤਿੰਨ-ਚਾਰ ਕਿਤਾਬਾਂ ਤਾਂ ਬਣ ਹੀ ਜਾਣੀਆਂ ਸਨ। ਪਰ ਇਹ ਸ਼ਾਇਦ ਉਹਨੂੰ ਇਸੇ ਕਾਰਨ ਜ਼ਰੂਰੀ ਨਹੀਂ ਲੱਗਿਆ, ਕਿਉਂਕਿ ਲੇਖਕ ਨਾਲੋਂ ਉਹ ਵਕਤਾ ਵਧੇਰੇ ਹੈ। ਗਿੱਲ ਜੋ ਜਿਵੇਂ ਹੈ, ਉਹ ਸਾਨੂੰ ਹਮਜ਼ਾਤੋਵ ਦੇ ਮਿੱਤਰ ਕਵੀ ਅੱਬੂ ਤਾਲਿਬ ਵਾਂਗ ਹੀ ਮਨਜ਼ੂਰ ਹੈ। ਅੱਬੂ ਤਾਲਿਬ ਕਾਲਜ ਸਮਾਗਮ ਵਿਚ ਆਉਂਦਾ ਕਵਿਤਾ ਸੁਣਾਉਣ ਹੈ, ਪਰ ਕਾਲਜ ਦੀਆਂ ਵਿਦਿਆਰਥਣਾਂ ਨੂੰ ਸੁਰਨਾ (ਤੂੰਬੀ ਵਰਗਾ ਰੂਸੀ ਸਾਜ) ਸੁਣਾਉਣ ਲੱਗ ਪੈਂਦਾ ਹੈ। ਹਮਜ਼ਾਤੋਵ ਦੀ ਇਹ ਟਿੱਪਣੀ ਗਿੱਲ 'ਤੇ ਵੀ ਢੁੱਕਦੀ ਹੈ ਕਿ ਜੋ ਜਿਵੇਂ, ਜਿਹੋ ਜਿਹਾ ਉਹ ਹੈ, ਸਾਨੂੰ ਉਂਝ ਹੀ ਪ੍ਰਵਾਨ ਕਰਨਾ ਪਵੇਗਾ, ਕਿਉਂਕਿ ਪਹਾੜੀ ਗਏ ਅੱਕ ਮਿੱਠੇ ਨਹੀਂ ਹੁੰਦੇ, ਗੁਣਕਾਰੀ ਉਹ ਰੋਹੀਆਂ ਵਿਚ ਵੀ ਓਨੇ ਹੁੰਦੇ ਹਨ, ਜਿੰਨੇ ਪਹਾੜ 'ਚ ਉੱਗੇ। •••

7/262, ਗਿਆਨਪੀਠ ਮਾਗਰ, ਜੈਤੋ-151202 (ਫ਼ਰੀਦਕੋਟ)

ਕਵਿਤਾ ਮੇਰੇ ਨਾਲ-ਨਾਲ
ਹੁਣ ਤੀਕ ਦੀ ਸਮੁੱਚੀ ਕਵਿਤਾ ਦਾ ਸੰਗ੍ਰਹਿ
ਡਾ. ਰਵਿੰਦਰ
ਪੰਨੇ 508, ਮੁੱਲ 500/-
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ



# ਕਾਮਰੇਡ ਸੁਰਜੀਤ ਗਿੱਲ

**- ਰਾਮ ਸਰੂਪ ਅਣਖੀ**

1960 ਦੇ ਨੇੜੇ-ਤੇੜੇ ਦੀਆਂ ਗੱਲਾਂ ਹਨ। ਮੈਂ ਰਾਮਪੁਰਾਫੂਲ ਗੁਰਬਚਨ ਭੁੱਲਰ ਕੋਲ ਜਾਂਦਾ ਹੁੰਦਾ ਸੀ। ਉਦੋਂ ਉਥੇ ਮਿਲਦਾ ਸੀ ਸੁਰਜੀਤ ਗਿੱਲ। ਉਹਨਾਂ ਦਿਨਾਂ ਵਿਚ ਰਾਮਪੁਰਾਫੂਲ ਦਾ ਇਲਾਕਾ ਪਾਰਟੀ ਪੱਧਰ ਉੱਤੇ ਸੁਰਜੀਤ ਗਿੱਲ ਦੀ ਕਰਮ-ਭੂਮੀ ਸੀ।

ਇਕ ਵਾਰ ਮੈਂ ਜਲੰਧਰ ਗਿਆ। ਰਾਤ ਪੈ ਗਈ। ਮੈਂ 'ਲੋਕ ਲਹਿਰ' ਦੇ ਦਫ਼ਤਰ ਚਲਿਆ ਗਿਆ। ਜਗੀਰ ਸਿੰਘ ਜਗਤਾਰ ਉੱਥੇ ਸੀ, ਸੁਰਜੀਤ ਗਿੱਲ ਸੀ। ਉਹ ਮੈਨੂੰ ਪਾਰਟੀ ਦੇ ਦਫ਼ਤਰ ਲੈ ਗਏ। ਰੋਟੀ ਤਾਂ ਖਾ ਲਈ, ਪਰ ਪਾਰਟੀ ਦੇ ਇਕ ਸੀਨੀਅਰ ਕਾਮਰੇਡ ਨੇ ਮੇਰੀ ਜਾਣਕਾਰੀ ਲੈ ਕੇ ਕਿਹਾ, "ਇਸ ਮੁੰਡੇ ਨੂੰ ਹੋਰ ਕਿਧਰੇ ਲੈ ਜਾਓ। ਇਥੇ ਇਹ ਠੀਕ ਨਹੀਂ।" ਸੁਰਜੀਤ ਰੋਟੀ ਤਾਂ ਪਾਰਟੀ ਦੇ ਦਫ਼ਤਰ ਹੀ ਖਾਂਦਾ ਸੀ, ਪਰ ਰਹਿੰਦਾ ਹੋਰ ਕਿਧਰੇ ਕਮਰਾ ਲੈ ਕੇ। ਜਗਤਾਰ ਦਾ ਕਮਰਾ ਪਾਰਟੀ ਦਫ਼ਤਰ ਵਿਚ ਸੀ। ਮੈਨੂੰ ਸੁਰਜੀਤ ਆਪਣੇ ਨਾਲ ਲੈ ਗਿਆ। ਤੜਕੇ ਗਿੱਲ ਨੇ ਮੈਨੂੰ ਦੱਸਿਆ ਕਿ ਕਾਮਰੇਡ ਨੇ ਠੀਕ ਕੀਤਾ। ਰਾਤ ਤੂੰ ਉਥੇ ਨਹੀਂ ਸੀ। ਪੁਲਿਸ ਛਾਪਾ ਪਿਆ ਹੈ। ਉਹ ਕੁਝ ਸਾਥੀਆਂ ਨੂੰ ਲੈ ਗਏ। ਤੂੰ ਹੁੰਦਾ ਤਾਂ ਤੂੰ ਵੀ ਫੜਿਆ ਜਾਣਾ ਸੀ। ਉਸ ਰਾਤ ਗਿੱਲ ਨੇ ਮੈਨੂੰ ਸਮਝਾਇਆ ਕਿ ਇਹ ਸੀਰੀ-ਪਾਲੀ ਅਤੇ ਜੱਟ ਇਕੋ ਜਮਾਤ ਐ, ਤੂੰ ਆਪਣੀਆਂ ਕਹਾਣੀਆਂ ਵਿਚ ਸੀਰੀਆਂ-ਪਾਲੀਆਂ ਵਲੋਂ ਜੱਟਾਂ ਦਾ ਵਿਰੋਧਾ ਨਾ ਦਿਖਾਇਆ ਕਰ।

ਮੈਨੂੰ ਬਹੁਤ ਯਾਦ ਹੈ ਕਿ ਸੁਰਜੀਤ ਗਿੱਲ ਮੇਰੀ ਹਰ ਖੁਸ਼ੀ-ਗ਼ਮੀ ਵਿਚ ਸਾਡੇ ਘਰ ਆਉਂਦਾ ਰਿਹਾ ਹੈ। ਉਹ ਮੇਰੇ ਸਭ ਮੁੰਡੇ-ਕੁੜੀਆਂ ਦੇ ਵਿਆਹਾਂ ਸਮੇਂ ਆਇਆ ਹੈ। ਉਹਨੇ ਹਮੇਸ਼ਾ ਮੈਨੂੰ ਆਪਣੇ ਨੇੜੇ ਰੱਖਿਆ। ਸਾਡੀ ਬਹੁਤੀ ਨੇੜਤਾ ਉਦੋਂ ਬਣੀ ਜਦੋਂ ਉਹਨੇ 'ਕੋਠੇ ਖੜਕ ਸਿੰਘ' ਬਾਰੇ ਸਭ ਤੋਂ ਪਹਿਲਾ ਆਰਟੀਕਲ ਲਿਖਿਆ ਅਤੇ ਨਾਵਲ ਦੀ ਬੱਲੇ-ਬੱਲੇ ਹੋਣ ਲੱਗ ਪਈ। ਮੇਰੇ ਉਸ ਬੰਦੇ ਦੇ ਬੋਲ ਵੀ ਅੱਜ ਤੱਕ ਕਾਲਜੇ ਵਿਚ ਖੁੱਭੇ ਪਏ ਨੇ, ਜਿਹਨੇ ਲੁਧਿਆਣੇ ਮੇਰੇ ਮੂੰਹ 'ਤੇ ਮੈਨੂੰ ਆਖਿਆ, "ਐਵੇਂ ਸੁਰਜੀਤ ਗਿੱਲ ਨੇ ਤੈਨੂੰ ਹਵਾ ਦੇ ਤੀ, ਤੇਰੇ ਨਾਵਲ 'ਚ ਐਡੀ ਗੱਲ ਤਾਂ ਹੈਨ੍ਹੀ।" ਅਸਲ ਵਿਚ ਉਹਦੀ ਇਹ ਈਰਖਾ ਬੋਲੀ ਸੀ। ਸੋਚਦਾ ਹਾਂ, ਸੁਰਜੀਤ ਗਿੱਲ ਨੇ ਆਪਣਾ ਕੰਮ ਕੀਤਾ ਤੇ ਉਸ ਜੁਗਾੜੀ ਨੇ ਆਪਣਾ ਕੰਮ।

ਸੁਰਜੀਤ ਗਿੱਲ ਦੀ ਆਪਣੀ ਇਕ ਉਸਾਰੂ ਸੋਚ ਹੈ, ਜਿਸ ਦੀ ਮੈਂ ਹਮੇਸ਼ਾ ਕਦਰ ਕੀਤੀ ਹੈ। ਮੇਰੀ ਹਰ ਰਚਨਾ ਬਾਰੇ ਉਹਦੀ ਟਿੱਪਣੀ ਹਮੇਸ਼ਾ ਇਕੋ ਜਿਹੀ ਜਾਂ ਪ੍ਰਸ਼ੰਸਾਤਮਿਕ ਨਹੀਂ ਹੁੰਦੀ। ਮੈਨੂੰ ਪਤਾ ਨਹੀਂ ਹੁੰਦਾ ਕਿ ਮੇਰੀ ਇਸ ਕਿਤਾਬ ਬਾਰੇ ਉਹ ਕੀ ਆਖੇਗਾ। ਮੇਰੀ ਲੰਬੀ ਕਹਾਣੀ 'ਛਪੜੀ ਵਿਹੜਾ' ਛਪੀ। ਹੋਰਾਂ ਪਾਸਿਓਂ ਉਹਦੀ ਖਾਸਾ ਪ੍ਰਸ਼ੰਸਾ ਹੋਈ। ਸੁਰਜੀਤ ਗਿੱਲ ਬਰਨਾਲੇ ਮਿਲਿਆ ਅਤੇ ਮਿਲਦਿਆਂ ਹੀ ਪੈ ਗਿਆ ਮੈਨੂੰ, "ਅਣਖੀ ਬਈ, ਆਹ ਤਾਂ ਜਮ੍ਹਾਂ ਲਿੱਦ ਕਰ 'ਤੀ ਤੂੰ। ਆਪਣੇ ਪਾਤਰ ਨੂੰ ਥੱਲੇ ਲਾਹ 'ਤਾ। ਯਾਰ, ਉਹਨੂੰ

ਬਚਾਉਣਾ ਸੀ।"

ਮੈਂ ਚੁੱਪ ਹੋ ਗਿਆ। ਪਰ ਮਨ ਆਖ ਰਿਹਾ ਸੀ, ਯਥਾ-ਸਥਿਤੀ ਦਿਖਾ ਕੇ ਮੈਂ ਤਾਂ ਪਾਠਕ ਦੇ ਅੰਦਰ ਕਿਧਰੇ ਵਿਦਰੋਹ ਦਿਖਾਉਣਾ ਸੀ। ਸੁਰਜੀਤ ਗਿੱਲ ਨੂੰ ਜਿਹੜਾ ਗੁੱਸਾ ਆਇਆ, ਇਹੀ ਮੈਂ ਕਰਨਾ ਸੀ।

ਮੇਰੇ ਛੋਟੇ ਨਾਵਲ 'ਜ਼ਖ਼ਮੀ ਅਤੀਤ' ਬਾਰੇ ਹੋਰਾਂ ਨਾਲੋਂ ਉਹਦੀ ਵੱਖਰੀ ਖੋਜ ਸੀ। ਉਹ ਲਿਖਦਾ ਹੈ, 'ਨਾਵਲਕਾਰ ਨੇ ਪਹਿਲੀ ਵਾਰ ਅਜਿਹੇ ਪਾਤਰ ਸਿਰਜੇ ਹਨ, ਜਿਹੜੇ ਜਗੀਰਦਾਰੀ ਸੋਚ ਦੀ ਲਛਮਣ-ਰੇਖਾ ਟੱਪ ਕੇ ਬੁਰਜਵਾ ਸੋਚ ਤੇ ਅਮਲ ਨੂੰ ਗ੍ਰਹਿਣ ਕਰਦੇ ਹਨ। ਜਿੱਥੇ ਇਹ ਜਗੀਰਦਾਰੀ ਪ੍ਰਥਾ ਦੇ ਉਲਟ ਬਗਾਵਤ ਹੈ, ਉਥੇ ਬੁਰਜਵਾ ਪ੍ਰਥਾ ਦੀ ਖ਼ੁਦਗਰਜ਼ੀ ਤੇ ਨਿਰਦਈਪੁਣੇ ਨੂੰ ਵੀ ਨੰਗਾ ਕਰਦਾ ਹੈ। ਨਾਇਕਾ ਆਪਣਾ ਨਿਜੀ ਜੀਵਨ ਉਸਾਰਨ ਦੀ ਖ਼ੁਦਗਰਜ਼ੀ ਅਧੀਨ ਮਾਸੂਮ ਬੱਚੇ ਤੇ ਸੱਸ ਵੱਲ ਨਿਰਦਈ ਹੋ ਜਾਂਦੀ ਹੈ। ਬੁਰਜਵਾ ਪ੍ਰਥਾ ਦੀ ਇਹੋ ਦੇਣ ਹੈ ਕਿ ਉਹ ਜਗੀਰਦਾਰੀ ਪ੍ਰਥਾ ਦੀ ਅਖੌਤੀ ਸਮੂਹਕਤਾ ਨੂੰ ਤੋੜ ਕੇ ਵਿਅਕਤੀ ਨੂੰ ਖ਼ੁਦਗਰਜ਼ ਬਣਾਉਂਦੀ ਹੈ। ਇਸ ਤਰ੍ਹਾਂ ਇਹ ਨਾਵਲ ਅਣਖੀ ਦੀ ਇਕ ਅਹਿਮ ਪ੍ਰਾਪਤੀ ਹੈ।

ਕਮਿਊਨਿਸਟ ਪਾਰਟੀਆਂ ਵਿਚੋਂ ਸੁਰਜੀਤ ਗਿੱਲ ਜਿਹੇ ਬਹੁਤ ਘੱਟ ਕਾਮਰੇਡ ਹਨ ਜਿਹੜੇ ਹਮੇਸ਼ਾ ਸਾਹਿਤ ਨਾਲ ਜੁੜੇ ਰਹਿੰਦੇ ਹੋਣ। ਸੁਰਜੀਤ ਗਿੱਲ ਕੋਈ ਰਚਨਾ ਪੜ੍ਹ ਕੇ ਉਹਦੇ ਨਾਲ ਬਾਅਦ ਵਿਚ ਵੀ ਜੁੜਿਆ ਰਹਿੰਦਾ ਹੈ। ਉਹਦੇ ਬਾਰੇ ਪਿੱਛੋਂ ਵੀ ਸੋਚਦਾ ਹੈ। 1985 ਵਿਚ ਉਹਨੇ 'ਕੋਠੇ ਖੜਕ ਸਿੰਘ' ਦੀ ਬੇਹੱਦ ਤਾਰੀਫ਼ ਕੀਤੀ ਸੀ। ਤਾਰੀਫ਼ ਹੀ ਨਹੀਂ ਬਾਅਦ ਵਿਚ ਉਹਦੀ ਵਕਾਲਤ ਵੀ ਕਰਦਾ ਰਿਹਾ। ਪਰ ਪੂਰੇ ਵੀਹ ਸਾਲਾਂ ਬਾਅਦ ਬਿਆਨ ਦਿੱਤਾ ਕਿ ਨਾਵਲ ਅਧੂਰਾ ਹੈ। ਇਹਦੇ ਵਿਚ 'ਵਿਹੜਾ' ਨਹੀਂ ਹੈ। ਮੈਂ ਉਹਦੀ ਇਹ ਟਿੱਪਣੀ ਪੜ੍ਹੀ ਤੇ ਸੋਚਿਆ। ਪਰ ਮੇਰਾ ਨਿਰਣਾ ਸੀ, ਨਾਵਲ ਤਾਂ ਮੈਂ ਜੱਟ-ਕਿਸਾਨਾਂ ਦਾ ਲਿਖਿਆ ਸੀ। ਤੇ ਉਹਨਾਂ ਦਿਨਾਂ ਵਿਚ ਦਲਿਤ ਚੇਤਨਾ ਦਾ ਦੌਰ ਸ਼ੁਰੂ ਹੋ ਚੁੱਕਿਆ ਹੁੰਦਾ ਤਾਂ ਮਜ਼ਬੀ-ਰਾਮਦਾਸੀਆਂ ਦੇ ਮਸਲੇ ਵੀ ਛੇੜੇ ਜਾ ਸਕਦੇ ਸਨ। ਜਦੋਂ ਕਿ ਮਰਾਠੀ ਲੇਖਕਾਂ ਨੇ ਹਿੰਦੀ ਸਾਹਿਤ ਵਿਚ ਇਹ ਮਸਲੇ ਬਹੁਤ ਪਹਿਲਾਂ ਛੇੜ ਰੱਖੇ ਸਨ।

ਕਿੰਨੇ ਵੀ ਵਰ੍ਹਿਆਂ ਤੋਂ ਸੁਰਜੀਤ ਗਿੱਲ ਨੂੰ ਮੈਂ ਆਪਣੀ ਲਗਭਗ ਹਰ ਕਿਤਾਬ ਭੇਜਦਾ ਰਿਹਾ ਹਾਂ। 2005 ਵਿਚ ਮੇਰਾ ਨਾਵਲ 'ਬੱਸ ਹੋਰ ਨਹੀਂ' ਛਪਿਆ ਪਰ ਮੈਂ ਉਹਨੂੰ ਇਹ ਨਹੀਂ ਭੇਜਿਆ। ਡਰਦਾ ਸੀ ਕਿਤੇ ਨਾਵਲ ਪੜ੍ਹ ਕੇ ਉਹ ਮੇਰੇ ਗ਼ਲ ਹੀ ਨਾ ਪੈ ਜਾਵੇ। ਡਰ ਮੈਨੂੰ ਇਹ ਸੀ ਕਿ ਪਾਠਕਾਂ ਵਲੋਂ ਕਿਤੇ ਨਾਵਲ ਨੂੰ ਸੈਕਸ-ਪ੍ਰਵਿਰਤੀਆਂ ਦੀ ਰਚਨਾ ਨਾ ਸਮਝ ਲਿਆ ਜਾਵੇ। ਜਦੋਂ ਕਿ ਨਾਵਲ ਲਿਖਣ ਦਾ ਮੇਰਾ ਮਕਸਦ ਹੋਰ ਸੀ। ਮੈਂ ਇਹ ਰਚਨਾ ਪਰੰਪਰਿਕ ਵਿਆਹ-ਪ੍ਰਥਾ ਦੇ ਵਿਰੋਧ ਵਿਚ ਲਿਖੀ ਹੈ। ਪਰ ਸੁਰਜੀਤ ਗਿੱਲ ਤੇਜ਼ ਨਿਕਲਿਆ। ਉਹਨੇ ਨਾਵਲ ਪਤਾ ਨਹੀਂ ਕਿੱਥੋਂ ਲੈ ਕੇ ਪੜ੍ਹ ਲਿਆ ਅਤੇ ਝੱਟ ਮੈਨੂੰ ਫੋਨ ਕੀਤਾ। ਉਹ ਨਾਵਲ ਦੀ ਤਾਰੀਫ਼ ਕਰ ਰਿਹਾ ਸੀ। ਇਹ ਵੀ ਆਖਦਾ ਸੀ ਕਿ ਇਹ



ਨਾਵਲ ਉਹ ਹੋਰਾਂ ਨੂੰ ਵੀ ਪੜ੍ਹਵਾ ਰਿਹਾ ਹੈ। ਉਹਨੇ ਇਸ ਦਾ ਰੀਵਿਊ ਕਰਦਿਆਂ ਲਿਖਿਆ, "ਜਗੀਰੂ ਪ੍ਰਥਾ ਅਨੁਸਾਰ ਸੰਦਲੀ ਦੇ ਵਿਵਹਾਰ ਨੂੰ ਬਦਚਲਣੀ ਗਰਦਾਨਿਆ ਜਾ ਸਕਦਾ ਹੈ, ਪ੍ਰੰਤੂ ਸੰਦਲੀ ਲਈ ਮਰਦ ਇਕ ਲੋੜ ਹੈ। ਉਹ ਇਕ ਸਮੇਂ ਇਕ ਮਰਦ ਭੋਗਦੀ ਹੈ। ਉਹ ਵਿਕਦੀ ਜਾਂ ਸੌਦਾ ਨਹੀਂ ਕਰਦੀ, ਸਗੋਂ ਆਪਣੀ ਮਰਜ਼ੀ ਅਨੁਸਾਰ ਅਤੇ ਆਪਣੀ ਲੋੜ ਅਨੁਸਾਰ ਮਰਦ ਨਾਲ ਸੰਬੰਧ ਜੋੜਦੀ ਹੈ। ਮੇਰੇ ਚਿੰਤਨ ਅਨੁਸਾਰ ਇਹ ਕੁਝ ਕਰਕੇ ਸੰਦਲੀ ਇੱਕ ਮੁਕਤ ਔਰਤ ਵਜੋਂ ਪੇਸ਼ ਹੁੰਦੀ ਹੈ, ਜਿਹੜੀ ਸਾਰੇ ਪੁਰਾਣੇ ਸੰਸਕਾਰਾਂ ਤੋਂ ਸੰਪੂਰਨ ਤੌਰ 'ਤੇ ਮੁਕਤ ਹੁੰਦੀ ਹੈ ਤੇ ਇਸੇ ਮੁਕਤੀ ਦਾ ਪ੍ਰਗਟਾਵਾ ਕਰਦੀ ਹੈ। ਇਸ ਤਰ੍ਹਾਂ ਨਵੇਂ ਯੁੱਗ ਦੀ ਇਸਤਰੀ ਤੇ ਨਾਇਕਾ ਦਾ ਜਨਮ ਹੋ ਗਿਆ। ਮੈਂ ਇਸ ਨੂੰ ਪੰਜਾਬੀ ਸਾਹਿਤ ਲਈ ਇਕ ਸ਼ੁਭ ਸ਼ਗਨ ਸਮਝਦਾ ਹਾਂ ਤੇ ਜਗੀਰੂ ਸੰਸਕਾਰਾਂ ਦੀ ਕਬਰ 'ਤੇ ਖੜ੍ਹ ਕੇ ਉਹਨਾਂ ਦੇ ਮਰਨ ਦਾ ਐਲਾਨ ਕਰਦਾ ਹਾਂ।"

ਸੁਰਜੀਤ ਗਿੱਲ ਮੌਜੂਦਾ ਸਿਸਟਮ ਤੇ ਕਲਚਰ ਨੂੰ ਸਮਝਣ ਵਾਲਾ ਇਕ ਚਿੰਤਕ ਕਮਿਊਨਿਸਟ ਹੈ। ਲੇਖਕਾਂ ਪ੍ਰਤੀ ਉਹਦੇ ਕੋਲ ਲਿਹਾਜ਼ ਨਾਂ ਦੀ ਕੋਈ ਚੀਜ਼ ਨਹੀਂ। ਉਹ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿ ਦੇਣ ਵਾਲਾ ਪੰਜਾਬੀ ਵਿਦਵਾਨ ਹੈ। ਚਾਹੇ ਉਮਰ ਵਿਚ ਉਹ ਮੈਥੋਂ ਇਕ-ਦੋ ਸਾਲ ਛੋਟਾ ਹੈ, ਪਰ ਮੈਨੂੰ ਹਮੇਸ਼ਾ ਵੱਡਾ-ਵੱਡਾ ਲੱਗਦਾ ਹੈ।

## ਇਕ ਪ੍ਰਤਿਭਾਵਾਨ ਆਲੋਚਕ ਅਤੇ ਸਾਊ ਮਨੁੱਖ : ਕਾ. ਸੁਰਜੀਤ ਗਿੱਲ

- ਬਲਦੇਵ ਸਿੰਘ

ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਗਿੱਲੀਆਂ ਛਿਟੀਆਂ ਦੀ ਅੱਗ' ਛਪਿਆ, ਉਦੋਂ ਮੈਂ ਕਲਕੱਤੇ ਸੀ। ਕੁਝ ਦਿਨਾਂ ਬਾਅਦ ਮੈਨੂੰ ਇਕ ਪੋਸਟ ਕਾਰਡ ਮਿਲਿਆ। ਉਹ ਵਿਚ ਮੇਰੀਆਂ ਕਹਾਣੀਆਂ ਬਾਰੇ ਟਿੱਪਣੀਆਂ ਸਨ। ਹੇਠਾਂ ਸੁਰਜੀਤ ਗਿੱਲ ਦੇ ਦਸਤਖ਼ਤ ਸਨ। ਮੈਨੂੰ ਖ਼ੁਸ਼ੀ ਭਰੀ ਹੈਰਾਨੀ ਹੋਈ। ਪੰਜਾਬੀ ਸਾਹਿਤ ਸੰਸਾਰ ਨਾਲ ਉਦੋਂ ਮੇਰੀ ਜਾਣਕਾਰੀ ਬਿਲਕੁਲ ਨਹੀਂ ਸੀ। ਇਕ ਸਾਹਿਤਕ ਪਾਠਕ ਹੋਣ ਕਰਕੇ ਮੈਂ ਕੁਝ ਨਾਵਾਂ ਨੂੰ ਜਾਣਦਾ ਸਾਂ। ਸੁਰਜੀਤ ਗਿੱਲ ਤਾਂ ਮੇਰੇ ਲਈ ਅਸਲੋਂ ਨਵਾਂ ਨਾਮ ਸੀ। ਪਤਾ ਪਿੰਡ ਘੋਲੀਆਂ ਕਲਾਂ ਦਾ ਸੀ। ਇਹ ਕਾਰਡ ਗਿੱਲ ਨਾਲ ਮੇਰੀ ਪਹਿਲੀ ਪਛਾਣ ਬਣਿਆ।

ਫਿਰ ਤਾਂ ਜਦੋਂ ਵੀ ਕਦੇ ਪੰਜਾਬ ਆਉਂਦਾ, ਮੈਂ ਸੁਰਜੀਤ ਗਿੱਲ ਨੂੰ ਮਿਲਦਾ। ਉਹ ਮੈਨੂੰ ਕਹਾਣੀ ਲਿਖਣ ਦੀਆਂ ਬਾਰੀਕੀਆਂ ਅਤੇ ਕਲਾ ਬਾਰੇ ਸਮਝਾਉਂਦਾ। ਕਹਾਣੀ ਦਾ ਆਰੰਭ ਕਿਵੇਂ ਹੋਵੇ, ਅੰਤ ਕਿਵੇਂ ਹੋਣਾ ਚਾਹੀਦਾ। .... ਕਹਾਣੀ ਲਿਖਣ ਦੀਆਂ ਜੁਗਤਾਂ ਬਾਰੇ ਦੱਸਦਾ! ਮੇਰੇ ਲਈ ਇਹ ਸੁਝਾਅ, ਸਿੱਖਿਆਵਾਂ, ਰਾਵਾਂ ਬੜੀਆਂ ਅਜੀਬ ਸਨ ਜਿਹੜੀਆਂ ਅਗਾਂਹ ਜਾ ਕੇ ਬੜੇ ਕੰਮ ਆਈਆਂ। ਮੈਂ ਸੁਰਜੀਤ ਗਿੱਲ ਦੀ ਸੂਝ ਅਤੇ ਸਿਆਣਪ ਦਾ ਕਾਇਲ ਹੋ ਗਿਆ।

ਮੇਰੇ ਨਾਵਲ 'ਕੱਲਗੀ ਧਰਤੀ' ਉੱਪਰ ਸੁਰਜੀਤ ਗਿੱਲ ਨੇ ਖੋਜ-ਪੱਤਰ ਪੜ੍ਹਿਆ। ਮੈਨੂੰ ਯਾਦ ਹੈ, ਉਸਨੇ ਕਿਹਾ, ਇਹ ਨਾਵਲ ਜਸਵੰਤ ਸਿੰਘ ਕੰਵਲ ਦੇ ਨਾਵਲ 'ਪੂਰਨਮਾਸ਼ੀ' ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈ। ਮੈਂ ਸਾਹਿਤ ਖੇਤਰ ਵਿਚ ਨਵਾਂ ਸਾਂ ਅਤੇ ਆਪਣੀ ਪ੍ਰਤਿਭਾ ਬਾਰੇ ਮੈਨੂੰ ਕੋਈ ਭਰਮ ਨਹੀਂ ਸੀ, ਪਰ ਸੁਰਜੀਤ ਗਿੱਲ ਦੀ ਇਹ ਟਿੱਪਣੀ ਉਦੋਂ ਕੁਝ ਲੇਖਕਾਂ ਨੂੰ ਹਜ਼ਮ ਨਹੀਂ ਸੀ ਹੋਈ। ਸੁਹਿਰਦ ਮਿੱਤਰ ਵਾਂਗ ਸੁਰਜੀਤ ਗਿੱਲ ਜਦੋਂ ਕਦੇ ਵੀ ਮੈਨੂੰ ਮਿਲਦਾ, ਉਹ ਮੇਰੀਆਂ ਰਚਨਾਵਾਂ ਦੀਆਂ ਗ਼ਲਤੀਆਂ ਬਾਰੇ ਮੈਨੂੰ ਸੁਚੇਤ ਕਰਦਾ, ਅੱਗੇ ਤੋਂ ਇਹਨਾਂ ਨੂੰ ਦੁਹਰਾਉਣ ਬਾਰੇ ਖਬਰਦਾਰ ਕਰਦਾ। ਮੈਂ ਸਦਾ ਉਸਦੇ ਸੁਝਾਵਾਂ ਉਪਰ ਚੱਲਣ ਦੀ ਕੋਸ਼ਿਸ਼ ਕਰਦਾ ਤੇ ਹੁਣ ਵੀ ਕਰਦਾ ਹਾਂ।

ਸੁਰਜੀਤ ਗਿੱਲ ਸਦਾ ਵਿਵਹਾਰਕ ਆਲੋਚਨਾ ਦਾ ਮੁਦਈ ਰਿਹਾ ਹੈ। ਅਕਾਦਮਿਕ ਔਖੀ ਸ਼ਬਦਾਵਲੀ ਅਤੇ ਵਿਦੇਸ਼ੀ ਆਲੋਚਨਾ ਪ੍ਰਣਾਲੀ ਵਿਚੋਂ ਗ੍ਰਹਿਣ ਕੀਤੀਆਂ ਧਾਰਨਾਵਾਂ ਨੂੰ ਉਹ ਪਸੰਦ ਨਹੀਂ ਕਰਦਾ। ਆਪਣੀ ਮਿੱਤਰਤਾਈ ਅਤੇ ਸਾਰੇ ਲਿਹਾਜ਼ ਪਾਸੇ ਰੱਖ ਕੇ ਉਹ ਇਮਾਨਦਾਰ ਆਲੋਚਕ ਵਾਂਗ ਰਚਨਾ ਦਾ ਮੁਲਾਂਕਣ ਕਰਦਾ ਹੈ। ਇਸੇ ਕਾਰਨ ਅਜੇ ਉਹ ਕਿਸੇ ਤਰ੍ਹਾਂ ਦੀ ਆਲੋਚਨਾ ਗੁੱਟਬੰਦੀ ਵਿਚ ਸ਼ਾਮਲ ਨਹੀਂ ਹੈ।

ਪਿੱਛੇ ਜਿਹੇ 'ਦੇਸ਼ ਸੇਵਕ' ਅਖ਼ਬਾਰ ਵਿਚ ਮੇਰੀ ਇਕ ਸੰਖੇਪ ਜਿਹੀ ਮੁਲਾਕਾਤ ਛਪੀ, ਜਿਸ ਵਿਚ ਇਕ ਪ੍ਰਸ਼ਨ ਦੇ ਉੱਤਰ ਵਿਚ ਮੈਂ ਕਿਹਾ ਸੀ, "ਹੌਲੀ ਹੌਲੀ ਮੈਨੂੰ ਵੀ ਲਿਖਣ ਕਲਾ ਦੀ ਜਾਂਚ ਆ ਜਾਏਗੀ।" ਸੁਰਜੀਤ ਗਿੱਲ ਨੇ ਮੈਨੂੰ ਫੋਨ ਕੀਤਾ, 'ਬਲਦੇਵ ਮੈਂ ਤੇਰੀ ਨਿਰਮਾਣਤਾ 'ਤੇ ਬਹੁਤ ਖ਼ੁਸ਼ ਹਾਂ। ਲੇਖਕ ਨੂੰ ਸਦਾ ਸਿੱਖਦੇ ਰਹਿਣਾ ਚਾਹੀਦਾ ਹੈ।'

ਉਹ ਸਦਾ ਇਸ ਤਰ੍ਹਾਂ ਮੈਨੂੰ ਪ੍ਰੇਰਨਾ ਦਿੰਦਾ ਰਹਿੰਦਾ ਹੈ। ਜੇ ਰਚਨਾ ਉਸਨੂੰ ਪਸੰਦ ਆਈ ਤਾਂ ਸ਼ਾਬਾਸ਼ ਦਿੰਦਾ ਹੈ, ਨਹੀਂ ਤਾਂ ਕਹੇਗਾ... ਤੇਰੀ ਆਹ ਕਹਾਣੀ ਜਾਂ ਆਹ ਨਾਵਲ ਮੈਨੂੰ ਪ੍ਰਭਾਵਤ ਨਹੀਂ ਕਰ ਸਕੇ। ਨਾਵਲ 'ਲਾਲ ਬੱਤੀ' ਅਤੇ 'ਅੰਨਦਾਤਾ' ਬਾਰੇ ਜਿਹੜੀਆਂ ਗੱਲਾਂ ਉਸਨੂੰ ਚੰਗੀਆਂ ਲੱਗੀਆਂ, ਪ੍ਰਸ਼ੰਸਾ ਕੀਤੀ, ਜਿੱਥੇ ਮੈਂ ਕੁਤਾਹੀ ਕੀਤੀ ਸੀ, ਉਹਨਾਂ ਤੋਂ ਜਾਣੂ ਕਰਵਾਇਆ। ਇਕ ਦਿਨ ਕਿਹਾ, 'ਬਲਦੇਵ ਤੇਰੇ ਨਾਵਲ 'ਕੱਲਗੀ ਧਰਤੀ' ਦੀ ਜਿੰਨੀ ਚਰਚਾ ਹੋਣੀ ਚਾਹੀਦੀ ਸੀ, ਹੋਈ ਨਹੀਂ। ਮੇਰਾ ਜੀਅ ਕਰਦਾ ਹੈ, ਇਸਦਾ ਪੁਨਰ ਮੁਲਾਂਕਣ ਕੀਤਾ ਜਾਵੇ।'

ਸੁਰਜੀਤ ਗਿੱਲ ਦੀਆਂ ਇਸ ਤਰ੍ਹਾਂ ਦੀਆਂ ਰਾਵਾਂ ਮੇਰੇ ਲਈ ਬੜਾ ਮਹੱਤਵ ਰੱਖਦੀਆਂ ਹਨ। 'ਪੰਜਵਾਂ ਸਾਹਿਬਜ਼ਾਦਾ' ਅੱਜ ਕੱਲ ਉਹ ਪੜ੍ਹ ਰਿਹਾ ਹੈ। ਉਸ ਨੂੰ ਪਤਾ ਹੈ, ਮੈਂ ਭਗਤ ਸਿੰਘ ਦੇ ਜੀਵਨ ਨੂੰ ਨਾਵਲੀ ਰੂਪ ਦੇ ਰਿਹਾ ਹਾਂ। ਇਕ ਦਿਨ ਕਹਿੰਦਾ, 'ਬਲਦੇਵ ਛਪਣ ਤੋਂ ਪਹਿਲਾਂ ਮੈਨੂੰ ਇਹ ਨਾਵਲ ਪੜ੍ਹਾ ਲਈਂ।'

ਉਹ ਇੰਨਾ ਸਾਊ ਮਨੁੱਖ ਹੈ, ਆਪਣੀ ਪ੍ਰਤਿਭਾ ਦਾ ਕਦੇ ਵਿਖਾਵਾ ਨਹੀਂ ਕਰਦਾ। ਉਹ ਬੱਸਾਂ ਤੇ ਸਕੂਟਰਾਂ ਪਿੱਛੇ ਬੈਠ ਕੇ ਦੂਰ-ਦੂਰ ਤੱਕ ਸਾਹਿਤਕ ਸਮਾਗਮਾਂ ਵਿਚ ਪਹੁੰਚ ਕੇ ਸਮਾਗਮਾਂ ਦੀ ਸਾਰਥਿਕਤਾ ਵਿਚ ਨਵੇਂ ਅਰਥ ਸਿਰਜ ਦਿੰਦਾ ਹੈ। ਮੈਨੂੰ ਸਾਡੇ ਇਲਾਕੇ ਦੇ ਇਸ ਵਿਦਵਾਨ ਆਲੋਚਕ ਅਤੇ ਸਾਊ ਮਨੁੱਖ ਉਪਰ ਬੇਹੱਦ ਮਾਣ ਹੈ। •••



# ਰਿਸ਼ਤਿਆਂ ਦਾ ਜੰਗਲ ਤੇ ਸੁਰਜੀਤ ਗਿੱਲ

- ਡਾ. ਬਲਜੀਤ ਕੌਰ ਬੱਲੀ

ਸੁਰਜੀਤ ਗਿੱਲ ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। 'ਕਾਮਰੇਡ ਸੁਰਜੀਤ ਗਿੱਲ', 'ਸੁਰਜੀਤ ਗਿੱਲ', 'ਗਿੱਲ ਸਾਹਿਬ' ਤੇ 'ਬਾਈ ਸੁਰਜੀਤ ਗਿੱਲ' ਇਹ ਸਾਰੇ ਸੰਬੋਧਨ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅ ਤੇ ਰਿਸ਼ਤਿਆਂ ਦੇ ਪਾਸਾਰ ਦੇ ਸੰਕੇਤ ਹਨ। ਇਹ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਜੁੜੇ ਉਨ੍ਹਾਂ ਦੇ ਨਾਂ ਜਾਂ ਉਪ ਨਾਂ ਹੀ ਨਹੀਂ ਬਲਕਿ ਉਹਨਾਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਨਾਲ ਜੁੜੇ ਰਿਸ਼ਤੇ ਵੀ ਹਨ। ਉਂਜ ਉਨ੍ਹਾਂ ਦੀ ਪਹਿਚਾਣ ਇਕ ਕਾਮਰੇਡ ਵਜੋਂ ਉੱਭਰੀ ਤੇ ਮੰਨੀ ਪ੍ਰਮੰਨੀ ਗਈ ਹੈ। ਸੁਰਜੀਤ ਗਿੱਲ ਨੇ ਜਦੋਂ ਆਪਣੀ ਉਮਰ ਦੇ ਚੁਹੱਤਰ ਵਰ੍ਹੇ ਪੂਰੇ ਕੀਤੇ ਤਾਂ ਉਨ੍ਹਾਂ ਦੇ ਦੋਸਤਾਂ-ਮਿੱਤਰਾਂ, ਸੰਗੀਆਂ-ਸੁਨੇਹੀਆਂ, ਪਾਠਕਾਂ ਤੇ ਸ਼ਰਧਾਲੂਆਂ ਤੇ ਪਾਰਟੀ ਦੇ ਕਾਰਕੁਨਾਂ ਮਿਲਕੇ ਉਹਨਾਂ ਦਾ ਜਨਮ ਦਿਨ ਮਨਾਉਂਦਿਆਂ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਲੇਖਾ-ਜੋਖਾ ਕੀਤਾ ਤੇ ਜੀਵਨ ਦੇ ਕਈ ਮਹੱਤਵਪੂਰਨ ਪੱਖਾਂ ਨੂੰ ਵੀ ਉਭਾਰਿਆ, ਜਿਨ੍ਹਾਂ ਵੱਲ ਪਹਿਲਾਂ ਬਹੁਤਾ ਧਿਆਨ ਨਹੀਂ ਸੀ ਕੀਤਾ ਗਿਆ।

ਕਮਿਊਨਿਸਟ ਪਾਰਟੀ (ਸੀ. ਪੀ. ਐਮ.) ਦੀ ਗੱਲ ਕਰਦਿਆਂ ਭਾਵੇਂ ਸੁਰਜੀਤ ਗਿੱਲ ਦਾ ਕਿਰਦਾਰ ਆਪ ਮੁਹਾਰਾ ਸਾਹਮਣੇ ਆ ਜਾਂਦਾ ਹੈ ਕਿ ਉਨ੍ਹਾਂ ਕਿੰਨੀ ਸੁੱਚ, ਸੱਚ ਤੇ ਵਫ਼ਾਦਾਰੀ ਨਾਲ ਆਪਣੇ ਅਹੁਦੇ ਦੀ ਪਛਾਣ ਕਰਦਿਆਂ ਪਾਰਟੀ ਲਈ ਕੰਮ ਕੀਤਾ। ਇਹ ਗੱਲ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਪਾਰਟੀ ਲਈ ਕੰਮਕਾਜ ਕਰਦਿਆਂ, ਉਨ੍ਹਾਂ ਆਪਣੇ ਨਿਜੀ ਪਰਿਵਾਰ ਤੇ ਘਰ ਨੂੰ ਪ੍ਰਮੁੱਖਤਾ ਨਹੀਂ ਦਿੱਤੀ। ਸੁਰਜੀਤ ਗਿੱਲ ਨੂੰ 'ਗਿੱਲ', 'ਗਿੱਲ ਸਾਹਬ' ਜਾਂ ਬਾਈ ਸੁਰਜੀਤ ਗਿੱਲ ਕਹਿਣ ਵਾਲੇ ਘੱਟ ਵਿਅਕਤੀ ਹਨ। ਪੰਜਾਬੀ ਸਾਹਿਤ ਵਿਚ ਉਨ੍ਹਾਂ ਦੀ ਪਛਾਣ ਇਕ ਮਾਰਕਸਵਾਦੀ ਆਲੋਚਕ ਵਜੋਂ ਬਣੀ ਹੋਈ ਸੀ। ਜਿੱਥੇ ਉਨ੍ਹਾਂ ਮਾਰਕਸਵਾਦ ਦਾ ਡੂੰਘਾ ਅਧਿਐਨ ਕੀਤਾ ਉੱਥੇ ਹੋਰ ਵੀ ਬਹੁਤ ਸਾਰੀਆਂ ਜਗਤ ਪ੍ਰਸਿੱਧ ਪੁਸਤਕਾਂ ਤੇ ਸਵੈ-ਜੀਵਨੀਆਂ ਵੀ ਪੜ੍ਹੀਆਂ। ਮਨੋਵਿਗਿਆਨ ਤੇ ਭਾਰਤੀ ਦਰਸ਼ਨ ਦਾ ਡੂੰਘਾ ਅਧਿਐਨ ਕੀਤਾ। ਅੱਜ ਵੀ ਉਨ੍ਹਾਂ ਦੀਆਂ ਅਲਮਾਰੀਆਂ ਇਨ੍ਹਾਂ ਜਗਤ ਪ੍ਰਸਿੱਧ ਪੁਸਤਕਾਂ ਨਾਲ ਭਰੀਆਂ ਯੋਗ ਵਾਰਿਸ ਦੀ ਉਡੀਕ ਵਿਚ ਹਨ, ਜੋ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਗੇ ਤੋਰੇ ਤੇ ਪਾਠਕ ਪੈਦਾ ਕਰੇ।

ਕਾਮਰੇਡ ਸੁਰਜੀਤ ਗਿੱਲ ਦੀ ਸ਼ਖ਼ਸੀਅਤ ਦੇ ਭਾਵੇਂ ਬਹੁਤ ਸਾਰੇ ਪਹਿਲੂ ਹਨ, ਜਿਨ੍ਹਾਂ ਨੂੰ ਬਿਆਨ ਗੋਚਰੇ ਕੀਤਾ ਜਾ ਸਕਦਾ ਹੈ ਜਾਂ ਧਿਆਨ ਗੋਚਰੇ ਕਰਨਾ ਬਣਦਾ ਹੈ, ਪਰੰਤੂ ਮੇਰੀ ਆਪਣੀ ਇਕ ਸੀਮਾ ਤੇ ਸਮਰੱਥਾ ਹੈ, ਜਿਸ ਅਧੀਨ ਮੈਂ ਬਾਈ ਸੁਰਜੀਤ ਗਿੱਲ ਨੂੰ ਆਪਣੇ ਬਣਾਏ 'ਮੂੰਹ-ਬੋਲੇ' ਰਿਸ਼ਤੇ ਦੀ ਐਨਕ ਵਿਚੋਂ ਦੇਖਣ ਦਾ ਯਤਨ ਕੀਤਾ ਹੈ।

ਪਹਿਲੀ ਗੱਲ ਜੋ ਮੈਂ ਉਨ੍ਹਾਂ ਵਿਚ ਵੇਖੀ, ਉਹ ਇਹ ਕਿ ਸਾਹਿਤ ਦਾ ਨਿਰੀਖਣ ਕਰਦਿਆਂ ਉਨ੍ਹਾਂ ਆਪਣੇ ਜੀਵਨ ਭਰਦੀਆਂ ਕਮਜ਼ੋਰੀਆਂ ਗਲਤੀਆਂ ਤੇ ਥੁੜ੍ਹਾਂ ਦਾ ਵੀ ਬੇਬਾਕ ਪ੍ਰਗਟਾਵਾ ਕੀਤਾ। ਅਕਸਰ ਜਦੋਂ ਵੀ ਮੈਂ ਉਨ੍ਹਾਂ ਨੂੰ ਮਿਲਦੀ ਤਾਂ ਘੰਟਿਆਂ ਬੱਧੀ ਗੱਲਾਂ ਬਾਤਾਂ ਹੁੰਦੀਆਂ। ਇਹ ਗੱਲਾਂ ਸਾਹਿਤ ਸਿਰਜਣਾ, ਆਲੋਚਨਾ, ਆਲੋਚਕਾਂ, ਸਾਹਿਤਕਾਰਾਂ ਤੋਂ ਹੁੰਦੀਆਂ ਨਿਜੀ ਜੀਵਨ ਵਿਚਲੀਆਂ ਥੁੜ੍ਹਾਂ ਤੇ ਪਹੁੰਚ ਜਾਂਦੀਆਂ। ਮੈਂ ਦੇਖਿਆ ਬਹੁਤ ਸਾਰੀਆਂ ਥੁੜ੍ਹਾਂ ਵਿਚ ਉਨ੍ਹਾਂ ਦੀ ਰਿਸ਼ਤਿਆਂ ਦੀ ਥੁੜ੍ਹ ਵਧੇਰੇ ਉਭਰ ਕੇ ਸਾਹਮਣੇ ਆਉਂਦੀ। ਉਹ ਹਮੇਸ਼ਾ ਇਹੀ ਕਹਿੰਦੇ, ਮੈਂ ਰਿਸ਼ਤਿਆਂ ਦੀ ਥੁੜ੍ਹ ਕਾਰਨ ਇਕ ਚੰਗਾ ਇਨਸਾਨ ਨਹੀਂ ਬਣ ਸਕਿਆ। ਮੇਰੀ ਜ਼ਿੰਦਗੀ ਦਾ ਇਹ ਇਤਫਾਕ ਹੀ ਸੀ ਕਿ ਮੈਂ ਪਾਰਟੀ ਦੇ ਯੋਗ ਤੇ ਮੁੱਢਲੇ ਪ੍ਰਮੁੱਖ ਵਿਅਕਤੀਆਂ ਤੱਕ ਪਹੁੰਚ ਗਿਆ।

ਉਨ੍ਹਾਂ ਬਾਰੇ ਸੋਚਦਿਆਂ ਮੈਂ ਇਹ ਮਹਿਸੂਸ ਕਰ ਰਹੀ ਹਾਂ ਕਿ ਅੱਜ ਵੀ ਉਨ੍ਹਾਂ ਦੀ ਰੂਹ ਰਿਸ਼ਤਿਆਂ ਦੇ ਜੰਗਲ ਵਿਚ ਭਟਕ ਰਹੀ ਹੋਵੇਗੀ। ਉਨ੍ਹਾਂ ਦੇ ਦੱਸਣ ਮੁਤਾਬਿਕ ਨਾ ਉਨ੍ਹਾਂ ਨੂੰ ਮਨ ਦਾ ਮੀਤ ਮਿਲਿਆ ਤੇ ਨਾ ਮਾਪੇ। ਸ਼ਾਇਦ ਅੰਤ ਤੱਕ ਵੀ ਉਨ੍ਹਾਂ ਦੇ ਕੰਨ 'ਸੁਰਜੀਤ' ਸੁਣਨ ਲਈ ਤਰਸਦੇ ਰਹੇ ਹੋਣਗੇ। ਉਂਝ ਪੰਦਰਾਂ ਦਿਨ ਪਹਿਲਾਂ ਜਦੋਂ ਮੈਂ ਉਨ੍ਹਾਂ ਨਾਲ ਫੋਨ ਤੇ ਕੋਈ ਗੱਲ ਕੀਤੀ ਤਾਂ ਉਨ੍ਹਾਂ ਕਿਸੇ ਰਾਜਨੀਤਕ ਸਮੱਸਿਆ ਦਾ ਜ਼ਿਕਰ ਕਰਦਿਆਂ ਕਿਹਾ ਸੀ, 'ਬੱਲੀ ਮਾਰ ਗੋਲੀ ਸਿਹਤ ਮੈਂ ਤਾਂ...... ਇਸ ਪ੍ਰਾਬਲਮ ਬਾਰੇ ਸੋਚ ਰਿਹਾ ਹਾਂ ਕਿ ਦੇਸ਼ ਦਾ ਬਣੇਗਾ ਕੀ? ਪਰੰਤੂ ਮੈਂ ਰਿਸ਼ਤਿਆਂ ਦੇ ਪੱਖ ਤੋਂ ਉਨ੍ਹਾਂ ਨੂੰ ਜਿੰਨਾ ਕੁ ਥੋੜ੍ਹਾ ਬਹੁਤ ਸਮਝਣ ਵੇਖਣ ਦਾ ਯਤਨ ਕੀਤਾ ਉਹ ਉਨ੍ਹਾਂ ਨਾਲ ਕੀਤੀ ਲੰਮੀ ਵਾਰਤਾਲਾਪ ਜਾਂ ਉਨ੍ਹਾਂ ਦੀਆਂ ਮੈਨੂੰ ਲਿਖੀਆਂ ਚਿੱਠੀਆਂ ਹਨ, ਜਿਨ੍ਹਾਂ ਦੇ ਵੇਰਵਿਆਂ ਰਾਹੀਂ ਮੈਂ ਉਨ੍ਹਾਂ ਨੂੰ ਥੋੜ੍ਹਾ ਬਹੁਤ ਸਮਝਣ ਦਾ ਯਤਨ ਕੀਤਾ ਹੈ। ਬਾਈ ਸੁਰਜੀਤ ਦਾ ਰਿਸ਼ਤਿਆਂ ਵਲੋਂ ਭੋਗਿਆ ਸੰਤਾਪ ਇਨ੍ਹਾਂ ਖਤਾਂ ਰਾਹੀਂ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਇਹ ਮੈਂ ਗੱਲਾਂ ਕਰਦਿਆਂ ਬਹੁਤ ਵਾਰੀ ਉਨ੍ਹਾਂ ਦੇ ਮੂੰਹੋਂ ਵੀ ਸੁਣਿਆ ਹੈ ਤੇ ਉਨ੍ਹਾਂ ਦੇ ਲਿਖੇ ਖਤਾਂ ਵਿਚ ਵੀ ਪੜ੍ਹਿਆ। ਇਕ ਖਤ ਵਿਚ ਉਨ੍ਹਾਂ ਲਿਖਿਆ ਸੀ, "ਬੱਲੀ ਸ਼ਾਇਦ ਤੈਨੂੰ ਪਤਾ ਨਹੀਂ ਕਿ ਮੇਰਾ ਆਪਣਾ ਕੋਈ ਸਕਾ ਨਹੀਂ, ਮੈਂ ਜਮਾਂਦਰੂ ਯਤੀਮ ਹਾਂ। ਪਰੰਤੂ ਮੈਂ ਰਿਸ਼ਤੇ ਆਪ ਸਿਰਜੇ ਤੇ ਨਿਭਾਏ ਹਨ। ਪਰ ਅੱਜ ਮੈਂ ਯਤੀਮ ਨਹੀਂ। ਮੇਰੇ ਭੈਣਾਂ ਹਨ, ਭਰਾ ਹਨ, ਭਾਣਜੇ-ਭਾਣਜੀਆਂ ਤੇ ਭਤੀਜੇ-ਭਤੀਜੀਆਂ ਹਨ। ਮੈਂ ਇਹ ਰਿਸ਼ਤੇ ਨਿਭਾ ਰਿਹਾ ਹਾਂ। ਜਦੋਂ ਸਾਰੇ ਖ਼ੁਸ਼ੀ ਵਸਦੇ ਹਨ ਤਾਂ ਠੀਕ ਹੈ। ਪਰੰਤੂ, ਦੁੱਖ ਸੁੱਖ ਵਿਚ ਸ਼ਰੀਕ ਹੁੰਦਾ ਹਾਂ। ਇਸਨੂੰ ਰਿਸ਼ਤੇ ਕਹਿੰਦੇ ਹਨ....।"

ਇਹ ਠੀਕ ਹੈ ਕਿ ਉਨ੍ਹਾਂ ਨੇ ਰਿਸ਼ਤੇ ਸਿਰਜੇ ਤੇ ਕਿਸੇ ਹੱਦ ਤੱਕ ਨਿਭਾਏ ਵੀ ਹੋਣਗੇ। ਉਨ੍ਹਾਂ ਦਾ ਮੇਰੇ ਨਾਲ ਵੀ ਭੈਣ ਦਾ 'ਮੂੰਹ ਬੋਲਿਆ' ਰਿਸ਼ਤਾ ਸੀ। ਪਰੰਤੂ ਸੁਆਲ



ਇਹ ਪੈਦਾ ਹੁੰਦਾ ਹੈ ਕਿ ਉਨ੍ਹਾਂ ਦੇ ਇਨ੍ਹਾਂ ਸਿਰਜੇ ਗਏ ਮੂੰਹ ਬੋਲੇ ਰਿਸ਼ਤਿਆਂ ਨਾਲ ਉਸਦੇ ਅੰਦਰ ਦਾ ਖਿਲਾਅ ਭਰ ਸਕਿਆ ਹੋਵੇਗਾ? ਉਨ੍ਹਾਂ ਦੇ ਅੰਦਰਲਾ 'ਯਤੀਮ' ਸੁਰਜੀਤ ਪਰਚ ਸਕਿਆ ਹੋਵੇਗਾ? ਉਹ ਇਹ ਗੱਲ ਦਾਅਵੇ ਨਾਲ ਕਹਿੰਦੇ ਸਨ, "ਜਦੋਂ ਮੈਂ ਰਿਸ਼ਤਿਆਂ ਦਾ ਹਿਸਾਬ ਕਿਤਾਬ ਕਰਦਾ ਹਾਂ ਤਾਂ ਤੇਰਾ ਰਿਸ਼ਤਾ ਅਹਿਮ ਹੈ। ਇਹ ਇਸ ਕਰਕੇ ਨਹੀਂ ਕਿ ਤੂੰ ਇਕ ਕੁੜੀ ਏਂ ਬਲਕਿ ਇਸ ਲਈ ਕਿ ਰਿਸ਼ਤਿਆਂ ਦਾ ਸੰਤਾਪ ਤੂੰ ਵੀ ਭੋਗਿਆ ਹੈ, ਜਿਸਦੀ ਤੜਪ ਤੇਰੀਆਂ ਲਿਖਤਾਂ ਦਾ ਪਿੱਛਾ ਨਹੀਂ ਛੱਡਦੀ।" ਜਦੋਂ ਕਦੇ ਵੀ ਮੈਂ ਉਨ੍ਹਾਂ ਤੋਂ ਯਤੀਮ ਦੀ ਪਰਿਭਾਸ਼ਾ ਬਾਰੇ ਜਾਨਣਾ ਚਾਹਿਆ ਤਾਂ ਉਨ੍ਹਾਂ ਨੇ ਨਿਸੰਗ ਹੋ ਕੇ ਵਿਆਖਿਆ ਕੀਤੀ ਕਿ ਕਿਵੇਂ ਮਾਂ ਦੇ ਮਰਨ ਮਗਰੋਂ ਪਿਉ ਵੀ ਪਿਉ ਨਹੀਂ ਰਿਹਾ। ਉਹ ਕਿਸੇ ਦੂਜੀ ਔਰਤ ਦਾ ਪਤੀ ਬਣਕੇ ਵਿਹਾਰ ਕਰਦਾ ਸੀ। ਬਚਪਨ ਦੇ ਦਿਨਾਂ ਦੀਆਂ ਚੋਰੀ ਜਿਹੇ ਇਲਜ਼ਾਮ ਦੀਆਂ ਲਾਸਾਂ ਅੱਜ ਵੀ ਮੇਰੇ ਪਿੰਡੇ ਤੇ ਚੁੱਭਦੀਆਂ ਹਨ। ਫਿਰ ਕੀ ਉਨ੍ਹਾਂ ਦੇ ਸਿਰਜੇ ਗਏ ਪਿੰਡੇ ਦੀਆਂ ਲਾਸਾਂ ਉਨ੍ਹਾਂ ਦੇ ਖਾਲੀਪਣ ਨੂੰ ਭਰ ਸਕੀਆਂ ਹੋਣਗੀਆਂ?

ਇਹਨਾਂ ਆਪ ਸਿਰਜੇ ਰਿਸ਼ਤਿਆਂ ਵਿਚੋਂ ਕਿਹੜਾ ਅਜਿਹਾ ਰਿਸ਼ਤਾ ਸੀ ਜਿਸ ਕਰਕੇ ਉਨ੍ਹਾਂ ਦੇ ਦੱਸਣ ਮੁਤਾਬਿਕ ਉਹ ਘਰੋਂ ਭੱਜਿਆ ਹੋਵੇਗਾ? ਜਾਂ ਕਿਸ ਰਿਸ਼ਤੇ ਲਈ ਉਸਨੇ ਸੰਸਕਾਰਾਂ ਨੂੰ ਤਿਲਾਂਜਲੀ ਦਿੰਦਿਆਂ ਅਜਿਹੀ ਬੁਜ਼ਦਿਲੀ ਦਿਖਾਈ ਹੋਵੇਗੀ? ਜਾਂ ਵਾਰਤਾਲਾਪਾਂ ਕਰਦਿਆਂ ਕਿਸ ਰਿਸ਼ਤੇ ਦੀ ਤੜਪ ਮੈਂ ਉਸਦੀਆਂ ਬੁੱਢੀਆਂ ਅੱਖਾਂ ਵਿਚੋਂ ਝਲਕਾਰੇ ਮਾਰਦੀ ਤੱਕੀ। ਉਹ ਸੀ ..... ਇਕ ਜੀਵਨ ਸਾਥੀ ਦੇ ਤੌਰ ਤੇ ਮਨ ਦੇ ਮੀਤ ਦਾ ਸੰਗ ਪ੍ਰਾਪਤ ਨਾ ਕਰ ਸਕਣਾ। ਤੇ ਮੌਕਾ ਮਿਲਦਿਆਂ ਵੀ ਉਸ ਰਿਸ਼ਤੇ ਨੂੰ ਸਵੀਕਾਰ ਨਾ ਕਰ ਸਕਣਾ। ਉਨ੍ਹਾਂ ਨੇ ਸਿਧਾਂਤਕ ਕਿਰਦਾਰ ਦੀ ਪ੍ਰਮੁਖਤਾ ਨੂੰ ਪਹਿਲ ਦਿੰਦਿਆਂ ਉਮਰ ਭਰ ਦੀ ਫਕੀਰੀ ਨੂੰ ਗੱਲ ਲਾਇਆ। ਬਸ ਇਹ ਉਨ੍ਹਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਤੇ ਬੁਜ਼ਦਿਲੀ ਸੀ। ਜਿਸਨੇ ਉਨ੍ਹਾਂ ਦੇ ਜਜ਼ਬਾਤੀ ਜਗਤ ਵਿਚ ਬੇਹੱਦ ਉਲਾਰ ਲਿਆਂਦਾ। ਇਹ ਗੱਲ ਉਨ੍ਹਾਂ ਮੇਰੇ ਕੋਲ ਸਵੀਕਾਰ ਕੀਤੀ ਸੀ। ਆਪਣੀ ਇਸ ਕਮਜ਼ੋਰੀ ਬਾਰੇ ਬਹੁਤ ਪਹਿਲਾਂ ਉਨ੍ਹਾਂ ਨੇ ਆਪਣੇ ਇਕ ਖਤ ਵਿਚ ਲਿਖਿਆ ਵੀ ਸੀ ....

"... ਤੇਰੇ ਮੁਕਾਬਲੇ ਮੈਂ ਬਹੁਤ ਹੀ ਕਮਜ਼ੋਰ ਵਿਅਕਤੀ ਹਾਂ। ਮੈਂ ਆਪਣੀ ਇਸੇ ਕਮਜ਼ੋਰੀ ਨੂੰ ਲੁਕਾਉਣ ਲਈ ਸਾਰਾ ਜੀਵਨ ਸੰਘਰਸ਼ ਕੀਤਾ.... ਕਦੇ ਕੋਈ ਕੁੜੀ ਮੇਰਾ ਬੂਹਾ ਟੱਪ ਕੇ ਮੇਰੇ ਕੋਲ ਆਈ ਸੀ। ਮੈਂ ਉਸਦਾ ਹੱਥ ਬੁਜ਼ਦਿਲੀ ਕਰਕੇ ਫੜ ਨਾ ਸਕਿਆ, ਇਹੋ ਸਰਾਪ ਹੁਣ ਭੋਗ ਰਿਹਾ ਹਾਂ।"

ਜਿਸ ਫੈਸਲੇ ਨੂੰ ਬਾਈ ਆਪਣੀ ਬੁਜ਼ਦਿਲੀ ਕਹਿ ਕੇ ਨਕਾਰ ਰਿਹਾ ਹੈ, ਮੈਂ ਸਮਝਦੀ ਹਾਂ ਇਹ ਉਸਦੀ ਬੁਜ਼ਦਿਲੀ ਨਹੀਂ ਸੀ ਬਲਕਿ ਉਸ ਉੱਤੇ ਸਮਾਜਿਕ ਕਦਰਾਂ-ਕੀਮਤਾਂ ਦਾ ਪ੍ਰਭਾਵ ਸੀ। ਦੂਜਾ ਸੁਰਜੀਤ ਗਿੱਲ ਇਕ ਆਦਰਸ਼ਕ ਵਿਅਕਤੀ ਬਣਨਾ ਚਾਹੁੰਦਾ ਸੀ

ਪਰ ਮੈਨੂੰ ਇਸ ਗੱਲ ਦਾ ਅਫ਼ਸੋਸ ਜ਼ਰੂਰ ਹੋਇਆ ਕਿ ਮੇਰਾ ਕਾਮਰੇਡ ਭਰਾ ਇਨ੍ਹਾਂ ਵਰ੍ਹਿਆਂ ਵਿਚ ਵੀ ਹਾਦਸਿਆਂ ਦੇ ਕਾਰਨਾਂ ਨੂੰ ਸਮਝਦਾ ਹੋਇਆ ਵੀ ਉਨ੍ਹਾਂ ਘਟਨਾਵਾਂ ਤੋਂ ਮੁਕਤ ਕਿਉਂ ਨਹੀਂ ਸੀ ਹੋ ਸਕਿਆ। ਅੱਜ ਤੱਕ ਵੀ ਉਸਨੂੰ ਇਉਂ ਕਿਉਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਉਹ ਰੱਕੜ ਵਿਚ ਖਲੋਤਾ ਕੱਲਾ ਕਾਰਾ ਹੋਵੇ। ਜਿੱਥੇ ਨਾ ਕੋਈ ਦਰੱਖਤ ਤੇ ਨਾ ਹਵਾ ਦਾ ਬੁੱਲਾ। ਫਿਰ ਕਿੱਥੇ ਗਏ ਸਨ ਉਸਦੇ ਉਹ ਅੱਤ ਪਿਆਰੇ ਸਿਰਜੇ ਰਿਸ਼ਤੇ ਜਿਨ੍ਹਾਂ ਪਿਆਰ ਨੂੰ ਮਾਣਦਾ ਉਹ ਲਿਖਦਾ ਹੈ, "ਮੈਨੂੰ ਸਾਰੇ ਜ਼ਿਲ੍ਹੇ ਵਿਚ ਤੇ ਸੂਬਾ ਪਾਰਟੀ ਵਿਚ 'ਬਾਬਾ' ਕਹਿੰਦੇ ਹਨ। ਜਿਸਦੇ ਅਰਥ ਹਨ ਕਿ ਮੈਂ ਦੋਹਾਂ ਪੱਖਾਂ ਤੋਂ ਬਜ਼ੁਰਗ ਹੋ ਗਿਆ ਹਾਂ। ਹੁਣ ਮੈਨੂੰ ਰਿਸ਼ਤੇ ਚੰਗੇ ਲੱਗਦੇ ਹਨ। ਹੁਣ ਮੈਨੂੰ ਆਪਣੇ ਪੋਤੇ ਬਹੁਤ ਪਿਆਰੇ ਲੱਗਦੇ ਹਨ। ਇਸ ਜਜ਼ਬੇ ਦਾ ਪਹਿਲਾ ਕਦੀਂ ਅਨੁਭਵ ਹੀ ਨਹੀਂ ਸੀ ਹੋਇਆ। ਹੁਣ ਮੈਨੂੰ ਦੂਰ ਬੈਠਿਆਂ ਵੀ ਉਨ੍ਹਾਂ ਦੀ ਯਾਦ ਜਜ਼ਬਾਤੀ ਤੌਰ ਤੇ ਔਖਾ ਕਰਦੀ ਹੈ।

ਪਿੱਛੇ ਜਿਹੇ ਮੈਂ ਬਾਈ ਸੁਰਜੀਤ ਗਿੱਲ ਬਾਰੇ ਕੁਝ ਵਧੇਰੇ ਜਾਨਣ ਲਈ ਘੋਲੀਆ ਕਲਾਂ ਗਈ। ਇਕ ਲੰਮੀ ਮੁਲਾਕਾਤ ਸਾਂਡੇ ਬਹੁਤ ਸਾਰੇ ਤਕਰਾਰ ਵੀ ਹੋਏ। ਇਕ ਭੈਣ ਵਾਲਾ ਹੱਕ ਜਤਾਉਂਦਿਆਂ ਮੈਂ ਉਨ੍ਹਾਂ ਨੂੰ ਕਈ ਖਰੀਆਂ ਖੋਟੀਆਂ ਵੀ ਸੁਣਾਈਆਂ। ਜਿਸ ਤਰ੍ਹਾਂ ਦੀਆਂ ਮੈਂ ਅਕਸਰ ਆਪਣੇ ਸਕੇ ਭਰਾਵਾਂ ਨੂੰ ਵੀ ਸੁਣਾ ਦਿੰਦੀ ਰਹੀ ਹਾਂ। ਮੈਂ ਇਥੋਂ ਤੱਕ ਵੀ ਕਹਿ ਦਿੱਤਾ ਕਿ 'ਬਾਈ ਫਿਰ ਤੂੰ ਕਾਹਦਾ ਕਾਮਰੇਡ ਹੋਇਆ ਜੇ ਸਥਿਤੀਆਂ ਨੂੰ ਸਮਝਦੇ ਹੋਇਆਂ ਵੀ ਨਹੀਂ ਸਮਝਿਆ। ਗਿਆਨ ਹੁੰਦਿਆਂ ਹੋਇਆ ਵੀ ਤੂੰ ਨਿਜੀ ਦੁੱਖ ਤੋਂ ਖਹਿੜਾ ਨਹੀਂ ਛੁਡਾਇਆ।" ਬਚਪਨ ਦੀਆਂ ਉਨ੍ਹਾਂ ਘਟਨਾਵਾਂ ਕਰਕੇ ਮਾਂ ਦੇ ਦੋਸ਼ਾਂ ਦਾ ਕਾਰਨ ਨਹੀਂ ਸਮਝ ਸਕਿਆ ਤੇ ਉਸਨੂੰ ਮਾਫ਼ ਨਹੀਂ ਕਰ ਸਕਿਆ। ਹੁਣ ਤੇਰਾ ਉਹ ਬਚਪਨ ਬਹੁਤ ਦੂਰ ਲੰਘ ਗਿਆ। ਤੂੰ ਇਹ ਖ਼ੂਬ ਸਮਝਦਾ ਵੀ ਹੈ ਕਿ ਹਰ ਬੰਦਾ ਸਥਿਤੀਆਂ ਦੀ ਦੇਣ ਹੁੰਦਾ ਹੈ, ਕੋਈ ਵਿਰਲਾ ਉਨ੍ਹਾਂ ਉਲੰਘ ਸਕਦਾ ਹੈ। ਤੈਨੂੰ ਹੁਣ ਤੱਕ ਬਚਪਨ ਦੇ ਉਨ੍ਹਾਂ ਰਿਸ਼ਤਿਆਂ ਦੀਆਂ ਮਜਬੂਰੀਆਂ ਸਮਝਦਿਆਂ ਉਨ੍ਹਾਂ ਤੋਂ ਨਿਜਾਤ ਪਾ ਲੈਣੀ ਚਾਹੀਦੀ ਸੀ।" ਪਰ ਨਹੀਂ ਉਹ ਵਾਰ-ਵਾਰ ਇਹੀ ਕਹੀ ਜਾ ਰਹੇ ਸਨ, ਮੇਰੇ ਨਾਲ ਅਜਿਹਾ ਕਿਉਂ ਹੋਇਆ, ਜਦੋਂ ਕਿ ਮੇਰਾ ਗੁਨਾਹ ਕੋਈ ਨਹੀਂ ਸੀ? ਮੈਂ ਵਾਰ-ਵਾਰ ਕਹਿ ਰਹੀ ਸੀ ਬਾਈ, ਅਕਸਰ ਅਜਿਹਾ ਡਰ ਵਿਚੋਂ ਹੋ ਜਾਇਆ ਕਰਦਾ ਹੈ।"

ਆਪਣੇ ਸਰਗਰਮ ਜੀਵਨ ਨਾਲੋਂ ਟੁੱਟ ਕੇ ਜਦੋਂ ਉਹ ਘਰ ਬੈਠਾ ਹੋਇਆ ਸੀ ਤਾਂ ਬਿਲਕੁਲ ਇਕੱਲਾ ਸੀ। ਬਾਕੀ ਪਰਿਵਾਰ ਦੇ ਜੀਅ ਬਠਿੰਡੇ ਰਹਿ ਰਹੇ ਸਨ। ਸਾਧੂਆਂ ਵਰਗਾ ਜੀਵਨ ਬਤੀਤ ਕਰ ਰਿਹਾ ਸੀ। ਸਦੀਆਂ ਪੁਰਾਣੇ ਉਸੇ ਘਰ ਵਿਚ। ਜਿਸ ਵਿਚ ਉਸ ਸਮੇਂ ਜ਼ਰੂਰੀ ਸਹੂਲਤਾਂ ਦੀ ਵੀ ਘਾਟ ਸੀ। ਪਰ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਝੋਰਾ ਨਹੀਂ ਸੀ। ਜੇ ਝੋਰਾ ਸੀ ਤਾਂ ਇਕਲਾਪੇ ਦਾ ਪਾਰਟੀ ਨਾਲੋਂ ਟੁੱਟਣ ਤੇ ਵਿਗੋਚੇ ਹੋਏ ਰਿਸ਼ਤਿਆਂ



ਦਾ। ਬਾਈ ਸੁਰਜੀਤ ਨੇ ਕਦੇ ਉਮਰ ਦੀਆਂ ਲੋੜਾਂ ਥੁੜ੍ਹਾਂ ਨੂੰ ਉਹ ਮਹੱਤਵ ਨਹੀਂ ਸੀ ਦਿੱਤਾ ਜਿੰਨਾ ਪਾਰਟੀ ਦੇ ਕੰਮਾਂਕਾਰਾਂ ਨੂੰ ਦਿੱਤਾ।

ਉਂਝ ਕਹਿਣ ਨੂੰ ਬਾਈ ਸੁਰਜੀਤ ਭਾਵੁਕ ਤੌਰ ਤੇ ਆਪਣੇ ਆਪ ਨੂੰ ਬੁਜ਼ਦਿਲ ਕਹਿ ਜਾਂਦਾ ਸੀ। ਪਰ ਭਲੇ ਵੇਲਿਆਂ 'ਚ ਬਾਈ ਦਾ ਦਿਲ ਗੁਰਦਾ ਬੜਾ ਵੱਡਾ ਤੇ ਤਕੜਾ ਸੀ। ਉਸਨੇ ਪੁਲਿਸ ਦੀ ਵੱਡੀ ਤੋਂ ਵੱਡੀ ਮਾਰ ਝੱਲੀ ਹੋਈ ਸੀ। ਉਹ ਪੁਲਿਸ ਵਾਂਗ ਹੋਰਨਾਂ ਨੂੰ ਵੀ ਟਰੀਟ ਕਰਦਾ ਰਿਹਾ। ਜਿਹੜਾ ਉਸਦੇ ਅੜਿੱਕੇ ਆਇਆ। ਮੈਂ ਉਸਦੀਆਂ ਅੱਖਾਂ ਵਿਚ ਜਦੋਂ ਨੀਝ ਨਾਲ ਵੇਖਿਆ ਤਾਂ ਮੈਨੂੰ ਲੱਗਾ ਅਖ਼ੀਰ ਤੱਕ ਵੀ ਉਸਦੀਆਂ ਅੱਖਾਂ ਵਿਚ ਪੁਲਿਸ ਦੀ ਖਾਧੀ ਮਾਰ ਦਾ ਅਕ੍ਰੋਸ਼ ਭਰਿਆ ਹੋਇਆ ਸੀ।

ਬਾਈ ਦੇ ਦੱਸਣ ਮੁਤਾਬਿਕ ਤਿੰਨ ਚੀਜ਼ਾਂ ਉਸਦੀ ਕਮਜ਼ੋਰੀ ਰਹੀਆਂ ਹਨ ਜਾਂ ਇਹ ਕਹਿ ਲਈਏ ਕਿ ਤਿੰਨ ਚੀਜ਼ਾਂ ਉਸਨੂੰ ਸਭ ਤੋਂ ਵੱਧ ਪਿਆਰੀਆਂ ਸਨ। ਇਕ ਚੰਗਾ ਹਥਿਆਰ, ਇਕ ਚੰਗਾ ਪੈੱਨ ਤੇ ਇਕ ਚੰਗੀ ਪੰਜਾਬੀ ਜੁੱਤੀ। ਚੰਗਾ ਹਥਿਆਰ ਉਸਦੀ ਜਾਂਬਾਜ਼ੀ ਦਾ ਸਬੂਤ, ਚੰਗਾ ਪੈੱਨ ਉਸਦੀ ਵਿਦਵਤਾ ਭਰਪੂਰ ਲੇਖਣੀ ਦਾ ਸਬੂਤ ਤੇ ਜੁੱਤੀ? ਜੁੱਤੀ ਉਸਦਾ ਸ਼ੌਕ ਸੀ। ਜੁੱਤੀ ਜਿੱਥੇ ਉਸਦੀ ਬਾਹਰਲੀ ਸਮੁੱਚੀ ਸ਼ਖ਼ਸੀਅਤ ਨੂੰ ਸੁਹਜ ਪ੍ਰਦਾਨ ਕਰਦੀ ਸੀ, ਉਥੇ ਜਗੀਰੂ ਸ਼ੌਕੀਨੀ ਦਾ ਵੀ ਪ੍ਰਤੀਕ ਸੀ।

ਅੱਜ ਜਦੋਂ ਮੈਂ ਇਹ ਸਤਰਾਂ ਲਿਖ ਰਹੀ ਹਾਂ ਤਾਂ ਬਾਈ ਸੁਰਜੀਤ ਭਾਵੇਂ ਇਸ ਦੁਨੀਆਂ ਵਿਚ ਨਹੀਂ ਰਿਹਾ ਪਰ ਸਮੁੱਚੇ ਦਾ ਸਮੁੱਚਾ ਮੇਰੇ ਸਾਹਮਣੇ ਖੜ੍ਹਾ ਹੋਇਆ ਹੈ। ਰਿਸ਼ਤਿਆਂ ਦੀ ਭੀੜ ਵਿਚ ਗੁਆਚਾ ਨਹੀਂ ਬਲਕਿ ਹੱਸਦਾ ਹੋਇਆ ਇਹ ਕਹਿੰਦਾ ਹੋਇਆ "ਤੇਰਾ ਭਰਾ ਮਰਿਆ ਨਹੀਂ ਅੱਜ ਵੀ ਜਿਊਂਦਾ ਹੈ। ਤੇ ਮੈਂ ਉਸਨੂੰ ਇਹੀ ਕਹਿੰਦੀ ਹੋਈ ਹੱਸ ਪੈਂਦੀ ਹੈ "ਮਰੀ ਤਾਂ ਅਜੇ ਮੈਂ ਨਹੀਂ, ਤੂੰ ਕਿਵੇਂ ਮਰ ਸਕਦਾ ਹੈ। ਨਾਲੇ ਤੂੰ ਤਾਂ ਕਹਿੰਦਾ ਹੁੰਦਾ ਸੀ ਜਦੋਂ ਲੋੜ ਹੋਈ ਹਾਕ ਮਾਰੀਂ ਮੈਂ ਉਸੇ ਵੇਲੇ ਆਵਾਂਗਾ। ਨਾਲੇ ਅਜੇ ਤਾਂ ਆਪਾਂ 'ਫਲਾਣੇ ਸਿੰਘ' ਨੂੰ ਸਬਕ ਸਿਖਾਉਣਾ ਹੈ। •••

(2656, ਫੇਜ 11, ਮੋਹਾਲੀ (ਰੋਪੜ) )

ਦੇਵਿੰਦਰ ਸਤਿਆਰਥੀ ਦਾ ਲੋਕ-ਕਾਵਿ ਸ਼ਾਸਤਰ

**ਗੁਰਬਚਨ ਕੌਰ**

ਮਨਪ੍ਰੀਤ ਪ੍ਰਕਾਸ਼ਨ, ਦਿੱਲੀ

ਸ਼ਬਦ ਚਿੱਤਰ

# ਮੇਰਾ ਸਿਆਸੀ ਤੇ ਅਦਬੀ ਗੁਰੂ - ਕਾ. ਸੁਰਜੀਤ ਗਿੱਲ

- ਡਾ. ਐਸ. ਤਰਸੇਮ

ਜਗੀਰ ਸਿੰਘ ਜਗਤਾਰ ਨੂੰ ਮੁੱਢ ਵਿਚ ਮੈਂ ਆਪਣਾ ਸਿਆਸੀ ਉਸਤਾਦ ਮੰਨਦਾ ਹੁੰਦਾ ਸੀ। ਭਾਵੇਂ ਜਗਤਾਰ ਨਾਲ ਸਾਂਝ ਦੇ ਕੁਝ ਸਾਲ ਪਿੱਛੋਂ ਹੀ ਕਾ. ਸੁਰਜੀਤ ਗਿੱਲ ਨਾਲ ਮੇਰੀ ਸਾਬ੍ਹ-ਸਲਾਮ ਸ਼ੁਰੂ ਹੋ ਚੁੱਕੀ ਸੀ। ਉਦੋਂ ਕਾਮਰੇਡ ਰਾਮਪੁਰਾ ਫੂਲ ਦੇ ਇਲਾਕੇ ਵਿਚ ਸੀ.ਪੀ.ਆਈ. ਦੇ ਕੁਲਵਕਤੀ ਵਜੋਂ ਕੰਮ ਕਰਦਾ ਹੁੰਦਾ ਸੀ। ਇਹ 1958 ਦੀ ਗੱਲ ਹੈ। ਮੈਂ 10ਵੀਂ ਦਾ ਇਮਤਿਹਾਨ ਵੀ 1958 ਵਿਚ ਰਾਮਪੁਰਾ ਫੂਲ ਦੇ ਇਕ ਸਕੂਲ ਵਿਚ ਦਿੱਤਾ ਅਤੇ ਗਿਆਨੀ ਦੀ ਪੜ੍ਹਾਈ ਵੀ ਇਸੇ ਸਾਲ ਮਾਲਵਾ ਗਿਆਨੀ ਕਾਲਜ, ਰਾਮਪੁਰਾ ਫੂਲ ਵਿਚ ਹੀ ਕੀਤੀ। ਉਂਝ 1955-56 ਤੋਂ ਮੇਰਾ ਰਾਮਪੁਰਾ ਫੂਲ ਆਉਣ-ਜਾਣ ਆਮ ਸੀ। ਭੈਣ ਸੀਤਾ ਉਥੇ ਵਿਆਹੀ ਹੋਣ ਕਾਰਨ ਰਾਮਪੁਰਾ ਫੂਲ ਉੱਕਾ ਹੀ ਮੇਰੇ ਲਈ ਓਪਰਾ ਨਹੀਂ ਸੀ। ਸਿਰਫ਼ ਰੇਲ ਦਾ ਕਿਰਾਇਆ ਚਾਰ ਆਨੇ ਹੁੰਦਾ। ਤਪੇ ਤੋਂ ਰਾਮਪੁਰਾ ਫੂਲ ਚਾਰ ਗੱਡੀਆਂ ਆਉਂਦੀਆਂ ਤੇ ਚਾਰ ਹੀ ਜਾਂਦੀਆਂ। ਮੈਂ ਜਦੋਂ ਜੀਅ ਕਰਦਾ ਰਾਮਪੁਰਾ ਫੂਲ ਪਹੁੰਚ ਜਾਂਦਾ, ਜਦੋਂ ਜੀਅ ਕਰਦਾ ਮੁੜ ਆਉਂਦਾ। ਗੱਡੀ ਤੋਂ ਉਤਰ ਕੇ ਮੈਨੂੰ ਮਾਸਟਰ ਬਾਪੂ ਸਿੰਘ ਦੀ ਮੈਟ੍ਰਿਕ ਪੜ੍ਹਾਉਣ ਲਈ ਖੋਲ੍ਹੀ ਅਕੈਡਮੀ ਦੇ ਮੂਹਰ ਦੀ ਲੰਘਣਾ ਪੈਂਦਾ। ਉਸ ਤੋਂ ਥੋੜ੍ਹਾ ਹੀ ਅੱਗੇ ਸੀ.ਪੀ.ਆਈ. ਦਾ ਦਫ਼ਤਰ ਸੀ। ਜਿੱਥੋਂ ਤੱਕ ਮੈਨੂੰ ਯਾਦ ਹੈ ਮੈਂ ਪਹਿਲੀ ਵਾਰ ਕਾਮਰੇਡ ਸੁਰਜੀਤ ਗਿੱਲ ਨੂੰ ਉਸ ਦਫ਼ਤਰ ਵਿਚ ਹੀ ਵੇਖਿਆ ਸੀ। ਉਦੋਂ ਉਹਦਾ ਸਰੀਰ ਕੁਝ ਪਤਲਾ, ਰੰਗ ਗੋਰਾ ਤੇ ਦਾੜ੍ਹੀ ਬਿਲਕੁਲ ਕਾਲੀ ਸ਼ਾਹ ਸੀ। ਮੈਂ ਉਸਨੂੰ ਕਦੇ ਹੱਸਦੇ ਨਹੀਂ ਸੀ ਵੇਖਿਆ। ਉਸ ਨੂੰ ਸਦਾ ਗੰਭੀਰ ਮੁਦਰਾ ਵਿਚ ਹੀ ਵੇਖਿਆ ਸੀ। ਉਹਦੇ ਨਾਲ ਮੇਰੀ ਕਦੇ ਲੰਬੀ ਚੌੜੀ ਗੱਲਬਾਤ ਨਹੀਂ ਸੀ ਹੋਈ। ਉਂਝ ਹੀ ਬੱਸ ਸਾਬ੍ਹ-ਸਲਾਮ ਸੀ। ਪਿੱਛੋਂ ਇਸ ਸਾਬ੍ਹ-ਸਲਾਮ ਨੇ ਮੈਨੂੰ ਬੜਾ ਕੰਮ ਦਿੱਤਾ। ਜਦੋਂ 1968 ਵਿਚ ਉਹ ਲੋਕ ਲਹਿਰ ਦੇ ਦਫ਼ਤਰ ਵਿਚ ਚਲਾ ਗਿਆ, ਉਦੋਂ ਮੈਂ ਹਰ ਸਿਆਸੀ ਨੁਕਤੇ 'ਤੇ ਉਸਦੀ ਸਲਾਹ ਲੈਂਦਾ। ਕਹਾਣੀ ਲਿਖਣ ਦੇ ਮੁੱਢਲੇ ਦਾਅ-ਪੇਚ ਵੀ ਮੈਨੂੰ ਕਾਮਰੇਡ ਸੁਰਜੀਤ ਗਿੱਲ ਨੇ ਹੀ ਸਮਝਾਏ ਸਨ। ਕਾਮਰੇਡ ਸੁਰਜੀਤ ਗਿੱਲ ਨਾਲ ਮੈਂ ਮੋਹ ਦੀਆਂ ਤੰਦਾਂ ਵਿਚ ਐਨਾ ਬੱਝ ਚੁੱਕਾ ਸੀ ਕਿ 1964 ਵਿਚ ਪਾਰਟੀ ਦੋਫਾੜ ਹੋ ਜਾਣ 'ਤੇ ਕੁਝ ਤਾਂ ਕਾਮਰੇਡ ਦੇ ਪ੍ਰਭਾਵ ਕਾਰਨ ਅਤੇ ਕੁਝ ਆਪਣੇ ਇਲਾਕੇ ਦੇ ਬਜ਼ੁਰਗ ਕਾਮਰੇਡਾਂ ਦੀ ਸੁਹਬਤ ਦੇ ਸਬੱਬ ਮੇਰਾ ਝੁਕਾਅ ਸੀ.ਪੀ.ਆਈ.ਐਮ. ਵੱਲ ਹੋ ਗਿਆ ਸੀ। ਭਾਵੇਂ ਮੈਂ 1962 ਦੀ ਲੜਾਈ ਵਿਚ ਹਮਲਾਵਰ ਚੀਨ ਨੂੰ ਹੀ ਸਮਝਦਾ ਸੀ ਪਰ ਇਹਨਾਂ ਬਜ਼ੁਰਗ ਕਾਮਰੇਡਾਂ ਤੇ ਕਾ. ਸੁਰਜੀਤ ਗਿੱਲ ਦਾ ਪ੍ਰਭਾਵ ਹੀ ਕੁਝ ਅਜਿਹਾ ਸੀ ਕਿ ਮੈਨੂੰ ਉਹਨਾਂ ਦੀ ਪਾਰਟੀ ਲਾਈਨ



ਕੁਝ ਵਧੇਰੇ ਚੰਗੀ ਲੱਗਣ ਲੱਗ ਪਈ ਸੀ। ਕਾਮਰੇਡ ਨੂੰ ਦੱਸੇ ਬਿਨਾਂ ਹੀ ਮੈਂ 1970 ਵਿਚ ਸੀ.ਪੀ.ਆਈ. ਦਾ ਮੈਂਬਰ ਬਣ ਗਿਆ ਸੀ। ਮੇਰੇ ਅਜਿਹਾ ਕਰਨ 'ਤੇ ਵੀ ਉਹ ਕੁਝ ਨਹੀਂ ਸੀ ਬੋਲਿਆ। ਬੱਸ ਇਹੋ ਕਿਹਾ ਸੀ - 'ਤਰਸੇਮ ਤੇਰੀ ਮਰਜ਼ੀ ਐ, ਸੀ.ਪੀ.ਆਈ.ਐਮ. ਦੀ ਲਾਈਨ ਦਰੁਸਤ ਨਹੀਂ।" 1964 ਤੋਂ ਲੈ ਕੇ ਆਪਣੀ ਆਖ਼ਰੀ ਦਮ ਤੱਕ ਕਾ. ਸੁਰਜੀਤ ਗਿੱਲ ਪਹਿਲਾ ਸੀ. ਪੀ.ਐਮ. ਤੇ ਪਿੱਛੋਂ ਪੰਜਾਬ ਦੀ ਸੀ.ਪੀ.ਐਮ. ਨਾਲ ਕੁਝ ਮਤਭੇਦਾਂ ਕਾਰਨ ਸੀ.ਪੀ.ਐਮ. ਪੰਜਾਬ ਵਿਚ ਰਹਿ ਕੇ ਇਕ ਇਮਾਨਦਾਰ ਕਾਮਰੇਡ ਵਜੋਂ ਜਿਸ ਤਰ੍ਹਾਂ ਕੰਮ ਕਰਦਾ ਰਿਹਾ, ਉਹੋ ਜਿਹਾ ਸਿਦਕ ਤੇ ਸਿਰੜ ਮੈਂ ਪੰਜਾਬ ਦੇ ਗਿਣਤੀ ਦੇ ਕਾਮਰੇਡਾਂ ਵਿਚ ਹੀ ਵੇਖਿਆ ਹੈ। ਉਹਦੀ ਜ਼ਿੰਦਗੀ ਦੀ ਖ਼ੂਬਸੂਰਤੀ ਇਹ ਸੀ ਕਿ ਉਹ ਕਿਸੇ ਵੀ ਕਾਮਰੇਡ ਨੂੰ ਨਫ਼ਰਤ ਨਹੀਂ ਸੀ ਕਰਦਾ - ਕਾਮਰੇਡ ਸੀ.ਪੀ.ਆਈ ਦਾ ਹੋਵੇ, ਸੀ. ਪੀ. ਐਮ ਦਾ ਜਾਂ ਸੀ.ਪੀ.ਆਈ (ਐਮ. ਐਲ) ਦੇ ਕਿਸੇ ਵੀ ਧੜੇ ਦਾ, ਉਸਦੇ ਦਰਵਾਜ਼ੇ ਸਭ ਕਾਮਰੇਡਾਂ ਲਈ ਖੁੱਲ੍ਹੇ ਸਨ - ਰੋਟੀ ਟੁੱਕ ਲਈ ਵੀ ਤੇ ਬਹਿਸ ਲਈ ਵੀ। ਭਾਵੇਂ ਕਾਮਰੇਡ ਕਈ ਵਾਰੀ ਜਜ਼ਬਾਤੀ ਵੀ ਹੋ ਜਾਂਦਾ ਪਰ ਕਦੇ ਵੀ ਕਿਸੇ ਕਾਮਰੇਡ ਨਾਲ ਉਸਨੇ ਰਿਸ਼ਤਾ ਨਹੀਂ ਸੀ ਤੋੜਿਆ। ਸ਼ਾਇਦ ਕਿਸੇ ਕਾਮਰੇਡ ਨਾਲ ਕਦੇ ਵੀ ਉਸ ਦੀ ਪੱਕੀ ਦੁਸ਼ਮਣੀ ਨਹੀਂ ਸੀ ਪਈ। ਸੁਰਜੀਤ ਗਿੱਲ ਵਰਗਾ ਸ਼ੁੱਧ ਕਾਮਰੇਡ ਬਣਨਾ ਅਸਲੋਂ ਔਖਾ ਹੈ। ਉਹ ਸੀ. ਪੀ.ਆਈ. ਦੇ ਕੁਲਵਕਤੀ ਕਾਮਰੇਡ ਲਛਮਣ ਦਾਸ ਗੁਪਤਾ ਦਾ ਯਾਰ ਸੀ। ਦੋਵੇਂ ਵੱਖ-ਵੱਖ ਕਮਿਊਨਿਸਟ ਪਾਰਟੀਆਂ ਵਿਚ ਕੰਮ ਕਰਨ ਦੇ ਬਾਵਜੂਦ ਮੁਹੱਬਤ ਦੇ ਲਿਹਾਜ ਨਾਲ ਇਕ ਦੂਜੇ ਦੇ ਦੁੱਖ-ਸੁੱਖ ਦੇ ਸੀਰੀ ਸਨ। ਮੈਂ ਜਦੋਂ ਵੀ ਸੀ.ਪੀ.ਆਈ. ਦੇ ਸੂਬਾ ਦਫ਼ਤਰ ਜਾਂਦਾ, ਗੁਪਤਾ ਜੀ ਕੋਲ ਕਾਮਰੇਡ ਸੁਰਜੀਤ ਗਿੱਲ ਬਾਰੇ ਅਕਸਰ ਗੱਲਬਾਤ ਕਰਦਾ। ਉਹ ਵੀ ਗਿੱਲ ਨਾਲ ਪਟਿਆਲਾ ਵਿਚ ਬਿਤਾਏ ਸਮੇਂ ਦੀਆਂ ਕਈ ਗੱਲਾਂ ਕਰਦਾ। ਜਦੋਂ ਮੈਂ ਕਾਮਰੇਡ ਸੁਰਜੀਤ ਗਿੱਲ ਨੂੰ ਕਾਮਰੇਡ ਗੁਪਤਾ ਬਾਰੇ ਦੱਸਦਾ, ਉਸ ਬਾਰੇ ਮੇਰੇ ਨਾਲ ਗੱਲ ਕਰਦਿਆਂ ਜਿਵੇਂ ਉਸਨੂੰ ਕੁਝ ਸਕੂਨ ਮਿਲਦਾ।

ਕਾਮਰੇਡ ਸੁਰਜੀਤ ਗਿੱਲ ਦੀ ਜ਼ਿੰਦਗੀ ਸੰਘਰਸ਼ ਦੀ ਇਕ ਅਜਿਹੀ ਕਹਾਣੀ ਹੈ, ਜਿਸ ਦੀਆਂ ਕਈ ਪਰਤਾਂ ਹਨ। ਘਰ ਦੀਆਂ ਉਸ ਦੀਆਂ ਸਿਰਫ਼ ਦੋ ਪਰਤਾਂ ਹਨ, ਇਕ ਪਰਤ ਵਿਆਹੁਤਾ ਜ਼ਿੰਦਗੀ ਤੋਂ ਪਹਿਲਾਂ ਦੀ ਹੈ ਤੇ ਇਕ ਵਿਆਹੁਤਾ ਜ਼ਿੰਦਗੀ ਤੋਂ ਬਾਅਦ। ਪਾਰਟੀ ਸਰਗਰਮੀਆਂ ਵਿਚਲੀਆਂ ਉਸ ਦੀਆਂ ਪਰਤਾਂ ਆਪਸ ਵਿਚ ਇੰਨੀਆਂ ਗੁੱਥਮ-ਗੁੱਥਾ ਹਨ ਕਿ ਉਹਨਾਂ ਨੂੰ ਨਾ ਮੈਨੂੰ ਇਕ ਤਰਤੀਬ ਵਿਚ ਪੇਸ਼ ਕਰਨ ਦੀ ਵਿਉਂਤ ਸੁੱਝਦੀ ਹੈ ਤੇ ਨਾ ਇਹ ਸੁੱਝਦਾ ਹੈ ਕਿ ਇਹਨਾਂ ਵਿਚੋਂ ਕਿਹੜੀ ਵੱਧ ਅਹਿਮੀਅਤ ਰੱਖਦੀ ਹੈ।

ਮੈਂ ਕਾਮਰੇਡ ਸੁਰਜੀਤ ਗਿੱਲ ਦਾ ਜ਼ਿੰਦਗੀਨਾਮਾ ਤਾਂ ਉਵੇਂ ਪੇਸ਼ ਕਰ ਰਿਹਾ ਹਾਂ ਜੋ ਉਸ ਨੇ ਮੇਰੇ ਨਾਲ ਅਨੇਕਾਂ ਮੁਲਾਕਾਤਾਂ ਸਮੇਂ ਟੁਕੜਿਆਂ ਵਿਚ ਸਾਂਝਾ ਕੀਤਾ ਸੀ ਤੇ ਕੁਝ

ਉਸ ਤਰ੍ਹਾਂ ਜੋ ਮੈਂ ਹੋਰ ਕਾਮਰੇਡਾਂ ਤੋਂ ਸੁਣਿਆ ਤੇ ਸਮਝਿਆ। ਬਚਪਨ ਦੀ ਜ਼ਿੰਦਗੀ ਦੀ ਦਰਦ ਕਹਾਣੀ ਉਸਨੇ ਮੈਨੂੰ ਵੀ ਸੁਣਾਈ ਅਤੇ ਇਕ ਮੁਲਾਕਾਤ ਵਿਚ ਬਿਲਕੁਲ ਉਸੇ ਤਰ੍ਹਾਂ ਮੇਰੇ ਨਾਲ ਇਕ ਅਜ਼ੀਜ਼ ਜਸਪਾਲ ਮਾਨਖੇੜਾ ਨੂੰ ਵੀ। ਮਾਨਖੇੜਾ ਨੇ ਇਹ ਸਭ ਕੁਝ ਮੁਲਾਕਾਤ ਦੇ ਰੂਪ ਵਿਚ ਕਾਮਰੇਡ ਦੇ ਜਿਊਂਦੇ ਜੀਅ 'ਰੋਜ਼ਾਨਾ ਨਵਾਂ ਜ਼ਮਾਨਾ' ਵਿਚ ਛਪਵਾ ਦਿੱਤਾ। ਜੇ ਸੁਰਜੀਤ ਗਿੱਲ ਦੀ ਆਤਮ ਕਥਾ 'ਮਾਂ ਮਹਿਟਰ' ਛਪ ਜਾਂਦੀ ਤਾਂ ਹਵਾਲੇ ਲਈ ਉਸਨੂੰ ਵਰਤਿਆ ਜਾ ਸਕਦਾ ਸੀ। ਪਰ ਹੁਣ ਮਾਨਖੇੜੇ ਨਾਲ ਗਿੱਲ ਸਾਹਿਬ ਦੀ ਮੁਲਾਕਾਤ ਹੀ ਪ੍ਰਮਾਣਿਕ ਦਸਤਾਵੇਜ਼ ਵਜੋਂ ਵਰਤ ਰਿਹਾ ਹਾਂ ਤਾਂ ਜੋ ਕਿਸੇ ਕਿਸਮ ਦੇ ਭੁਲੇਖੇ ਦੀ ਗੁੰਜਾਇਸ਼ ਨਾ ਰਹੇ। ਉਸ ਵਿਚੋਂ ਹੀ ਕੁਝ ਸਤਰਾਂ ਦੇ ਰਿਹਾ ਹਾਂ, "ਮੇਰੇ ਬਚਪਨ ਵਿਚ ਹੀ ਮੇਰੀ ਮਾਂ ਮਰ ਗਈ ਸੀ। ਮੇਰੀ ਮਤੇਰ ਮਾਂ ਨੇ ਮੈਨੂੰ ਬਹੁਤ ਤਸੀਹੇ ਦਿੱਤੇ। ਮੇਰਾ ਬਾਪ ਮੇਰੀ ਮਤੇਰ ਮਾਂ ਦੇ ਮੂਹਰੇ ਨਾ ਬੋਲਦਾ, ਸਗੋਂ ਮੈਨੂੰ ਡਾਂਟਣ ਝਿੜਕਣ ਲੱਗਦਾ। ਪੜ੍ਹਨ ਤਾਂ ਮੈਂ ਆਪਣੀ ਮਾਂ ਦੇ ਜਿਊਂਦੇ ਜੀਅ ਹੀ ਲੱਗ ਗਿਆ ਸਾਂ। ਪਟਿਆਲੇ ਸਿੰਘ ਸਭਾ ਗੁਰਦੁਆਰੇ ਦੇ ਨਾਲ ਸਕੂਲ ਸੀ, ਪਰ ਪੜ੍ਹਿਆ ਮੈਂ ਰੁਲ-ਖੁਲ ਕੇ ਹੀ। ਮਤਰੇਈ ਮਾਂ ਦੇ ਵਿਤਕਰੇ, ਤਸੀਹਿਆਂ ਦੀਆਂ ਬਹੁਤ ਮਿਸਾਲਾਂ ਨੇ ਕਿਹੜੀ ਕਿਹੜੀ ਦੱਸਾਂ। ਮਾਂ ਦੀ ਯਾਦ ਦੀ ਇਕ ਗੱਲ ਦੱਸਦਾਂ.... ਮੇਰੀ ਮਾਂ ਦੀ ਮੌਤ ਨਾਨਕੀਂ ਹੋਈ ਸੀ। ਮੈਂ ਉਦੋਂ ਪਟਿਆਲੇ ਸੀ। ਮੇਰਾ ਬਾਪ ਰਾਤ ਨੂੰ ਘਰੇ ਆਇਆ। ਉਹਨੇ ਮੈਨੂੰ ਖਾਣ ਨੂੰ ਲੱਡੂ ਦਿੱਤੇ। ਜਦੋਂ ਮੈਂ ਦੂਜਾ ਲੱਡੂ ਖਾਣ ਲੱਗਿਆ ਤਾਂ ਮੇਰਾ ਪਿਓ ਕਹਿੰਦਾ 'ਤੇਰੀ ਮਾਂ ਮਰਗੀ ਓਏ.....!' ਮੈਂ ਅੱਧਾ ਖਾਧਾ ਲੱਡੂ ਵਗਾਹ ਕੇ ਮਾਰਿਆ। .... ਤੇ ਫੇਰ ਮੈਂ ਕਿੰਨੇ ਸਾਲ ਲੱਡੂ ਨਹੀਂ ਸੀ ਖਾਧਾ।" ਅਸਲ ਵਿਚ ਕਾਮਰੇਡ ਸੁਰਜੀਤ ਗਿੱਲ ਨੇ ਆਪਣੇ ਜ਼ਿੰਦਗੀਨਾਮੇ ਦਾ ਆਰੰਭ ਇਹਨਾਂ ਸ਼ਬਦਾਂ ਨਾਲ ਕੀਤਾ ਸੀ, "ਮੇਰਾ ਪਿੰਡ ਘੋਲੀਆ ਕਲਾਂ ਹੈ ਮੋਗਾ ਜ਼ਿਲ੍ਹੇ 'ਚ, ਪਰ ਮੇਰਾ ਜਨਮ ਕੋਇਰ ਸਿੰਘ ਵਾਲੇ ਹੋਇਆ। ਮੇਰੇ ਨਾਨਕੇ ਪਿੰਡ ਸੰਨ 1932 ਦੀ 13 ਮਈ ਨੂੰ...। ਮੇਰੀ ਮਾਤਾ ਅਜਾਇਬ ਕੌਰ ਅਤੇ ਪਿਤਾ ਸ੍ਰੀ ਜੰਗੀਰ ਸਿੰਘ ਸਨ। ਮੇਰਾ ਬਾਪ ਪਟਿਆਲਾ ਸਟੇਟ 'ਚ ਅਕਾਊਂਟਸ ਜਨਰਲ ਦੇ ਦਫ਼ਤਰ ਵਿਚ ਅਕਾਊਂਟਸ ਅਫ਼ਸਰ ਸੀ। ਉਹ ਸਿੱਖ ਧਰਮ ਦਾ ਗਿਆਤਾ ਸੀ। ... ਮੇਰੀ ਮਾਂ ਅਕਸਰ ਬੀਮਾਰ ਰਹਿੰਦੀ। ਉਹ ਦਮੇ ਦੀ ਮਰੀਜ਼ ਸੀ। ਮੇਰਾ ਬਾਪ ਉਹਦੇ ਨਾਲ ਲੜਦਾ ਬਹੁਤ। ਉਹ ਆਵਦੇ ਪੇਕੀਂ ਚਲੀ ਜਾਂਦੀ। ਮੇਰੇ ਮਾਮੇ ਮਾਸੀਆਂ ਕਈ ਭੈਣ ਭਰਾ ਸਨ। ਮੇਰਾ ਜਨਮ ਲੇਟ ਹੋਇਆ। ਮਾਂ-ਬਾਪ ਦੇ ਵਿਆਹ ਤੋਂ ਕਈ ਸਾਲਾਂ ਬਾਅਦ। 'ਲੋੜੀਂਦਾ ਗੁੜ ਢਿੱਲਾ ਹੁੰਦੈ' ਮੈਂ ਬਚਪਨ 'ਚ ਬੀਮਾਰ ਬਹੁਤ ਰਿਹਾ। ਇਕ ਵਾਰ ਮੈਨੂੰ ਸੋਕੜਾ ਹੋ ਗਿਆ.... ਵੱਡੇ ਹੋਏ ਨੂੰ ਮੇਰੇ ਮਾਮੇ ਤੇ ਮਾਸੀਆਂ ਦੱਸਦੇ ਹੁੰਦੇ ਸਨ ਕਿ ਦੋ ਤਿੰਨ ਵਾਰ ਮੇਰੀ ਨਬਜ਼ ਰੁਕ ਗਈ ਸੀ। ਕਹਿੰਦੇ ਨੇ ਉਦੋਂ ਮੈਂ ਮਰ ਕੇ ਬਚਿਆ ਸੀ।"

ਕਾਮਰੇਡ ਸੁਰਜੀਤ ਗਿੱਲ ਦੇ ਬਚਪਨ ਤੇ ਜੁਆਨੀ ਦੇ ਪਹਿਲੇ ਪੜਾਅ ਦੀ ਦਰਦ



ਕਹਾਣੀ ਪੜ੍ਹ ਕੇ ਤਾਂ ਮੇਰੇ ਰੌਂਗਟੇ ਖੜ੍ਹੇ ਹੋ ਗਏ। ਉਸ ਦੇ ਹੀ ਸ਼ਬਦਾਂ ਵਿਚ ਮੈਂ ਇਹ ਸਭ ਕੁਝ ਦੱਸ ਰਿਹਾ ਹਾਂ, "ਮੇਰੀ ਮਤੇਰ ਮਾਂ ਬੜੀ ਡਾਹਢੀ ਸੀ ਤੇ ਮੇਰਾ ਪਿਓ ਦੱਬੂ ਸੀ। ਘਰੋਂ ਮੈਨੂੰ ਕੋਈ ਪਿਆਰ, ਹੌਂਸਲਾ, ਜ਼ਿੰਦਗੀ ਦਾ ਉਤਸ਼ਾਹ ਨਹੀਂ ਮਿਲਦਾ ਸੀ। ਮੈਂ ਪੜ੍ਹਨ ਜਾਂਦਾ, ਨਾ ਜਾਂਦਾ, ਘਰੇ ਕਿਸੇ ਨੂੰ ਫ਼ਿਕਰ ਨਹੀਂ ਹੁੰਦਾ ਸੀ। ਮਾਂ ਨੂੰ ਤਾਂ ਕੀ ਹੋਣਾ ਸੀ, ਬਾਪ ਨੂੰ ਵੀ ਕੋਈ ਮੇਰੇ ਨਾਲ ਲਗਾਓ ਨਹੀਂ ਸੀ। ਮੇਰੇ ਸਿਰ 'ਚ ਜੂੰਆਂ ਪੈ ਗਈਆਂ। ਸ਼ਹਿਰੀ ਮੁੰਡੇ ਮੈਨੂੰ ਸਕੂਲ 'ਚ ਛੇੜਦੇ ਰਹਿੰਦੇ।

ਇਕ ਗਿਆਨੀ ਜੀ ਇਕ ਦਿਨ ਮੈਨੂੰ ਘਰੇ ਲੈ ਗਏ। ਘਰੇ ਲਿਜਾ ਕੇ ਮੈਨੂੰ ਗੀਠਿਆਂ ਨਾਲ ਨੁਹਾਇਆ। ਕੰਘੀ ਨਾਲ ਜੂੰਆਂ ਕੱਢੀਆਂ। ਮੇਰੇ ਸਿਰ 'ਚ ਹੁੰਦੀ ਖੁਰਕ ਹਟ ਗਈ। ਮੈਨੂੰ ਆਰਾਮ ਆ ਗਿਆ। ਮੈਂ ਉਥੇ ਹੀ ਸੌਂ ਗਿਆ। .... ਇਕ ਵਾਰ ਸਕੂਲ 'ਚ ਖਾਧੀ ਮਠਿਆਈ ਦੇ ਪੈਸੇ ਦੇਣ ਲਈ ਮੈਂ ਬਾਪ ਦੀ ਜੇਬ ਵਿਚੋਂ ਇਕ ਆਨਾ ਲੈ ਲਿਆ। ਮੇਰੀ ਮਤੇਰ ਮਾਂ ਨੇ ਆਨੇ ਦੇ ਨਾਲ ਰੁਪਈਆ ਆਪ ਕੱਢ ਕੇ ਮੇਰੇ 'ਤੇ ਚੋਰੀ ਕਰਨ ਕਾਰਨ ਪਿਓ ਤੋਂ ਕੁੱਟ ਪਵਾਈ। ਬਥੇਰੀਆਂ ਗੱਲਾਂ ਨੇ.... ਕਿਹੜੀ ਕਿਹੜੀ ਦੱਸਾਂ।"

ਜਿਸ ਭਾਈ ਜੀ ਨੇ ਸੁਰਜੀਤ ਨੂੰ ਆਪਣੇ ਘਰ ਲਿਜਾ ਕੇ ਗੀਠਿਆਂ ਨਾਲ ਨੁਹਾਇਆ ਸੀ, ਉਸਨੇ ਹਮਦਰਦੀ ਵਜੋਂ ਸੁਰਜੀਤ ਦੇ ਮਾਂ ਪਿਉ ਨੂੰ ਚਿੱਠੀ ਲਿਖੀ। ਜਿਵੇਂ ਕੋਈ ਕਿਸੇ ਨੂੰ ਨਸੀਹਤ ਦਿੰਦਾ ਹੁੰਦਾ ਹੈ। ਭਾਈ ਜੀ ਆਪ ਸੁਰਜੀਤ ਦੀ ਮਤੇਰ ਮਾਂ ਦੇ ਪੇਕਿਆਂ ਦੇ ਪਿੰਡ ਸਾਬੋ ਕੇ ਦਾ ਹੋਣ ਕਾਰਣ ਉਹਨਾਂ 'ਤੇ ਆਪਣਾ ਜ਼ੋਰ ਸਮਝਦਾ ਸੀ। ਪਰ ਇਹ ਚਿੱਠੀ ਸੁਰਜੀਤ ਲਈ ਵਰਦਾਨ ਦੀ ਥਾਂ ਸਰਾਪ ਸਿੱਧ ਹੋਈ। ਇਸ ਚਿੱਠੀ ਕਾਰਨ ਵੀ ਉਸ ਨੂੰ ਪਿਓ ਵਲੋਂ ਸਜ਼ਾ ਹੀ ਦਿੱਤੀ ਗਈ। ਅਜਿਹੀ ਹਾਲਤ ਵਿਚ ਬਚਪਨ ਤੋਂ ਅੱਗੇ ਤੁਰਨ ਵਾਲੇ ਬੱਚੇ ਦਾ ਵਿਗੜ ਜਾਣਾ, ਹਠੀ ਹੋ ਜਾਣਾ, ਕੁੱਟ-ਮਾਰ ਨੂੰ ਹੀ ਬਦਲਾ ਲੈਣ ਦਾ ਵਧੀਆ ਤਰੀਕਾ ਸਮਝ ਲੈਣਾ ਤੇ ਆਵਾਰਾਗਰਦੀ ਕਰਨਾ, ਸਭ ਕੁਝ ਸੁਭਾਵਿਕ ਜਾਪਦਾ ਹੈ। ਸੁਰਜੀਤ ਇਕ ਸਾਊ ਮੁੰਡਾ ਨਾ ਹੋ ਕੇ ਜ਼ਿੱਦੀ, ਅੜੀਅਲ, ਝਗੜਾਲੂ ਤੇ ਬੇਮੁਹਾਰੇ ਮੁੰਡਿਆਂ ਵਾਂਗ ਪਟਿਆਲੇ ਵਿਚ ਇਸ ਤਰ੍ਹਾਂ ਘੁੰਮਦਾ ਜਿਵੇਂ ਕੋਈ ਵੈਲੀ ਹੋਵੇ। ਪਹਿਲੀ ਵਾਰ ਉਸਨੇ ਇਕ ਉਸ ਮੁੰਡੇ ਨੂੰ ਕੁੱਟਿਆ ਸੀ ਜਿਹੜਾ ਉਸਨੂੰ ਜੂੰਆਂ ਵਾਲਾ ਕਹਿ ਕੇ ਛੇੜਦਾ ਹੁੰਦਾ ਸੀ। ਸਕੂਲ ਤੋਂ ਬਾਹਰ ਉਸਨੇ ਇਕ ਡੰਡਾ ਲੁਕਾ ਕੇ ਰੱਖਿਆ ਹੋਇਆ ਸੀ। ਉਸ ਡੰਡੇ ਨਾਲ ਉਹ ਛੇੜਨ ਵਾਲੇ ਮੁੰਡਿਆਂ ਨੂੰ ਕੁੱਟਦਾ। ਘਰੋਂ ਪੈਸਾ ਨਾ ਮਿਲਣ ਕਾਰਨ ਉਸਨੇ ਸਿਨੇਮੇ ਦੇ ਟਿਕਟਾਂ ਦੀ ਬਲੈਕ ਕਰਨੀ ਸ਼ੁਰੂ ਕਰ ਦਿੱਤੀ। ਉਹ ਅਕਸਰ ਹੱਥ ਵਿਚ ਹਾਕੀ ਤੇ ਡੱਬ ਵਿਚ ਡੈਗਰ ਰੱਖਦਾ। ਮਤੇਰ ਮਾਂ ਦੇ ਭੈੜੇ ਸਲੂਕ ਕਾਰਨ ਉਸਨੇ ਘਰ ਜਾਣਾ ਉੱਕਾ ਹੀ ਛੱਡ ਦਿੱਤਾ। ਜਿਹੜੇ ਮੁੰਡਿਆਂ ਨੂੰ ਉਹ ਵਿਗੜੇ-ਤਿਗੜੇ ਸਮਝਦਾ, ਉਹਨਾਂ ਨੂੰ ਆਪਣੇ ਹੋਰ ਦੋਸਤ ਮੁੰਡਿਆਂ ਨਾਲ ਰਲ ਕੇ ਕੁੱਟ ਦਿੰਦਾ। ਉਹਨੂੰ ਤੇ ਉਹਦੇ ਦੋਸਤਾਂ ਨੂੰ

ਜਦੋਂ ਕੁੜੀਆਂ ਛੇੜਨ ਵਾਲੇ ਮੁੰਡਿਆਂ ਬਾਰੇ ਪਤਾ ਲੱਗਦਾ, ਉਹ ਉਹਨਾਂ ਨੂੰ ਅਕਸਰ ਹੀ ਕੁੱਟ ਦਿੰਦੇ। ਕੁੜੀਆਂ ਨੂੰ ਸਿਰ ਢੱਕ ਕੇ ਤੁਰਨ ਦੀ ਹਦਾਇਤ ਕਰਦੇ। ਸਿਨੇਮੇ ਦੀਆਂ ਟਿਕਟਾਂ ਦੀ ਬਲੈਕ ਕਾਰਨ ਪੈਸੇ ਦੀ ਕੋਈ ਘਾਟ ਨਹੀਂ ਸੀ। ਸ਼ਾਇਦ ਇਹ 1948-49 ਦਾਂ ਸਮਾਂ ਸੀ, ਜਦੋਂ 8ਵੀਂ-9ਵੀਂ ਵਿਚ ਪੜ੍ਹਨ ਵਾਲਾ ਸੁਰਜੀਤ ਆਪਣੇ ਆਪ ਨੂੰ ਰੌਬਿਨ ਹੁੱਡ ਸਮਝਦਾ। ਕਿਸੇ ਲੰਡੇ-ਲਾਟ ਦੀ ਪ੍ਰਵਾਹ ਨਾ ਕਰਦਾ।

ਜਦੋਂ ਸੁਰਜੀਤ ਪਟਿਆਲੇ ਰਹਿੰਦਾ ਹੁੰਦਾ ਸੀ, ਅਮਨ ਲਹਿਰ ਸ਼ੁਰੂ ਹੋ ਚੁੱਕੀ ਸੀ। ਕਮਿਊਨਿਸਟ ਪਾਰਟੀ ਦੇ ਡਰਾਮੇ ਹੁੰਦੇ। ਕਦੇ-ਕਦਾਈਂ ਕਾਨਫਰੰਸਾਂ ਹੁੰਦੀਆਂ। ਅਕਸਰ ਸੁਰਜੀਤ ਡਰਾਮੇ ਦੇਖਣ ਜਾਂਦਾ। ਕਾਨਫਰੰਸਾਂ ਵਿਚ ਤਕਰੀਰਾਂ ਸੁਣਦਾ। ਬਿਲਕੁਲ ਇਹਨਾਂ ਹੀ ਦਿਨਾਂ ਵਿਚ ਉਸਨੇ ਜੂਲੀਅਸ ਫਿਊਕਸ ਦਾ ਨਾਵਲ 'ਫਾਂਸੀ ਦੇ ਤਖਤੇ ਤੋਂ' ਪੜ੍ਹਿਆ। ਕਮਿਊਨਿਸਟ ਮੈਨੀਫੈਸਟੋ ਵੀ ਉਸ ਦੇ ਇਹਨਾਂ ਹੀ ਦਿਨਾਂ ਵਿਚ ਪੜ੍ਹ ਲਿਆ ਸੀ। ਭਾਵੇਂ ਸਭ ਨੂੰ ਸਤਹੀ ਪੱਧਰ 'ਤੇ ਤਾਂ ਇਹੋ ਲੱਗਦਾ ਹੋਵੇਗਾ ਕਿ ਕਮਿਊਨਿਸਟ ਪਾਰਟੀ ਦੇ ਡਰਾਮਿਆਂ, ਜਲਸਿਆਂ ਤੇ ਕਾਨਫਰੰਸਾਂ ਨੇ ਸੁਰਜੀਤ ਨੂੰ ਕਾਮਰੇਡ ਸੁਰਜੀਤ ਗਿੱਲ ਬਣਾ ਦਿੱਤਾ ਪਰ ਉਸਦੇ ਦੱਸਣ ਮੁਜਬ ਘਰ ਵਿਚ ਹੁੰਦੀ ਬੇਇਨਸਾਫੀ, ਵਿਤਕਰਾ ਅਤੇ ਪਿਉ ਵਲੋਂ ਮਤੇਰ ਮਾਂ ਦੇ ਕਹਿਣ 'ਤੇ ਹੁੰਦੇ ਜ਼ੁਲਮ ਹੀ ਉਸ ਨੂੰ ਇਨਸਾਫ਼ ਹਾਸਲ ਕਰਨ ਲਈ ਇਸ ਪਾਸੇ ਲਿਆਏ। ਸਿੱਟਾ ਇਹ ਨਿਕਲਿਆ ਕਿ ਬਦਮਾਸ਼ੀ ਵਾਲਾ ਰਸਤਾ ਛੱਡਦਾ-ਛੱਡਦਾ ਸੁਰਜੀਤ ਖੱਬੇ ਪੱਖੀ ਲਹਿਰ ਵੱਲ ਝੁਕਦਾ ਗਿਆ।

ਜਿਸ ਘਰੇਲੂ ਘਟਨਾ ਨੇ ਉਸ ਨੂੰ ਪੱਕੇ ਤੌਰ ਤੇ ਕਮਿਊਨਿਸਟ ਲਹਿਰ ਨਾਲ ਜੋੜ ਦਿੱਤਾ, ਉਹ ਸੀ ਇਕ ਬਹੁਤ ਹੀ ਘਿਨਾਉਣੀ ਘਟਨਾ। ਉਸ 'ਤੇ ਮਤਰੇਈ ਮਾਂ ਨੇ ਸੌ ਰੁਪਏ ਚੋਰੀ ਕਰਨ ਦਾ ਦੋਸ਼ ਲਾ ਦਿੱਤਾ, ਦੋਸ਼ ਅਸਲੋਂ ਝੂਠਾ ਸੀ। ਉਸ ਕੋਲ ਤਾਂ ਉਹਨਾਂ ਦਿਨਾਂ ਵਿਚ ਪੈਸਿਆਂ ਦੀ ਕੋਈ ਘਾਟ ਹੀ ਨਹੀਂ ਸੀ। ਸਿੱਖੇ ਸਿਖਾਏ ਪਿਉ ਨੇ ਜਦੋਂ ਉਸ 'ਤੇ ਕਿਰਪਾਨ ਚਲਾਉਣ ਦੀ ਕੋਸ਼ਿਸ਼ ਕੀਤੀ, ਜੁਆਨ ਸੁਰਜੀਤ ਨੇ ਕਿਰਪਾਨ ਸਣੇ ਮਿਆਨ ਦੇ ਮਰੋੜ ਹੀ ਦਿੱਤੀ। ਪਿਉ ਨਾਲ ਗੁੱਥਮ-ਗੁੱਥਾ ਹੋਣ ਕਾਰਨ ਉਸ ਦੇ ਮੱਥੇ 'ਚੋਂ ਲਹੂ ਨਿਕਲ ਆਇਆ। ਸਮਝੋ ਉਸ ਨੇ ਹਮੇਸ਼ਾ ਲਈ ਘਰ ਛੱਡ ਦਿੱਤਾ। ਕਾਮਰੇਡ ਬੂਟਾ ਸਿੰਘ ਆਜ਼ਾਦ, ਜਿਸ ਨਾਲ ਪਹਿਲਾਂ ਹੀ ਸੁਰਜੀਤ ਦੀ ਚੰਗੀ ਜਾਣ-ਪਛਾਣ ਸੀ, ਦੇ ਸਾਥ ਕਾਰਨ ਕਾ. ਤੇਜਾ ਸਿੰਘ ਸੁਤੰਤਰ ਨਾਲ ਮੇਲ ਹੋਇਆ। ਸੁਤੰਤਰ ਸਾਹਿਬ ਉਹਨਾਂ ਦਿਨਾਂ ਵਿਚ ਸੀ.ਪੀ.ਆਈ. ਨਾਲੋਂ ਵੱਖਰੇ ਤੌਰ 'ਤੇ ਲਾਲ ਪਾਰਟੀ ਰਾਹੀਂ ਇਨਕਲਾਬ ਲਿਆਉਣ ਦੀ ਸਮਝ ਬਣਾਈ ਬੈਠੇ ਸਨ। ਇਹ 1950-51 ਦਾ ਸਮਾਂ ਸੀ। ਸੁਰਜੀਤ ਕੋਲ 38 ਬੋਰ ਦਾ ਰਿਵਾਲਵਰ ਸੀ। ਉਸਨੇ ਇਹ ਰਿਵਾਲਵਰ ਕਾ. ਸੁਤੰਤਰ ਨੂੰ ਫੜਾ ਦਿੱਤਾ। ਲਗਾਤਾਰ ਛੇ ਮਹੀਨੇ ਉਹ ਕਾ. ਸੁਤੰਤਰ ਨਾਲ ਘੁੰਮਦਾ ਰਿਹਾ। ਯੂ. ਪੀ. ਤੱਕ ਗਿਆ। ਕਾਮਰੇਡ



ਸੁਤੰਤਰ ਦੀ ਸੁਹਬਤ ਨੇ ਸਮਝੋ ਸੁਰਜੀਤ ਦੀ ਕਾਇਆ ਕਲਪ ਹੀ ਕਰ ਦਿੱਤੀ। ਜੇ ਉਸਨੂੰ ਲਾਲ ਪਾਰਟੀ ਵਿਚ ਸ਼ਾਮਲ ਹੋਣ ਦੇ ਸਮੇਂ ਤੋਂ ਹੀ ਕਾ. ਸੁਰਜੀਤ ਗਿੱਲ ਕਹਿ ਲਈਏ ਤਾਂ ਇਹ ਕੋਈ ਮੁਬਾਲਗ਼ਾ ਅਰਾਈ ਨਹੀਂ।

ਲਾਲ ਪਾਰਟੀ ਦਾ ਘੋਲ ਇਕ ਹਥਿਆਰਬੰਦ ਘੋਲ ਸੀ ਜਿਹੜੇ ਜਾਗੀਰਦਾਰ ਤੇ ਬਿਸਵੇਦਾਰ ਅੜਦੇ, ਉਹਨਾਂ ਨੂੰ ਖ਼ਤਮ ਕਰਨ ਲਈ ਹਰ ਹਰਬਾ ਵਰਤਿਆ ਜਾਂਦਾ। ਸੁਰਜੀਤ ਮੁੱਢਲੇ ਸਾਲਾਂ ਵਿਚ ਇਹਨਾਂ ਐਕਸ਼ਨਾਂ ਤੋਂ ਅਨਜਾਣ ਸੀ। ਸੀਨੀਅਰ ਕਾਮਰੇਡ ਰਾਤ ਨੂੰ ਜਾਂਦੇ ਤੇ ਐਕਸ਼ਨ ਕਰਕੇ ਆ ਜਾਂਦੇ। ਫਿਰ ਸੁਰਜੀਤ ਵੀ ਇਹਨਾਂ ਐਕਸ਼ਨਾਂ ਦਾ ਅੰਗ ਬਣ ਗਿਆ। ਬਿਸਵੇਦਾਰਾਂ ਤੇ ਜਾਗੀਰਦਾਰਾਂ ਦੇ ਨਾਲ-ਨਾਲ ਪੁਲਿਸ ਟਾਊਟਾਂ ਦਾ ਸਫਾਇਆ ਕਰਨਾ ਵੀ ਇਸ ਲਹਿਰ ਦਾ ਅੰਗ ਸੀ। ਪਰ ਭੀੜ-ਭੜੱਕੇ ਵਿਚ ਐਕਸ਼ਨ ਕਰਨ 'ਤੇ ਰੋਕ ਸੀ। ਪੁਲਿਸ ਨਾਲ ਟੱਕਰ ਸਮੇਂ ਵੀ ਕਾਫ਼ੀ ਸਮਝ ਤੋਂ ਕੰਮ ਲੈਣਾ ਪੈਂਦਾ। ਸੋ, ਇਸ ਲਹਿਰ ਵਿਚ ਰਹਿ ਕੇ ਜਿੱਥੇ ਉਸਨੂੰ ਹਥਿਆਰਬੰਦ ਲੜਾਈ ਲੜਨ ਦੀ ਕੁਝ ਸਮਝ ਆਈ, ਉਥੇ ਅਗਾਂਹਵਧੂ ਸਾਹਿਤ ਪੜ੍ਹਨ ਦੀ ਚੇਟਕ ਵੀ ਉਸ ਨੂੰ ਇਥੋਂ ਹੀ ਲੱਗੀ ਸੀ।

ਕਾ. ਸੁਤੰਤਰ ਤੋਂ ਬਾਅਦ ਲਾਲ ਪਾਰਟੀ ਤੇ ਮੁਜ਼ਾਰਾ ਲਹਿਰ ਕਾਰਨ ਜਿਹੜੇ ਹੋਰ ਕਾਮਰੇਡਾਂ ਨਾਲ ਸੁਰਜੀਤ ਨੂੰ ਰਹਿਣ ਦਾ ਮੌਕਾ ਮਿਲਿਆ, ਉਹ ਸਨ – ਕਾ. ਜੰਗੀਰ ਸਿੰਘ ਜੋਗਾ, ਕਾ. ਧਰਮ ਸਿੰਘ ਫੱਕਰ ਤੇ ਕਈ ਹੋਰ। ਪੈਪਸੂ ਦੀ ਮੁਜ਼ਾਰਾ ਤਹਿਰੀਕ ਇਹਨਾਂ ਦੇਸ਼ ਭਗਤ ਕਮਿਊਨਿਸਟਾਂ ਨੇ ਹੀ ਆਰੰਭੀ ਤੇ ਸਿਰੇ ਲਾਈ। ਮੁਜ਼ਾਰੇ ਜ਼ਮੀਨਾਂ ਦੇ ਮਾਲਕ ਬਣੇ, ਬਿਸਵੇਦਾਰੀਆਂ ਤੇ ਜਾਗੀਰਦਾਰੀਆਂ ਟੁੱਟੀਆਂ। ਇਉਂ ਸਮਝੋ ਕਿ ਜਿੱਥੇ ਜਿੱਥੇ ਵੀ ਮੁਜ਼ਾਰਾ ਲਹਿਰ ਨੇ ਪੈਰ ਪਸਾਰੇ, ਹੇਠਲੇ ਵਰਗ ਲਈ ਇਹ ਮੁਕਤੀਦਾਤਾ ਸਿੱਧ ਹੋਈ। ਇਹਨਾਂ ਮੁਕਤੀ ਦਾਤਿਆਂ ਵਿਚ ਕਾਮਰੇਡ ਸੁਰਜੀਤ ਗਿੱਲ ਦਾ ਨਾਂ ਲੈਣ ਸਮੇਂ ਮੇਰਾ ਸਿਰ ਉੱਚਾ ਹੋ ਜਾਂਦਾ ਹੈ, ਕਿਉਂਕਿ ਮੈਨੂੰ ਉਸਦੇ ਸਿਆਸੀ ਤੇ ਅਦਬੀ ਸ਼ਾਗਿਰਦ ਹੋਣ ਦਾ ਮਾਣ ਹਾਸਲ ਹੈ। ਇਸ ਖੇਤਰ ਦੇ ਸ਼ਾਗਿਰਦ ਕਾ. ਸੁਰਜੀਤ ਗਿੱਲ ਦੇ ਹੋਰ ਵੀ ਹੋਣਗੇ, ਕਿਸੇ ਹੱਦ ਤੱਕ ਪੂਰਾ ਨਹੀਂ ਤਾਂ ਕੁਝ ਪ੍ਰਭਾਵ ਰਾਮ ਸਰੂਪ ਅਣਖੀ 'ਤੇ ਵੀ ਕਾ. ਸੁਰਜੀਤ ਗਿੱਲ ਨੇ ਪਾਇਆ। 'ਕੋਠੇ ਖੜਕ ਸਿੰਘ' ਨੂੰ ਸਾਹਿਤ ਅਕਾਦਮੀ ਐਵਾਰਡ ਦਿਵਾਉਣ ਵਿਚ ਪ੍ਰਤੱਖ ਨਹੀਂ ਤਾਂ ਪ੍ਰੋਖ ਭੂਮਿਕਾ ਸੁਰਜੀਤ ਗਿੱਲ ਦੀ ਹੀ ਹੈ। ਮਿੱਤਰ ਸੈਨ ਮੀਤ ਤਾਂ ਜਿੱਥੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਆਪਣਾ ਗੁਰੂ ਮੰਨਦਾ ਹੈ, ਉਥੇ ਕਾ. ਸੁਰਜੀਤ ਗਿੱਲ ਨੂੰ ਵੀ ਗੁਰੂ ਕਹਿਣ ਵਿਚ ਬੜਾ ਫ਼ਖ਼ਰ ਮਹਿਸੂਸ ਕਰਦਾ ਹੈ। ਸਿਆਸਤ ਵਿਚ ਵੀ ਤੇ ਸਾਹਿਤ ਵਿਚ ਵੀ ਉਸਦੇ ਸ਼ਾਗਿਰਦਾਂ ਦੀ ਇਕ ਲੰਬੀ ਸੂਚੀ ਹੈ। ਦਰਸ਼ਨ ਗਿੱਲ ਤਾਂ ਉਸਨੂੰ ਗੁਰ ਹੀ ਨਹੀਂ, ਆਪਣਾ ਸਕਾ ਭਾਈ ਕਹਿੰਦਾ ਹੁੰਦਾ ਸੀ। ਸੁਰਜੀਤ ਬਰਾੜ ਸ਼ਰਧਾਂਜਲੀ ਸਮਾਗਮ ਵਾਲੇ ਦਿਨ ਜਦੋਂ ਟੀਚਰਜ਼ ਹੋਮ ਦੇ ਦਫ਼ਤਰ ਵਿਚ ਆ ਬੈਠਾ, ਤਾਂ ਉਹਦੀ ਭੁੱਬ ਨਿਕਲ ਗਈ।

ਜਦੋਂ 1953 ਵਿਚ ਲਾਲ ਪਾਰਟੀ ਦਾ ਸੀ.ਪੀ.ਆਈ. ਵਿਚ ਰਲੇਵਾਂ ਹੋ ਗਿਆ ਤਾਂ ਸੁਰਜੀਤ ਗਿੱਲ ਵੀ ਸਮਝੋ ਸੀ.ਪੀ.ਆਈ. ਵਿਚ ਤਾਂ ਆ ਗਿਆ ਪਰ ਉਸ ਵੇਲੇ ਦੇ ਅੜਬੈੜੇ ਕਾਮਰੇਡਾਂ ਦੀ ਕੀ ਗੱਲ ਕਰਾਂ, ਪਾਰਟੀ ਵਿਚ ਬਕਾਇਦਾ ਸ਼ਾਮਿਲ ਕਰਨ ਲਈ ਜਿਹੜੀਆਂ ਚੂੰਚਰਾਂ ਦਾ ਸਾਹਮਣਾ ਸੁਰਜੀਤ ਗਿੱਲ ਨੂੰ ਕਰਨਾ ਪਿਆ, ਉਸ ਸਬੰਧੀ ਮਾਨਸਾ ਜ਼ਿਲ੍ਹਾ ਵਾਲੇ ਕਹਿਣ ਕਿ ਤੇਰਾ ਜ਼ਿਲ੍ਹਾ ਪਟਿਆਲਾ ਹੈ, ਪਟਿਆਲੇ ਉਦੋਂ ਪਾਰਟੀ ਦਾ ਕੋਈ ਯੂਨਿਟ ਨਹੀਂ ਸੀ ਜਿਹੜਾ ਜ਼ਿਲ੍ਹਾ ਸਕੱਤਰ ਬਣਿਆ, ਉਹ ਸਿਰੇ ਦਾ ਕੁਰੱਖ਼ਤ ਸੀ। ਸੀਨੀਅਰ ਕਾਮਰੇਡਾਂ ਨੂੰ ਵੀ ਭੱਜ-ਭੱਜ ਪੈਂਦਾ ਪਰ ਕਾ. ਲਛਮਣ ਦਾਸ ਗੁਪਤਾ ਵਰਗੇ ਸੁਹਿਰਦ ਸਾਥੀ ਵੀ ਸਨ।

ਸਾਲ 1954 ਸੀ। ਉਹਨਾਂ ਦਿਨਾਂ ਵਿਚ ਗੋਆ ਨੂੰ ਆਜ਼ਾਦ ਕਰਾਉਣ ਦਾ ਬਿਗਲ ਵੱਜ ਗਿਆ। ਕਾ. ਸੁਰਜੀਤ ਗਿੱਲ ਦੇ ਅਥਾਹ ਜੋਸ਼ ਨੇ ਉਸਨੂੰ ਗੋਆ ਵੱਲ ਤੋਰ ਦਿੱਤਾ। 15 ਅਗਸਤ 1954 ਨੂੰ ਗੋਆ ਦੀ ਆਜ਼ਾਦੀ ਦਾ ਸੰਘਰਸ਼ ਲੜਦਾ ਹੋਇਆ ਕਾ. ਕਰਨੈਲ ਸਿੰਘ ਈਸੜੂ ਸ਼ਹੀਦ ਹੋ ਗਿਆ। ਸੁਰਜੀਤ ਗਿੱਲ ਨੇ ਆਪਣੇ ਹੋਰ ਸਾਥੀਆਂ ਸਮੇਤ ਸ਼ਹੀਦ ਦੇ ਦਰਸ਼ਨ ਕੀਤੇ। ਜੋਸ਼ ਕਾਰਨ ਉਹ ਸਭ ਅੱਗੇ ਵੱਧਦੇ ਗਏ। ਲਾਠੀਚਾਰਜ ਹੋਇਆ, ਸੱਟਾਂ ਖਾਧੀਆਂ। ਜ਼ਖ਼ਮੀ ਹਾਲਤ ਵਿਚ ਸੁਰਜੀਤ ਗਿੱਲ ਪਟਿਆਲੇ ਵਾਪਸ ਆ ਗਿਆ। ਇਕ ਪਾਸੇ ਜ਼ਖ਼ਮੀ ਸਰੀਰ ਤੇ ਦੂਜੇ ਪਾਸੇ ਜ਼ਖ਼ਮੀ ਦਿਲ। ਦਿਲ ਦੇ ਜ਼ਖ਼ਮ ਬਚਪਨ ਤੇ ਚੜ੍ਹਦੀ ਜਵਾਨੀ ਸਮੇਂ ਪਹਿਲਾਂ ਘਰੋਂ ਲੱਗੇ ਸਨ ਤੇ ਫਿਰ ਕਮਿਊਨਿਸਟਾਂ ਦੇ ਅੜਬ ਆਗੂਆਂ ਵਲੋਂ। ਪਰ ਕਮਿਊਨਿਸਟਾਂ ਦੇ ਸਖ਼ਤ ਰਵੱਈਏ ਦੇ ਬਾਵਜੂਦ ਘਰ ਮੁੜਨਾ ਸੁਰਜੀਤ ਨੂੰ ਪ੍ਰਵਾਨ ਨਹੀਂ ਸੀ। ਉਸਨੇ ਪਹਿਲਾਂ ਪਟਿਆਲੇ ਹੀ ਕਿਸੇ ਡਰਾਈ ਕਲੀਨਰ ਕੋਲ ਕੰਮ ਕੀਤਾ ਤੇ ਫਿਰ ਪ੍ਰਕਾਸ਼ ਅਖ਼ਬਾਰ ਵਿਚ। ਸ਼ਾਇਦ ਇਹ 'ਪ੍ਰਕਾਸ਼' ਅਖ਼ਬਾਰ ਗਿਆਨ ਸਿੰਘ ਰਾੜੇਵਾਲੇ ਜਾਂ ਕਿਸੇ ਪਰਜਾ ਮੰਡਲੀਏ ਆਗੂ ਦੀ ਸਰਪ੍ਰਸਤੀ ਹੇਠ ਨਿਕਲਦਾ ਸੀ। ਅੰਤ 'ਨਵਾਂ ਜ਼ਮਾਨਾ' ਜਲੰਧਰ ਦੇ ਦਫ਼ਤਰ ਆ ਕੇ ਉਸਨੂੰ ਸਕੂਨ ਵੀ ਮਿਲਿਆ ਅਤੇ ਖੱਬੇ ਪੱਖੀ ਰਾਜਨੀਤੀ ਦੀ ਹੋਰ ਸਮਝ ਵੀ ਆਈ, ਕੁਝ ਕਮਿਊਨਿਸਟ ਆਗੂਆਂ ਦੀ ਸੋਹਬਤ ਕਾਰਨ ਤੇ ਕੁਝ ਰੂਸੀ ਸਾਹਿਤ ਪੜ੍ਹ ਕੇ। ਉਦੋਂ ਬਹੁਤਾ ਰੂਸੀ ਸਾਹਿਤ ਅੰਗਰੇਜ਼ੀ ਵਿਚ ਮਿਲਦਾ ਸੀ। ਸੁਰਜੀਤ ਨੇ ਇਹ ਬਹੁਤਾ ਸਾਹਿਤ ਅੰਗਰੇਜ਼ੀ ਵਿਚ ਹੀ ਪੜ੍ਹਿਆ। ਕੁਝ ਰੂਸੀ ਕਹਾਣੀਆਂ ਅਨੁਵਾਦ ਕੀਤੀਆਂ ਜੋ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਛਪੀਆਂ।

ਜਿਸ ਰਾਮਪੁਰਾ ਫੂਲ ਦਾ ਮੈਂ ਪਹਿਲਾ ਜ਼ਿਕਰ ਕੀਤਾ ਹੈ ਅਤੇ ਜਿਥੇ ਪਹਿਲੀ ਵਾਰ ਕਾ. ਸੁਰਜੀਤ ਗਿੱਲ ਨਾਲ ਸੰਪਰਕ ਹੋਇਆ ਸੀ, ਉਥੋਂ ਦੇ ਦੋ ਉਹਨਾਂ ਕਾਮਰੇਡਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜੋ ਕਾ. ਸੁਰਜੀਤ ਗਿੱਲ ਦੇ ਵੀ ਬਹੁਤ ਕਰੀਬ ਸਨ ਤੇ ਪਿੱਛੋਂ ਆ



ਕੇ ਮੇਰੇ ਵੀ ਬਹੁਤ ਨੇੜੇ ਆ ਗਏ ਸਨ। ਇਹ ਕਾਮਰੇਡ ਸਨ ਗੁਲਾਬ ਖਾਂ ਘੜੈਲੀ ਤੇ ਕਾ. ਕਰਤਾਰ ਸਿੰਘ ਮੰਡੀ ਕਲਾਂ। ਪਰ ਮੈਨੂੰ ਜੋ ਕੁਝ ਸੁਰਜੀਤ ਗਿੱਲ ਦੀ ਸੁਹਬਤ ਤੋਂ ਸਿੱਖਣ ਨੂੰ ਮਿਲਿਆ, ਉਹ ਇਹਨਾਂ ਦੋ ਕਾਮਰੇਡਾਂ ਤੋਂ ਨਹੀਂ। ਭਾਵੇਂ ਇਹਨਾਂ ਦੋਵਾਂ ਕਾਮਰੇਡਾਂ ਦੀ ਪਾਰਟੀ ਪ੍ਰਤੀ ਵਫ਼ਾਦਾਰੀ 'ਤੇ ਉੱਕਾ ਹੀ ਕੋਈ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ ਪਰ ਕਾ. ਸੁਰਜੀਤ ਗਿੱਲ ਦੇ ਸਲੂਕ ਵਿਚ ਇਹਨਾਂ ਨਾਲੋਂ ਕੋਈ ਗੱਲਾਂ ਕਾਰਨ ਅੰਤਰ ਸੀ। ਗੁਲਾਬ ਖਾਂ ਘੜੈਲੀ ਨਾਲ ਤਾਂ ਮੈਂ ਜੇ ਸਹਿਮਤ ਨਾ ਹੁੰਦਾ ਤਾਂ ਉਹ ਬੜਾ ਔਖਾ ਹੋ ਜਾਂਦਾ। ਮੇਰੇ ਨਾਲ ਬੋਲਣਾ ਵੀ ਪਸੰਦ ਨਾ ਕਰਦਾ। ਪਰ ਕਾਮਰੇਡ ਗਿੱਲ ਦੀ ਅੱਵਲੀ ਤਾਂ ਬਹੁਤ ਬਹਿਸ ਵਿਚ ਪੈਣ ਦੀ ਲੋੜ ਹੀ ਨਹੀਂ ਪੈਂਦੀ ਅਤੇ ਜੇ ਕਦੇ ਪੈ ਵੀ ਜਾਂਦੀ ਉਹ ਕਦੇ-ਕਦਾਈਂ ਤਾਂ ਜਜ਼ਬਾਤੀ ਹੋ ਜਾਂਦਾ ਪਰ ਅੰਤ ਮੈਨੂੰ ਜਿਸ ਭਾਸ਼ਾ ਵਿਚ ਸਮਝੌਤੀ ਦਿੰਦਾ, ਉਹ ਬੜੀ ਨਰਮ ਤੇ ਬਾਦਲੀਲ ਹੁੰਦੀ। ਕਰਤਾਰ ਸਿੰਘ ਮੰਡੀ ਕਲਾਂ ਪਿੱਛੋਂ ਜਾ ਕੇ ਮੇਰੇ ਨਾਲ ਅਜਿਹਾ ਇਕਸੁਰ ਹੋਇਆ ਕਿ ਸਾਡੇ ਵਿਚ ਮਤਭੇਦ ਦੀ ਕਦੇ ਕੋਈ ਗੱਲ ਹੋਈ ਹੀ ਨਹੀਂ ਸੀ। ਪਰ ਇਹਨਾਂ ਤਿੰਨਾਂ ਵਿਚੋਂ ਕਾ. ਸੁਰਜੀਤ ਗਿੱਲ ਦਾ ਮੇਰੇ ਨਾਲ ਸੰਬੰਧ ਗੁਰੂ ਚੇਲੇ ਵਾਲਾ ਅਜਿਹਾ ਹੋਇਆ ਕਿ ਉਹ ਉਸਦੇ ਆਖ਼ਰੀ ਸਵਾਸਾਂ ਤੱਕ ਨਿਭਿਆ।

xxx

1968 ਪਿੱਛੋਂ ਜਦ ਅਸੀਂ ਤਪੇ ਤੋਂ 'ਕਿੰਤੂ' ਰਸਾਲਾ ਸ਼ੁਰੂ ਕੀਤਾ ਅਤੇ ਮੈਂ ਬਕਾਇਦਾ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ, ਉਸ ਸਮੇਂ ਕਾ. ਸੁਰਜੀਤ ਗਿੱਲ ਦੀ ਸੇਧ ਮੇਰੇ ਬੜੀ ਕੰਮ ਆਈ। 'ਲੋਕ ਲਹਿਰ' ਸਪਤਾਹਿਕ ਦੇ ਜਲੰਧਰ ਦਫ਼ਤਰ ਵਿਚ ਜਗਤਾਰ ਵੀ ਸੀ ਤੇ ਕਾ. ਗਿੱਲ ਵੀ। ਪਰ ਜਦੋਂ ਮੈਂ ਆਪਣੀ ਕਹਾਣੀ 'ਲੋਕ ਲਹਿਰ' ਵਿਚ ਛਪਵਾਉਣੀ ਹੁੰਦੀ, ਮੈਂ ਕਾ. ਗਿੱਲ ਨੂੰ ਭੇਜਦਾ। 1972 ਵਿਚ ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਕਣਕ ਦਾ ਬੁੱਕ' ਛਪਿਆ। ਪੰਜਾਬੀ ਗਲਪ ਦੇ ਆਲੋਚਕ ਡਾ. ਟੀ. ਆਰ. ਵਿਨੋਦ, ਦਿੱਲੀ ਵਾਲੇ ਡਾ. ਗੁਰਮੁਖ ਸਿੰਘ ਜੀਤ, ਜਲੰਧਰ ਵਾਲੇ ਪ੍ਰੋ. ਨਿਰੰਜਣ ਸਿੰਘ ਢੇਸੀ ਆਦਿ ਨੇ ਉਚੇਚੇ ਤੌਰ ਤੇ ਮੇਰੀ ਇਸ ਕਿਤਾਬ ਦੀ ਤਾਰੀਫ਼ ਕੀਤੀ। ਇਹਨਾਂ ਵਿਚੋਂ ਜਦੋਂ ਵੀ ਕੋਈ ਕਹਾਣੀ 'ਕਿੰਤੂ' ਜਾਂ ਕਿਸੇ ਹੋਰ ਪਰਚੇ ਵਿਚ ਛਪਦੀ, ਕਾ. ਗਿੱਲ ਉਸ ਸੰਬੰਧੀ ਆਪਣੀ ਟਿੱਪਣੀ ਲਿਖਤੀ ਰੂਪ ਵਿਚ ਭੇਜਦਾ। 'ਕਣਕ ਦਾ ਬੁੱਕ' ਕਹਾਣੀ ਸੰਗ੍ਰਹਿ ਪੜ੍ਹ ਕੇ ਉਸਨੇ ਮੇਰੀ ਜਮਾਤੀ ਸਮਝ ਸੰਬੰਧੀ ਜਿਹੜੀ ਟਿੱਪਣੀ ਕੀਤੀ, ਉਸ ਨਾਲ ਮੈਨੂੰ ਮਾਰਕਸਵਾਦ ਅਤੇ ਕਹਾਣੀ ਵਿਚ ਰੱਖੇ ਕਦਮ ਪ੍ਰਤੀ ਜਿਹੜਾ ਹੌਂਸਲਾ ਮਿਲਿਆ, ਉਸਨੇ ਅਗਲੇ ਦੋ-ਤਿੰਨ ਸਾਲਾਂ ਵਿਚ ਮੈਥੋਂ 20 ਤੋਂ ਵੱਧ ਕਹਾਣੀਆਂ ਲਿਖਵਾ ਦਿੱਤੀਆਂ। ਮੇਰੀ ਜਮਾਤੀ ਸਮਝ ਪ੍ਰਤੀ ਉਸਨੇ ਮੇਰੀ ਕਹਾਣੀ 'ਡਰ' ਦਾ ਉਚੇਚਾ ਜ਼ਿਕਰ ਕੀਤਾ। ਉਸਦਾ ਕਹਿਣਾ ਸੀ ਕਿ 'ਡਰ' ਵਿਚ ਮੈਂ ਆਪਣੀ ਜਮਾਤ ਦਾ ਬੜਾ ਕਲਾਮਈ ਢੰਗ ਨਾਲ ਪੱਖ ਪੂਰਿਆ ਹੈ। ਇਸ

ਕਹਾਣੀ ਵਿਚ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਣ ਵਾਲੇ ਦੋ ਪਾਤਰ ਹਨ – ਇਕ ਤਾਜੋ ਵਾਲਾ ਮਾਸਟਰ ਤੇ ਦੂਜੀ ਅਧਿਆਪਕਾ ਸਤਵੰਤ। ਕਾ. ਗਿੱਲ ਅਨੁਸਾਰ ਜੇ ਮੈਂ ਤਾਜੋ ਵਾਲੇ ਅਧਿਆਪਕ ਨੂੰ ਨਿਰਦਈ ਤੇ ਜ਼ਾਲਮ ਦਿਖਾਇਆ ਹੈ ਤਾਂ ਸਤਵੰਤ ਨੂੰ ਅਤਿ ਦੀ ਸੰਵੇਦਨਸ਼ੀਲ ਤੇ ਬਾਲ ਮਨਾਂ ਨੂੰ ਸਮਝਣ ਵਾਲੀ ਅਧਿਆਪਕਾ ਦੇ ਤੌਰ 'ਤੇ ਪੇਸ਼ ਕੀਤਾ ਹੈ। ਇਸ ਤਰ੍ਹਾਂ ਮੈਂ ਬੜੇ ਕਲਾਮਈ ਢੰਗ ਨਾਲ ਆਪਣੀ ਹੇਠਲੀ ਮੱਧ ਸ਼੍ਰੇਣੀ (ਜੋ ਅਸਲ ਵਿਚ ਨਿਮਨ ਸ਼੍ਰੇਣੀ ਹੀ ਹੁੰਦੀ ਹੈ) ਦੇ ਪਾਤਰਾਂ ਨੂੰ ਜਮਾਤੀ ਤੌਰ 'ਤੇ ਘਟੀਆ ਤੇ ਨਿਰਦਈ ਹੋਣ ਤੋਂ ਬਚਾ ਲਿਆ ਹੈ। ਪਰ ਜਦੋਂ ਮੈਂ 'ਲੋਕ ਲਹਿਰ' ਵਿਚ ਛਪਣ ਲਈ ਇਕ ਕਹਾਣੀ ਭੇਜੀ -ਸੱਚੀ ਗੱਲ, ਤਾਂ ਕਾਮਰੇਡ ਗਿੱਲ ਨੇ ਚਿੱਠੀ ਲਿਖੀ, 'ਕਹਾਣੀ ਤਾਂ ਲੋਕ ਲਹਿਰ ਵਿਚ ਛਾਪ ਦਿੱਤੀ ਹੈ ਪਰ ਇਹ ਕਹਾਣੀ ਨਹੀਂ, ਸਿਰਫ਼ ਇਕ ਗੱਲ ਹੀ ਹੈ। ਗੱਲ ਤੇ ਗਲਪ ਵਿਚ ਬੜਾ ਅੰਤਰ ਹੁੰਦਾ ਹੈ।" ਜਦੋਂ ਮੈਨੂੰ ਉਹ ਬਰਨਾਲੇ ਮਿਲਿਆ, ਗਲਪ ਸੰਬੰਧੀ ਕਈ ਅਜਿਹੇ ਨੁਕਤੇ ਦੱਸੇ ਜਿਸ ਨੇ ਮੈਥੋਂ ਕਈ ਅਜਿਹੀਆਂ ਕਹਾਣੀਆਂ ਲਿਖਵਾਈਆਂ, ਜਿਨ੍ਹਾਂ 'ਤੇ ਮੈਨੂੰ ਤਾਂ ਮਾਣ ਹੋਣਾ ਹੀ ਸੀ, ਸੁਰਜੀਤ ਗਿੱਲ ਨੂੰ ਵੀ ਸੀ।

ਮੇਰਾ ਕਹਾਣੀ ਸੰਗ੍ਰਹਿ 'ਪਾਟਿਆ ਦੁੱਧ' 1982 ਵਿਚ ਛਪਿਆ। ਬੜੀ ਚਰਚਾ ਹੋਈ। ਸੁਰਜੀਤ ਗਿੱਲ ਨੇ ਵੀ ਇਸ ਸੰਗ੍ਰਹਿ ਦੀਆਂ ਚਾਰ ਕਹਾਣੀਆਂ ਦੀ ਬੜੀ ਤਾਰੀਫ਼ ਕੀਤੀ- ਪਾਟਿਆ ਦੁੱਧ, ਲੱਛੀ ਤੇਰੇ ਬੰਦ ਨਾ ਬਣੇ, ਸੁਕ-ਪੁਕਾ ਅਤੇ ਨਹੁੰਆਂ ਨਾਲੋਂ ਟੁੱਟਿਆ ਮਾਸ। ਪਰ ਜਦੋਂ ਬੜੇ ਲੰਬੇ ਵਕਫੇ ਪਿਛੋਂ ਸ਼ਾਇਦ 1990 ਵਿਚ, ਸਿਰਜਣਾ ਵਿਚ ਮੇਰੀ ਕਹਾਣੀ 'ਫੈਲਦੇ ਰਿਸ਼ਤੇ' ਛਪੀ, ਅਗਲੇ ਅੰਕ ਅਪ੍ਰੈਲ-ਜੂਨ 1991 ਵਿਚ ਕਾ. ਸੁਰਜੀਤ ਗਿੱਲ ਦੀ ਜਿਹੜੀ ਚਿੱਠੀ ਛਪੀ, ਉਹ ਇੰਨ-ਬਿੰਨ ਮੈਂ ਇੱਥੇ ਦੇ ਰਿਹਾ ਹਾਂ –

"ਸਿਰਜਣਾ-80 ਵਿਚ ਐੱਸ. ਤਰਸੇਮ ਦੀ ਕਹਾਣੀ ਪੜ੍ਹ ਕੇ ਬਹੁਤ ਸੰਤੁਸ਼ਟੀ ਹੋਈ। ਕਾਫ਼ੀ ਚਿਰ ਪਿੱਛੋਂ ਅਜਿਹੀ ਮਿਆਰੀ ਕਹਾਣੀ ਪੜ੍ਹਨ ਨੂੰ ਮਿਲੀ। ਨਹੀਂ ਤਾਂ ਪੰਜਾਬੀ ਸਾਹਿਤ ਮਿਆਰੀ ਕਹਾਣੀਆਂ ਪੱਖੋਂ ਔਤਰਾ ਹੀ ਹੋ ਗਿਆ ਹੈ। ਇਸ ਕਹਾਣੀ ਦਾ ਨਾਇਕ ਇਕ ਜਿਉਂਦਾ-ਜਾਗਦਾ, ਹੱਡ-ਮਾਸ ਦਾ ਅਸਲੀ ਮਨੁੱਖ ਹੈ, ਜਿਹੜਾ ਸਮਾਜ ਦੇ ਅਧੀਨ ਵੀ ਹੈ ਤੇ ਸਮਾਜ ਤੋਂ ਬਾਗ਼ੀ ਵੀ। ਲੇਖਕ ਦਾ ਅਨੁਭਵ ਤੀਖਣ, ਸੋਚ ਪੱਕੀ, ਬਿਆਨ ਸੁਭਾਵਕ ਤੇ ਸਹਿਜ ਹੈ। ਸਭ ਤੋਂ ਵੱਡੀ ਗੱਲ ਹੈ ਮਾਨਵੀ ਸੰਕਲਪ ਦੀ ਸੂਖਮ ਪੇਸ਼ਕਾਰੀ। ਇਸ ਕਹਾਣੀ ਨੇ ਸਾਬਤ ਕੀਤਾ ਹੈ ਕਿ ਐੱਸ. ਤਰਸੇਮ ਅੰਦਰਲਾ ਕਲਾਕਾਰ ਵੱਧ ਸੂਝਵਾਨ, ਵੱਧ ਠਰ੍ਹੰਮੇ ਵਾਲਾ ਤੇ ਨਿਰੋਲ ਕਲਾਕਾਰ ਬਣ ਕੇ ਨਿਤਰਿਆ ਹੈ। ਮੈਂ ਇਸ ਕਲਾਕਾਰ ਦਾ ਪਿਆਰ ਭਰਿਆ ਸੁਆਗਤ ਕਰਦਾ ਹਾਂ।" ਇਹ ਚਿੱਠੀ ਮੈਂ ਆਪਣੀ ਤਾਰੀਫ਼ ਹਿੱਤ ਨਹੀਂ ਦੇ ਰਿਹਾ, ਸਿਰਫ਼ ਇਸ ਲਈ ਦੇ ਰਿਹਾ ਹਾਂ ਤਾਂ ਜੋ ਸਾਡੇ ਸਾਹਿਤਕ ਦਾਇਰੇ ਵਿਚ ਹੋਰ ਸੁਦ੍ਰਿੜ੍ਹ ਹੋ ਸਕੇ ਕਿ ਕਾ. ਸੁਰਜੀਤ ਗਿੱਲ ਕਿਸ ਪੱਧਰ ਦਾ ਮਾਰਕਸਵਾਦੀ



ਚਿੰਤਕ ਤੇ ਆਲੋਚਕ ਸੀ।

ਸਾਡੇ ਗੁਰੂ-ਸ਼ਿਸ਼ ਰਿਸ਼ਤੇ ਨੂੰ ਸਦੀਵੀਂ ਸਮਾਜਿਕ ਰਿਸ਼ਤੇ ਵਿਚ ਬੰਨ੍ਹਣ ਹਿੱਤ ਮੈਂ ਆਪਣੀ ਪੁਸਤਕ 'ਫੈਲਦੇ ਰਿਸ਼ਤੇ' ਕਾ. ਸੁਰਜੀਤ ਗਿੱਲ ਤੇ ਜਸਦੇਵ ਸਿੰਘ ਧਾਲੀਵਾਲ ਨੂੰ ਸਮਰਪਿਤ ਕੀਤੀ ਹੈ। ਹੁਣ ਜਦੋਂ ਕਿ ਇਹ ਮੇਰਾ ਵੱਡਾ ਵੀਰ, ਮੇਰਾ ਗੁਰੂ ਜਾਂ ਮੇਰਾ ਰਾਹ-ਦਸੇਰਾ ਇਸ ਸੰਸਾਰ ਤੋਂ ਸਦਾ ਲਈ ਵਿਦਾ ਹੋ ਗਿਆ ਹੈ। ਮੈਂ ਆਪਣੇ ਦੂਜੇ ਸ਼ਬਦ ਚਿੱਤਰ ਸੰਗ੍ਰਹਿ 'ਛੱਲਾਂ ਤੇ ਸਮੁੰਦਰ' ਦਾ ਸਮਰਪਣ ਆਪਣੇ ਇਸ ਬੇਜੋੜ ਕਾਮਰੇਡ ਅਤੇ ਮਾਰਕਸਵਾਦੀ ਚਿੰਤਕ ਤੇ ਆਲੋਚਕ ਕਾ. ਸੁਰਜੀਤ ਗਿੱਲ ਦੇ ਨਾਂ ਕਰ ਰਿਹਾ ਹਾਂ। ਹਾਲ ਦੀ ਘੜੀ ਉਹਨਾਂ ਨੂੰ ਸ਼ਰਧਾਂਜਲੀ ਲਈ ਮੇਰੇ ਕੋਲ ਹੋਰ ਕੋਈ ਰਾਹ ਨਹੀਂ ਹੈ। ਭਾਵੇਂ ਮੇਰੇ ਅੰਦਰ ਉਹਨਾਂ ਪ੍ਰਤੀ ਸਤਿਕਾਰ ਆਖਰੀ ਦਮਾਂ ਤੱਕ ਬਣਿਆ ਰਹੇਗਾ।

ਜਦੋਂ ਮੇਰੀਆਂ ਗ਼ਜ਼ਲਾਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪਦੀਆਂ, ਗ਼ਜ਼ਲ ਸੰਗ੍ਰਹਿਆਂ ਦੇ ਰੀਵਿਊ ਛਪਦੇ ਜਾਂ ਮੇਰਾ ਖੋਜ ਪੱਤਰ ਕਿਤੇ ਪੜ੍ਹਿਆ ਜਾਂਦਾ, ਕਾ. ਸੁਰਜੀਤ ਗਿੱਲ ਉਹਨਾਂ ਦੀ ਤਾਰੀਫ਼ ਤਾਂ ਕਰਦਾ ਪਰ ਮੈਨੂੰ ਕਹਾਣੀਆਂ ਲਿਖਣ ਲਈ ਪ੍ਰੇਰਦਾ ਰਹਿੰਦਾ। ਉਸਨੇ 'ਫੈਲਦੇ ਰਿਸ਼ਤੇ' ਤੇ ਜਿਹੜਾ ਖੋਜ-ਪੱਤਰ ਲਿਖਿਆ ਹੈ, ਉਹ ਸਦਾ ਲਈ ਮੇਰਾ ਰਾਹ ਦਸੇਰਾ ਬਣਿਆ ਰਹੇਗਾ। ਜੇ ਮੈਂ ਵੱਡੀਆਂ ਕਹਾਣੀਆਂ ਨਾ ਵੀ ਲਿਖ ਸਕਿਆ ਤਾਂ ਮੇਰੀ ਸਵੈ-ਜੀਵਨੀ ਵਾਂਗ ਮੇਰੇ ਲਿਖੇ ਸ਼ਬਦ ਚਿੱਤਰਾਂ ਵਿਚ ਕਹਾਣੀਆਂ ਦਾ ਜਿਹੜਾ ਰੰਗ ਉਘੜੇਗਾ, ਉਹਨਾਂ ਵਿਚ ਕਾਮਰੇਡ ਗਿੱਲ ਦੀ ਸਿੱਖਿਆ ਦਾ ਹੀ ਕੋਈ ਨਾ ਕੋਈ ਅੰਸ਼ ਜ਼ਰੂਰ ਹੋਵੇਗਾ।

ਮੈਂ ਆਪਣੀ ਹਰ ਕਿਤਾਬ ਕਾ. ਸੁਰਜੀਤ ਗਿੱਲ ਨੂੰ ਭੇਜਦਾ ਰਿਹਾ ਹਾਂ। ਸਵੈ-ਜੀਵਨੀ 'ਧ੍ਰਿਤਰਾਸ਼ਟਰ' ਵੀ ਗਿੱਲ ਨੂੰ ਭੇਜੀ ਤੇ ਉਸ ਤੋਂ ਪਹਿਲਾਂ 'ਕੱਚੀ ਮਿੱਟੀ ਪੱਕਾ ਰੰਗ' ਵੀ। 'ਧ੍ਰਿਤਰਾਸ਼ਟਰ' ਪੜ੍ਹ ਕੇ ਉਸਨੇ ਫੋਨ ਕੀਤਾ, "ਇਹ ਤਾਂ ਚੰਗਾ ਹੈ ਕਿ ਤੂੰ ਆਪਣੀ ਜ਼ਿੰਦਗੀ ਦਾ ਕੁਝ ਵੀ ਛੁਪਾਇਆ ਨਹੀਂ। ਇਹ ਤੇਰੀ ਦਲੇਰੀ ਹੈ। ਪਰ ਪਰਿਵਾਰ ਦੀ ਗੱਲ ਕਰਦਿਆਂ ਤੂੰ ਕੁਝ ਟਿੱਪਣੀਆਂ ਲੋੜ ਤੋਂ ਵੱਧ ਬੇਬਾਕੀ ਨਾਲ ਲਿਖ ਦਿੱਤੀਆਂ ਹਨ। ਗੱਲਾਂ ਭਾਵੇਂ ਉਹ ਸਾਰੀਆਂ ਕਹਿ ਦਿੰਦਾ ਪਰ ਜਿਵੇਂ ਬਾਕੀ ਸਵੈ-ਜੀਵਨੀ ਵਿਚ ਤੂੰ ਬੜਾ ਕਲਾਮਈ ਰਿਹਾ ਹੈ, ਆਪਣੇ ਪੁੱਤਰ ਦੀ ਗੱਲ ਕਰਨ ਸਮੇਂ ਲੋੜ ਤੋਂ ਵੱਧ ਲਾਊਡ ਹੋ ਗਿਆ ਲੱਗਦਾ ਹੈ।" ਇਸ ਤਰ੍ਹਾਂ ਦੇ ਰਾਏ ਮਸ਼ਵਰੇ ਜਿਹੜੇ ਕਾ. ਗਿੱਲ ਨੇ ਮੈਨੂੰ ਦਿੱਤੇ, ਉਹ ਭਵਿੱਖ ਵਿਚ ਮੈਨੂੰ ਹੋਰ ਵਧੀਆ ਲਿਖਣ ਦੇ ਕੰਮ ਦੇਣਗੇ।

1987 ਤੋਂ ਲੈ ਕੇ ਜਦੋਂ ਤੋਂ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਿਚ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਸੀ, ਕਾਮਰੇਡ ਸੁਰਜੀਤ ਗਿੱਲ ਨਾਲ ਮੇਰਾ ਵਾਹ-ਵਾਸਤਾ ਹੋਰ ਵੱਧ ਗਿਆ ਸੀ। ਕੇਂਦਰੀ ਸਭਾ ਦੀ ਚੋਣ ਵਿਚ ਨਵੀਂ ਟੀਮ ਤਿਆਰ ਕਰਨ ਲਈ ਇਕ

ਜੈਨ ਧਰਮ ਤੇ ਹੋਰ ਮਤ-ਮਤਾਂਤਰਾਂ ਬਾਰੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਜਿਹੜੀ ਸਮਝ ਉਸਨੇ ਸਾਨੂੰ ਦਿੱਤੀ ਹੈ, ਪਹਿਲਾਂ ਆਮ ਪੰਜਾਬੀ ਪਾਠਕਾਂ ਨੂੰ ਉਸਦਾ ਊੜਾ ਆੜਾ ਵੀ ਨਹੀਂ ਸੀ ਪਤਾ। ਸ਼ਾਇਦ ਕਾਮਰੇਡ ਗਿੱਲ ਦੀ ਸਮਝ ਨੂੰ ਅੱਗੇ ਤੋਰਨ ਲਈ ਹੀ ਕਾ. ਤੁਲਸੀ ਦਾਸ ਨੇ ਇਸ ਖੇਤਰ ਵਿਚ ਹੋਰ ਕੰਮ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਇਹਨਾਂ ਦੋਵਾਂ ਵਿਦਵਾਨਾਂ ਦੇ ਕੰਮ-ਢੰਗ ਦਾ ਸਾਂਝਾ ਸੂਤਰ ਇਹ ਹੈ ਕਿ ਇਹ ਦੋਵੇਂ ਮਾਰਕਸਵਾਦੀ ਚਿੰਤਕ ਭਾਸ਼ਾ ਨੂੰ ਬੜੇ ਹੀ ਸਰਲ ਢੰਗ ਨਾਲ ਲੋਕ ਪੱਧਰ 'ਤੇ ਲਿਆ ਕੇ ਵਰਤਦੇ ਹਨ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕਾ. ਸੁਰਜੀਤ ਗਿੱਲ ਜਦੋਂ ਸਾਡੇ ਵਿਛੜ ਚੁੱਕੇ ਕਾਮਰੇਡਾਂ ਬਾਰੇ ਕੁਝ ਲਿਖਦਾ ਹੈ, ਉਸਦੀ ਲਿਖਤ ਵਿਚ ਸਿਰਫ਼ ਆਪਣੀ ਪਾਰਟੀ ਦਾ ਰੰਗ ਹੀ ਨਹੀਂ ਹੁੰਦਾ, ਹਰ ਕਮਿਊਨਿਸਟ ਪਾਰਟੀ ਤੇ ਸਾਥੀ ਦੀ ਜ਼ਿੰਦਗੀ ਨੂੰ ਬੜੀ ਸੁਹਿਰਦਤਾ ਨਾਲ ਪੇਸ਼ ਕਰਦਾ ਹੈ। 'ਨਵਾਂ ਜ਼ਮਾਨਾ' ਵਿਚ ਉਸਨੇ 'ਮਿੱਟੀ ਤਾਂ ਫਰੋਲ ਜੋਗੀਆ' ਕਾਲਮ ਅਧੀਨ ਜਿਹੜੇ ਸਾਥੀਆਂ ਦਾ ਜ਼ਿੰਦਗੀਨਾਮਾ ਪੇਸ਼ ਕੀਤਾ ਹੈ, ਉਸ ਨਾਲ ਉਸਦੀ ਸਮੁੱਚੀ ਕਮਿਊਨਿਸਟ ਲਹਿਰ ਨਾਲ ਸਾਂਝ ਦੇ ਤਾਂ ਦਰਸ਼ਨ ਹੁੰਦੇ ਹੀ ਹਨ, ਉਸਦੀ ਸਰਲ ਗੱਦਕਾਰੀ ਦੀ ਵੀ ਖਿੜਕੀ ਖੁਲ੍ਹਦੀ ਹੈ। ਦੂਜੀ ਗੱਲ ਇਹ ਕਿ ਲੋਕ ਸਾਹਿਤ ਨੂੰ ਪੇਸ਼ ਕਰਨ ਸਮੇਂ ਉਹ ਉਸਦਾ ਜਿਸ ਤਰ੍ਹਾਂ ਪੁਨਰ ਸਿਰਜਣ ਕਰਦਾ ਹੈ, ਉਸ ਵਿਚ ਉਹ ਆਪਣੀ ਮਾਰਕਸਵਾਦੀ ਸਮਝ ਦੀ ਛੋਹ ਵੀ ਅਛੋਪਲੇ ਜਿਹੇ ਲਾ ਜਾਂਦਾ ਹੈ। ਲੋਕ ਗੀਤ ਤਾਂ ਇਹ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ - 'ਨਹੀਓਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ' ਪਰ ਕਾਮਰੇਡ ਗਿੱਲ ਇਸ ਵਿਚੋਂ ਉਦਾਸੀ ਦੀ ਭਾਵਨਾ ਨੂੰ ਖਾਰਜ ਕਰ ਦਿੰਦਾ ਹੈ, ਕਿਉਂਕਿ ਨਿਰਾਸ਼ਾਵਾਦੀ ਹੋਣਾ ਕਿਸੇ ਵੀ ਮਾਰਕਸਵਾਦੀ ਵਿਅਕਤੀ ਦਾ ਜੀਵਨ ਲਕਸ਼ ਨਹੀਂ। ਇਸ ਤਰ੍ਹਾਂ ਉਹ ਕਾਲਮ ਦਾ ਸਿਰਲੇਖ ਬਣਾ ਦਿੰਦਾ ਹੈ - 'ਮਿੱਟੀ ਤਾਂ ਫਰੋਲ ਜੋਗੀਆ'। ਇਹ ਜ਼ਿੰਦਗੀ ਦੀ ਆਸ਼ਾਵਾਦੀ ਧੁਨੀ ਹੈ। ਪ੍ਰੰਪਰਾਵਾਂ ਦਾ ਪੁਨਰ ਸਿਰਜਣ ਕਰਨਾ ਹੀ ਕਿਸੇ ਮਾਰਕਸਵਾਦੀ ਚਿੰਤਕ ਤੇ ਕਲਮਕਾਰ ਦਾ ਧਰਮ ਹੈ। ਇਸ ਫਰਜ਼ ਪ੍ਰਤੀ ਕਾ. ਗਿੱਲ ਐਨਾ ਸੁਚੇਤ ਹੈ ਕਿ ਹਰ ਸਾਥੀ ਦੀ ਜੀਵਨ ਲੀਲ੍ਹਾ ਸਾਡੇ ਅੱਗੇ ਸਜੀਵ ਹੋ ਜਾਂਦੀ ਹੈ।

ਕਾ. ਸੁਰਜੀਤ ਗਿੱਲ ਦੇ ਸਾਥੀਆਂ, ਸਨੇਹੀਆਂ, ਦੋਸਤਾਂ, ਵਾਕਫਾਂ, ਪਾਠਕਾਂ ਤੇ ਪ੍ਰਸ਼ੰਸਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਆਮ ਪਾਠਕ ਤੋਂ ਲੈ ਕੇ ਉਸ ਨੂੰ ਹਰ ਰੰਗ ਦਾ ਕਮਿਊਨਿਸਟ ਕਾਰਕੁੰਨ ਬੜੇ ਗਹੁ ਨਾਲ ਪੜ੍ਹਦਾ ਹੈ। ਇਹਨਾਂ ਵਿਚੋਂ ਸੈਂਕੜੇ ਸਾਥੀਆਂ ਤੇ ਮੇਲੀਆਂ-ਗੇਲੀਆਂ ਨਾਲ ਤਾਂ ਉਸਦੇ ਘਰੇਲੂ ਸਬੰਧ ਹਨ। ਜੇ ਕੁੱਲ ਸਾਥੀਆਂ, ਬੇਲੀਆਂ, ਪ੍ਰਸ਼ੰਸਕਾਂ ਤੇ ਸ਼ਾਗਿਰਦਾਂ ਦੀ ਸੂਚੀ ਬਣਾਉਣੀ ਹੋਵੇ ਤਾਂ ਉਹ ਇਕ-ਅੱਧ ਨਕਸਲੀ ਲੇਖਕਾਂ ਚਿੰਤਕਾਂ ਤੇ ਪਾਰਟੀ ਕਾਰਕੁੰਨਾਂ ਨਾਲ ਮੋਹ ਦੀ ਹੱਦ ਤੱਤ ਲਗਾਓ ਰੱਖਦਾ ਹੈ। ਸੀ.ਪੀ.ਐਮ. ਦੇ ਵਰਕਰਾਂ ਤੇ ਨੇਤਾਵਾਂ ਨਾਲ ਤਾਂ ਉਸਦੇ ਨੇੜਲੇ ਸਬੰਧ ਹਨ ਹੀ ਪਰ ਉਹ



ਉਹਨਾਂ ਦੀਆਂ ਖਾਮੀਆਂ ਨੂੰ ਲੁਕਾ ਕੇ ਉਹਨਾਂ ਨੂੰ ਵਰਕ ਵਿਚ ਸਜਾਵਟੀ ਬਰਫ਼ੀ ਵਾਂਗ ਪੇਸ਼ ਨਹੀਂ ਸੀ ਕਰਦਾ। ਇਹ ਉਸਦੇ ਸੂਝਵਾਨ ਕਾਮਰੇਡ ਹੋਣ ਦੀ ਨਿਸ਼ਾਨੀ ਸੀ। ਜੇ ਉਸਦੇ ਸਾਥੀਆਂ, ਦੋਸਤਾਂ, ਪ੍ਰਸ਼ੰਸਕਾਂ, ਪਾਠਕਾਂ ਤੇ ਵਾਕਫ਼ਾਂ ਦੀ ਗਿਣਤੀ 1000 ਤੋਂ ਉਪਰ ਮੰਨ ਕੇ ਤੁਰੀਏ ਤਾਂ ਉਸਦੇ ਪਰਿਵਾਰ ਵਿਚ ਵੀ ਸੰਖੇਪਤਾ ਤੇ ਸੰਜਮ ਦੂਜੇ ਸਿਰੇ ਜਾ ਖੜ੍ਹਦਾ ਹੈ। ਕਾ. ਸੁਰਜੀਤ ਗਿੱਲ ਦੀ ਪਤਨੀ ਜੁਗਿੰਦਰ ਕੌਰ ਪੁੱਤਰ ਅਮਰਦੀਪ ਸਿੰਘ ਗਿੱਲ, ਨੂੰਹ ਜਸਵੀਰ ਕੌਰ ਹੈ ਤੇ ਦੋ ਪੋਤਰੇ ਪੁਨੂੰ ਤੇ ਸਾਵਲ ਹਨ। ਇਸ ਤੋਂ ਛੋਟਾ ਪਰਿਵਾਰ ਭਲਾ ਹੋਰ ਦੱਸੋ ਕੀ ਹੋਵੇਗਾ? ਪਤਨੀ ਤੇ ਪੁੱਤਰ ਦੀਆਂ ਖ਼ੂਬੀਆਂ ਵੀ ਆਪਣੇ ਥਾਂ ਵਿਲੱਖਣ ਹਨ। ਕਾ. ਸੁਰਜੀਤ ਗਿੱਲ ਦੀ ਸੁਪਤਨੀ ਨੇ ਕਾਮਰੇਡ ਦੀ ਗ਼ੈਰਹਾਜ਼ਰੀ ਵਿਚ ਸਬਰ ਸ਼ੁਕਰ ਨਾਲ ਹੀ ਵਕਤ ਗੁਜ਼ਾਰਿਆ ਹੈ। ਚਿੱਤੋਂ ਉਸਦਾ ਔਖੇ ਰਹਿਣਾ ਸੁਭਾਵਿਕ ਹੈ। ਪਰ ਕਾਮਰੇਡ ਦੀ ਘਰ ਪ੍ਰਤੀ ਲਾਪ੍ਰਵਾਹੀ ਨੂੰ ਪੇਂਡੂ ਔਰਤਾਂ ਵਾਂਗ ਛੱਜ ਵਿਚ ਪਾ ਕੇ ਨਹੀਂ ਛੰਡਿਆ। ਕਾਮਰੇਡ ਦੇ ਸ਼ਰਧਾਂਜਲੀ ਸਮਾਗਮ ਵਾਲੇ ਦਿਨ ਵੀ ਉਹ ਬੜੇ ਸਹਿਜ ਰੂਪ ਵਿਚ ਬੈਠੀ ਰਹੀ। ਉਹ ਉਦਾਸ ਜ਼ਰੂਰ ਸੀ। ਉਦਾਸ ਹੋਣਾ ਪਤੀ ਦੇ ਵਿਛੋੜੇ 'ਤੇ ਭਾਰਤੀ ਨਾਰੀ ਦਾ ਧਰਮ ਹੈ। ਪਰ ਉਸਦੇ ਚਿਹਰੇ 'ਤੇ ਜਿਵੇਂ ਮੈਨੂੰ ਮਿੱਤਰਾਂ ਨੇ ਦੱਸਿਆ, ਉਸ ਤਰ੍ਹਾਂ ਦੀ ਮਾਯੂਸੀ ਜ਼ਰਾ ਵੀ ਨਹੀਂ ਸੀ ਤੇ ਨਾ ਗਿਲਾ ਤੇ ਕ੍ਰੋਧ ਜੋ ਅਕਸਰ ਘਰੋਂ ਬਹੁਤੀ ਦੇਰ ਪਰ੍ਹੇ ਰਹਿਣ ਵਾਲੇ ਪਤੀ ਪ੍ਰਤੀ ਹੁੰਦੀ ਹੈ। ਅਮਰਦੀਪ ਸਿੰਘ ਗਿੱਲ ਨੂੰ ਵੀ ਆਪਣੇ ਬਾਪੂ ਦੀ ਕਾਮਰੇਡੀ 'ਤੇ ਮਾਣ ਹੈ। ਭਾਵੇਂ ਉਹ ਅਮਰਦੀਪ ਨੂੰ ਉਹ ਕੁਝ ਨਹੀਂ ਦੇ ਸਕਿਆ ਜੋ ਅੱਜ ਦੇ ਕੈਰੀਅਰਰਿਜ਼ਮ ਦੇ ਜ਼ਮਾਨੇ ਵਿਚ ਇਕ ਪਿਉ ਤੋਂ ਤਵੱਕੋ ਕੀਤੀ ਜਾਂਦੀ ਹੈ। ਪਰ ਉਸਦੀ ਕਵਿਤਾ ਵਿਚ ਜਿਹੜਾ ਰੰਗ ਹੈ, ਉਹ ਕਾਮਰੇਡ ਸੁਰਜੀਤ ਗਿੱਲ ਦੀ ਸੱਚੀ ਸੁੱਚੀ ਸੋਚ ਦਾ ਕਲਾਮਈ ਕਾਵਿਕ ਪਰਤੌ ਹੈ। ਗੀਤਾਂ ਵਿਚ ਭਾਵੇਂ ਉਸਦਾ ਬਹੁਤ ਕੁਝ ਆਪਣਾ ਮੌਲਿਕ ਹੈ ਤੇ ਨਜ਼ਮਾਂ ਵਿਚ ਵੀ ਪਰ ਉਸਦੇ ਕਾਵਿ-ਸੰਗ੍ਰਹਿ - 'ਅਰਥਾਂ ਦਾ ਜੰਗਲ' ਵਿਚਲੀ ਕਵਿਤਾ ਕਾ. ਸੁਰਜੀਤ ਗਿੱਲ ਦਾ ਪੁੱਤਰ ਹੀ ਲਿਖਦਾ ਹੈ, ਕੋਈ ਹੋਰ ਨਹੀਂ।

xxx

ਕਾ. ਸੁਰਜੀਤ ਗਿੱਲ ਦਾ ਜਿਵੇਂ ਮੈਂ ਪਹਿਲਾ ਵੀ ਕਹਿ ਚੁੱਕਿਆ ਹਾਂ, ਜਨਮ ਹਥਿਆਰਬੰਦ ਘੋਲ ਵਿਚ ਵਿਸ਼ਵਾਸ ਰੱਖਣ ਵਾਲੀ ਪਾਰਟੀ ਵਿਚ ਹੋਇਆ ਸੀ - ਲਾਲ ਪਾਰਟੀ ਵਿਚ। ਭਾਵੇਂ ਲਾਲ ਪਾਰਟੀ ਦੇ ਸੀ.ਪੀ.ਆਈ. ਵਿਚ ਰਲਣ ਪਿੱਛੋਂ ਉਸਨੇ ਹਥਿਆਰਬੰਦ ਘੋਲ ਦਾ ਕਦੇ ਸਮਰਥਨ ਨਹੀਂ ਕੀਤਾ ਪਰ ਆਪਣੇ ਕੋਲ ਹਥਿਆਰ ਰੱਖਣ ਤੇ ਲੋੜ ਪੈਣ 'ਤੇ ਉਸਨੂੰ ਵਰਤਣ ਵਿਚ ਉਸਨੇ ਕਦੇ ਢਿੱਲ ਨਹੀਂ ਵਿਖਾਈ। ਮੀਟਿੰਗਾਂ ਭਾਵੇਂ ਪਾਰਟੀ ਦੀਆਂ ਹੁੰਦੀਆਂ ਜਾਂ ਕਿਸੇ ਲੇਖਕ ਸਭਾ ਦੀਆਂ, ਸਰਕਾਰੀ ਹੁੰਦੀਆਂ ਜਾਂ ਗੈਰ-ਸਰਕਾਰੀ, ਉਸਨੇ ਡੱਬ ਵਿਚ ਰਿਵਾਲਵਰ ਰੱਖਣ ਵਿਚ ਕਦੇ ਕੁਤਾਹੀ ਨਹੀਂ ਸੀ

ਅਤੇ ਉਹ ਆਪ ਸੀ.ਪੀ.ਐਮ. ਵਿਚ। ਮਾਰਕਸਵਾਦੀ ਪੰਜਾਬੀ ਆਲੋਚਨਾ ਵਿਚ ਉਹ ਪ੍ਰਿੰ. ਸੰਤ ਸਿੰਘ ਸੇਖੋਂ ਤੇ ਪ੍ਰੋ. ਕਿਸ਼ਨ ਸਿੰਘ ਤੋਂ ਬਾਅਦ ਡਾ. ਰਵੀ ਨੂੰ ਹੀ ਸਭ ਤੋਂ ਵੱਡਾ ਸਮੀਖਿਆਕਾਰ ਮੰਨਦਾ ਸੀ। ਇਸ ਤਰ੍ਹਾਂ ਦੀ ਸੱਚੀ-ਸੁੱਚੀ ਮਾਰਕਸਵਾਦੀ ਸੋਚ ਨੂੰ ਸੌ ਸੌ ਸਲਾਮ।

×××

ਮੈਂ ਅਮਰਦੀਪ ਸਿੰਘ ਗਿੱਲ ਦੀ ਉਸ ਕਵਿਤਾ ਦਾ ਹਵਾਲਾ ਜ਼ਰੂਰ ਦੇਣਾ ਚਾਹੁੰਦਾ ਹਾਂ ਜੋ ਉਸ ਨੇ ਆਪਣੇ ਬਾਪੂ ਬਾਰੇ ਲਿਖੀ। ਪਰ ਮੇਰੀ ਸਹਿਮਤੀ ਸਿਰਫ਼ ਇਹਨਾਂ ਸਤਰਾਂ ਨਾਲ ਵੱਧ ਹੈ :-

ਉਹ ਬਾਪੂ ਜੋ ਹਥਿਆਰਬੰਦ ਲੜਾਈਆਂ ਲੜਦਾ
ਕਾਨੂੰਨਦਾਨਾਂ ਨੂੰ ਗਾਲ੍ਹਾਂ ਕੱਢਦਾ
ਹਰ ਹੈਂਕੜ ਦੀ ਦਾਹੜੀ ਨੂੰ ਪੈ ਨਿਕਲਦਾ ਸੀ
ਜੋ ਟਿੱਚ ਜਾਣਦਾ ਸੀ ਕੁਰਸੀਆਂ ਦੀ ਧੌਂਸ ਨੂੰ
ਹਵੇਲੀਆਂ ਦੀ ਛਾਂ ਨੂੰ
ਜੋ ਕਦੇ ਨਹੀਂ ਹੱਸਿਆ
ਨੋਟਾਂ 'ਤੇ ਹੱਸਦੇ ਗਾਂਧੀ ਦੇ ਹਾਸੇ ਵਿਚ
ਜਿਸ ਨੇ ਲਗਾਇਆ ਹਰ ਵਰ੍ਹੇ ਠਹਾਕਾ
ਆਪਣੇ ਹੀ ਪਾਸੇ ਖੀਸੇ ਵਿਚੋਂ ਨਿਕਲ ਗਏ
ਆਪਣੇ ਹੀ ਖਾਲੀ ਹੱਥ ਉੱਤੇ।

ਜੇ ਇਹਨਾਂ ਸਤਰਾਂ ਨੂੰ ਡੀਕੋਡ ਕਰੀਏ ਤਾਂ ਸਾਨੂੰ ਉਸ ਸੱਚੇ-ਸੁੱਚੇ ਕਾਮਰੇਡ ਦੇ ਦਰਸ਼ਨ ਹੋਣਗੇ, ਜਿਸ ਨੇ ਕਦੇ ਜਬਰ ਜ਼ੁਲਮ ਨਾਲ ਸਮਝੌਤਾ ਨਹੀਂ ਕੀਤਾ, ਟੁੰਡੇ ਲਾਟ ਦੀ ਪ੍ਰਵਾਹ ਨਹੀਂ ਕੀਤੀ। ਸਰਮਾਏਦਾਰੀ ਨੂੰ ਰੱਜ ਕੇ ਨਫ਼ਰਤ ਕੀਤੀ। ਉਹਨਾਂ ਦੇ ਹਾਸੇ ਦਾ ਮਖੌਲ ਉਡਾਇਆ ਅਤੇ ਜ਼ੁਲਮ ਅੱਗੇ ਹਮੇਸ਼ਾ ਆਪਣੀ ਛਾਤੀ ਤਾਣੀ ਰੱਖੀ। ਜੇ ਇਸਨੂੰ ਹੋਰ ਵਿਸਥਾਰ ਦੇਣਾ ਹੋਵੇ ਤਾਂ ਇਕ ਵੱਖਰੇ ਨਿਬੰਧ ਦੀ ਲੋੜ ਪਵੇਗੀ। •••

ਸੰਤ ਕਾਲੋਨੀ, ਸਟੇਡੀਅਮ ਰੋਡ, ਮਲੇਰਕੋਟਲਾ-148023
ਫੋਨ : 01675-258879, 95015-36644

**ਪੰਜਾਬੀ ਲੋਕਧਾਰਾ ਸਮੀਖਿਆ**
**ਡਾ. ਕਰਮਜੀਤ ਸਿੰਘ**
ਪੰਨੇ 160, ਮੁੱਲ 200/-
ਚੇਤਨਾ ਪ੍ਰਕਾਸ਼ਨ, ਲੁਧਿਆਣਾ





## 1. ਇਕ ਪੇਸ਼ਾਵਰ ਇਨਕਲਾਬੀ ਸੀ : ਸਾਥੀ ਸੁਰਜੀਤ ਗਿੱਲ

- ਹਰਕੰਵਲ ਸਿੰਘ

ਕਾਮਰੇਡ ਸੁਰਜੀਤ ਗਿੱਲ ਇਕ ਅਜਿਹਾ ਮਰਦੇ-ਕਾਮਿਲ ਸੀ, ਜਿਹੜਾ ਕਿਆਪਣੇ ਅੰਤਮ ਸਾਹਾਂ ਤੱਕ ਇਨਕਲਾਬੀ ਸਮਾਜਕ ਤਬਦੀਲੀ ਨਾਲ ਸਬੰਧਤ ਸਰੋਕਾਰਾਂ ਨੂੰ ਅਗਾਂਹ ਵਧਾਉਣ ਤੇ ਨੇਪਰੇ ਚਾੜਨ ਲਈ ਜੂਝਦਾ ਰਿਹਾ। ਉਹ ਇਕ ਮਿਸਾਲੀ ਕਮਿਊਨਿਸਟ ਹੋ ਨਿਬੜਿਆ ਹੈ ਅਤੇ ਕਮਿਊਨਿਸਟ ਲਹਿਰ ਵਿਚ ਆਏ ਹਰ ਮੋੜ 'ਤੇ ਸੰਘਰਸ਼ਸ਼ੀਲ ਧਿਰ ਨਾਲ ਡਟਕੇ ਖੜਾ ਹੋਇਆ ਤੇ ਇਕ ਪੂਰੀ ਤਰ੍ਹਾਂ ਪ੍ਰਤੀਬੱਧ ਸਿਪਾਹੀ ਵਾਂਗ ਵਿਚਰਿਆ। ਇਸ 'ਸੂਲੋਂ ਤਿੱਖੇ ਵਾਲੋਂ ਨਿੱਕੇ' ਮਾਰਗ 'ਤੇ ਚਲਦਿਆਂ ਉਸਨੂੰ ਵੀ, ਹੋਰ ਹਮਸਫਰਾਂ ਵਾਂਗ, ਕਈ ਤਰ੍ਹਾਂ ਦੀਆਂ ਤੰਗੀਆਂ ਤੁਰਸ਼ੀਆਂ, ਸਮਾਜਕ ਮੁਸ਼ਕਲਾਂ ਅਤੇ ਸਰਕਾਰੀ ਜਬਰ ਦਾ ਟਾਕਰਾ ਕਰਨਾ ਪਿਆ। ਜਿੱਤਾਂ ਵੀ ਹੋਈਆਂ ਤੇ ਹਾਰਾਂ ਵੀ। ਪ੍ਰੰਤੂ ਸੁਰਜੀਤ ਗਿੱਲ ਹਮੇਸ਼ਾਂ ਆਸ਼ਾਵਾਦੀ ਹੀ ਰਿਹਾ। ਸਮਾਜਕ ਵਿਕਾਸ ਬਾਰੇ ਉਸਦੀ ਮਾਰਕਸਵਾਦੀ ਸਮਝਦਾਰੀ ਲਗਾਤਾਰ ਵਧੇਰੇ ਮਜ਼ਬੂਤ ਹੁੰਦੀ ਗਈ। ਉਸਦੇ ਇਹਨਾਂ ਵਿਚਾਰਾਂ ਵਿਚ ਡਾਵਾਂਡੋਲਤਾ ਕਿਸੇ ਨੇ ਕਦੇ ਨਹੀਂ ਸੀ ਦੇਖੀ। ਆਪਣੀ ਇਸ ਅਨੂਠੀ ਦਰਿੜਤਾ ਅਤੇ ਕਿਰਤੀ ਲੋਕਾਂ ਦੇ ਕਾਜ਼ ਪ੍ਰਤੀ ਸੰਪੂਰਨ ਸੁਹਿਰਦਤਾ ਸਦਕਾ ਹੀ ਉਹ ਆਪਣੇ ਜੀਵਨ ਨੂੰ ਵੱਡੀ ਹੱਦ ਤੱਕ ਸਾਰਥਕ ਬਣਾ ਗਿਆ ਹੈ ਅਤੇ ਅਜੋਕੇ ਸਮਿਆਂ ਦੇ ਟਾਂਵੇਂ ਟਾਂਵੇਂ ਬੇਦਾਗ ਪੇਸ਼ਾਵਰ ਇਨਕਲਾਬੀਆਂ ਦੀ ਕਤਾਰ ਵਿਚ ਸ਼ਾਮਲ ਹੋਣ ਦੀ ਇਕ ਮਾਣਮੱਤੀ ਪ੍ਰਾਪਤੀ ਹਾਸਲ ਕਰ ਗਿਆ ਹੈ।

ਸਾਥੀ ਸੁਰਜੀਤ ਗਿੱਲ ਕਿਸ ਮਿੱਟੀ 'ਚੋਂ ਜਨਮਿਆ, ਕਿਵੇਂ ਪ੍ਰਵਾਨ ਚੜ੍ਹਿਆ ਅਤੇ ਕਿਵੇਂ ਇਸ ਲਹਿਰ ਨਾਲ ਜੁੜਿਆ, ਇਹ ਵੀ ਇਕ ਲੰਬੀ ਦਰਦਭਰੀ ਗਾਥਾ ਹੈ, ਜਿਸ ਨੂੰ ਫਰੋਲਣ ਦਾ ਹੀਆ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਉਸ ਨੂੰ ਉਦੋਂ ਤੋਂ ਜਾਣਦਾ ਹੋਵੇ ਜਦੋਂ ਕਿ 'ਹਾਲੇ ਉਸਦੇ ਸੁਪਨਿਆਂ ਵਿਚ ਲੋਰੀਆਂ ਦੀ ਮਹਿਕ ਸੀ।' ਮੈਨੂੰ ਤਾਂ ਪਿਛਲੇ ਸਿਰਫ ਵੀਹ ਪੰਝੀ ਵਰ੍ਹਿਆਂ ਤੋਂ ਹੀ ਉਸਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਿਆ। ਭਾਵੇਂ ਸਾਥੀ ਸੁਰਜੀਤ ਗਿੱਲ ਨਾਲ ਮੇਰੀ ਜਾਣ-ਪਛਾਣ ਤਾਂ ਉਦੋਂ ਤੋਂ ਸੀ ਜਦੋਂ ਕਿ ਉਹ ਰੋਜ਼ਾਨਾ 'ਲੋਕ ਲਹਿਰ' ਦੇ ਸਟਾਫ ਮੈਂਬਰ ਵਜੋਂ ਜ਼ੁੰਮੇਵਾਰੀਆਂ ਨਿਭਾਅ ਰਿਹਾ ਸੀ, ਪ੍ਰੰਤੂ ਮੇਰੇ ਨੇੜਲੇ ਸੰਪਰਕ ਵਿਚ ਉਹ 1988-89 ਵਿਚ ਆਏ ਜਦੋਂ ਉਹ ਸੀ.ਪੀ.ਆਈ.(ਐਮ) ਦੀ ਫਰੀਦਕੋਟ ਜ਼ਿਲ੍ਹਾ ਕਮੇਟੀ ਦੇ ਸਕੱਤਰ ਸਨ। ਪਾਰਟੀ ਦੇ ਸੂਬਾਈ ਕੇਂਦਰ ਵਲੋਂ ਮੇਰੀ ਡਿਊਟੀ, ਇਸ ਜ਼ਿਲ੍ਹੇ ਅੰਦਰ ਪਾਰਟੀ ਉਸਾਰੀ ਦੇ ਕੰਮਾਂ ਵਿਚ, ਸਾਥੀ ਗਿੱਲ ਦਾ ਹੱਥ ਵਟਾਉਣ ਦੀ ਲਾਈ ਗਈ ਸੀ। ਉਦੋਂ ਜ਼ਿਲ੍ਹਾ ਫਰੀਦਕੋਟ ਅਜੋਕੇ ਤਿੰਨ ਜ਼ਿਲ੍ਹਿਆਂ (ਮੋਗਾ, ਮੁਕਤਸਰ, ਫਰੀਦਕੋਟ) ਵਿਚ ਹਾਲੇ ਵੰਡਿਆ ਨਹੀਂ ਸੀ ਗਿਆ। ਪਾਰਟੀ ਦੀ ਜ਼ਿਲ੍ਹਾ ਕਮੇਟੀ ਦਾ ਦਫਤਰ ਫਰੀਦਕੋਟ ਦੇ ਬੱਸ ਸਟੈਂਡ ਦੇ ਨੇੜੇ ਕਿਰਾਏ 'ਤੇ ਲਏ ਗਏ ਇਕ ਛੋਟੇ ਜਿਹੇ ਚੁਬਾਰੇ ਵਿਚ ਸੀ। ਜਿਸਨੂੰ ਇਕ ਬਾਕਾਇਦਾ ਦਫਤਰ ਨਹੀਂ ਬਲਕਿ ਇਕ ਸੰਪਰਕ ਕੇਂਦਰ ਹੀ ਸਮਝਿਆ ਜਾ ਸਕਦਾ ਸੀ, ਕਿਉਂਕਿ ਉਸ ਵਿਚ ਜ਼ਿਲ੍ਹਾ ਕਮੇਟੀ ਦੇ ਸਾਰੇ ਮੈਂਬਰਾਂ ਦੇ ਬੈਠਣ ਜੋਗੀ ਥਾਂ ਵੀ ਨਹੀਂ ਸੀ। ਇਸ ਲਈ ਸਾਥੀ ਸੁਰਜੀਤ ਗਿੱਲ ਨੇ ਆਪਣੀ ਰਿਹਾਇਸ਼ ਇਸ ਦਫਤਰ ਤੋਂ ਅੱਧੇ ਪੌਣੇ ਕਿਲੋਮੀਟਰ ਦੀ ਵਿੱਥ 'ਤੇ ਇਕ ਹੋਰ ਚੁਬਾਰੇ ਵਿਚ ਰੱਖੀ ਹੋਈ ਸੀ।

ਇਸ ਤਰ੍ਹਾਂ, ਜ਼ਿਲ੍ਹੇ ਅੰਦਰ ਪਾਰਟੀ ਕਮੇਟੀਆਂ ਅਤੇ ਬਰਾਂਚਾਂ ਦੀਆਂ ਮੀਟਿੰਗਾਂ ਕਰਾਉਂਦਿਆਂ, ਇਕੱਠੇ ਰਹਿੰਦਿਆਂ ਅਤੇ ਪ੍ਰਸਪਰ ਵਿਚਾਰ-ਵਟਾਂਦਰੇ ਰਾਹੀਂ ਮੈਂ ਇਹ ਅਨੁਭਵ ਕੀਤਾ ਕਿ ਸੁਰਜੀਤ ਗਿੱਲ ਪਾਰਟੀ

ਅੰਦਰ ਹਰ ਪੱਖੋਂ ਸਖਤ ਅਨੁ ਾਸਨ ਦਾ ਧਾਰਨੀ ਸੀ ਅਤੇ ਉਸਨੂੰ ਕੰਮਚੋਰਾਂ ਤੇ ਬਹਾਨੇਬਾਜ਼ਾਂ ਨਾਲ ਸਖ਼ਤ ਨਫਰਤ ਸੀ। ਇਹ ਗੁੜ੍ਹਤੀ ਸ਼ਾਇਦ ਉਸਨੂੰ ਪੈਪਸੂ ਦੇ ਮੁਜ਼ਾਰਾ ਘੋਲ ਦੌਰਾਨ, ਕਾਮਰੇਡ ਤੇਜਾ ਸਿੰਘ ਸੁਤੰਤਰ ਵਰਗੇ ਫੌਜੀ ਆਗੂ ਦੇ ਸੰਪਰਕ ਰਾਹੀਂ ਲਾਲ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣ ਸਮੇਂ ਮਿਲੀ ਸੀ। ਇਹੋ ਕਾਰਨ ਸੀ ਕਿ ਪਾਰਟੀ ਦੇ ਅੰਦਰੂਨੀ ਅਨੁਸ਼ਾਸਨ ਪ੍ਰਤੀ ਉਚਾ ਮਿਆਰ ਅਤੇ ਕਾਮਰੇਡ ਸੁਤੰਤਰ ਲਈ ਡੂੰਘਾ ਸਤਿਕਾਰ ਆਖੀਰ ਤੱਕ ਸਾਥੀ ਗਿੱਲ ਦੇ ਕਿਰਦਾਰ ਦੀ ਵਿਸ਼ੇਸ਼ ਪਛਾਣ ਬਣੇ ਰਹੇ ਹਨ।

ਸਾਥੀ ਸੁਰਜੀਤ ਗਿੱਲ, ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਸਖਸ਼ੀਅਤ ਤੋਂ ਬੇਹੱਦ ਪ੍ਰਭਾਵਿਤ ਸੀ ਅਤੇ ਉਸਨੂੰ ਆਪਣਾ ਰੋਲ ਮਾਡਲ ਸਮਝਦਾ ਸੀ। ਇਸ ਲਈ ਪਾਰਟੀ ਦੇ ਫੈਸਲਿਆਂ ਨੂੰ ਲਾਗੂ ਕਰਨ ਸਮੇਂ ਪੈਦਾ ਹੁੰਦੀ ਹਰ ਗੁੰਝਲ ਨੂੰ ਸੁਲਝਾਉਣ ਸਮੇਂ ਉਹ ਕਾਮਰੇਡ ਸੁਤੰਤਰ ਦੀ ਕੋਈ ਨਾ ਕੋਈ ਕਥਨੀ ਟੂਕ ਵਜੋਂ ਲਾਜ਼ਮੀ ਹਾਜ਼ਰ ਕਰ ਦਿੰਦਾ ਸੀ। ਪਾਰਟੀ ਦੀ 1964 ਵਿਚ ਹੋਈ ਵੰਡ ਸਮੇਂ ਕਾਮਰੇਡ ਸੁਤੰਤਰ ਦੇ ਸੀ.ਪੀ.ਆਈ. ਵਿਚ ਚਲੇ ਜਾਣ ਕਾਰਨ ਕਈ ਸਾਥੀ, ਇਸ 'ਤੇ ਇਤਰਾਜ਼ ਵੀ ਕਰਦੇ। ਪ੍ਰੰਤੂ ਉਸਨੂੰ ਅਜੇਹੇ ਇਤਰਾਜ਼ਾਂ ਦੀ ਉੱਕਾ ਹੀ ਕੋਈ ਪ੍ਰਵਾਹ ਨਹੀਂ ਸੀ ਅਤੇ ਉਹ ਸੌਖਿਆਂ ਹੀ ਉਹਨਾਂ ਨੂੰ ਅਣਗੌਲਿਆਂ ਕਰ ਦਿੰਦੇ। ਇਸ ਸੰਦਰਭ ਵਿਚ ਦੇਖਣ ਵਾਲੀ ਗੱਲ, ਜੋਕਿ ਵਧੇਰੇ ਮਹੱਤਵਪੂਰਨ ਹੈ, ਉਹ ਇਹ ਸੀ ਸਾਥੀ ਗਿੱਲ ਦਾ ਕਾਮਰੇਡ ਸੁਤੰਤਰ ਲਈ ਸਤਿਕਾਰ ਕੋਈ 'ਗੁਰੂ ਚੇਲਾ ਪਰਪਾਟੀ (Leader-follower pattern) ਵਰਗਾ ਸ਼ਰਧਾਵਾਦੀ ਨਹੀਂ ਸੀ, ਬਲਕਿ ਇਸ ਉਪਰ, ਸਾਥੀ ਗਿੱਲ ਵਲੋਂ ਮਾਰਕਸਵਾਦੀ ਦਰਸ਼ਨ ਅਤੇ ਮਾਰਕਸਵਾਦੀ ਸਮਾਜਕ ਵਿਗਿਆਨ ਦੇ ਕੀਤੇ ਗਏ ਡੂੰਘੇ ਅਧਿਐਨ ਦੀ ਪੁੱਠ ਵੀ ਚੜ੍ਹੀ ਹੋਈ ਸੀ। ਉਹ, ਕਾਮਰੇਡ ਸੁਤੰਤਰ ਦੀ ਆਪਾਵਾਰੂ ਜੀਵਨ ਸ਼ੈਲੀ, ਬੇਸ਼ੁਮਾਰ ਕੁਰਬਾਨੀਆਂ, ਨਿਰਸਵਾਰਥ ਤੇ ਨਿਰਭੈ ਅਮਲਾਂ, ਸੰਘਰਸ਼ਾਂ ਨੂੰ ਜੇਤੂ ਬਨਾਉਣ ਦੀ ਦਾਅਪੇਚਕ ਮੁਹਾਰਤ, ਵਿਸ਼ੇਸ਼ ਤੌਰ 'ਤੇ ਸੰਘਰਸ਼ ਦੇ ਹਰ ਮੁੱਦੇ ਨੂੰ ਆਮ ਲੋਕਾਂ ਦਾ ਮੁੱਦਾ ਬਣਾਉਣ ਵਾਸਤੇ ਸਭ ਸੰਭਵ ਉਪਰਾਲੇ ਕਰਨ ਦੀ ਸਿੱਖਿਆ ਆਦਿ ਗੁਣਾਂ ਦਾ ਬੇਹਦ ਕਾਇਲ ਸੀ, ਅਤੇ ਕਾਮਰੇਡ ਸੁਤੰਤਰ ਦੇ ਇਹਨਾਂ ਮਹੱਤਵਪੂਰਨ ਗੁਣਾਂ ਨੂੰ ਗ੍ਰਹਿਣ ਕਰਕੇ ਆਪਣੇ ਅਮਲੀ ਜੀਵਨ ਵਿਚ ਲਾਗੂ ਕਰਨ ਪੱਖੋਂ ਵੀ ਕਿਸੇ ਕਮਜ਼ੋਰੀ ਨੂੰ ਨੇੜੇ ਫਟਕਣ ਨਹੀਂ ਸੀ ਦਿੰਦਾ। ਜਿਥੋਂ ਤੱਕ ਹੋਰ ਸਿਧਾਂਤਕ ਮੁੱਦਿਆਂ ਅਤੇ ਪਾਰਟੀ ਦੀ ਰਾਜਨੀਤਕ ਲਾਈਨ ਦਾ ਸਬੰਧ ਹੈ, ਸਾਥੀ ਸੁਰਜੀਤ ਗਿੱਲ ਦੀ ਆਪਣੀ ਸਪੱਸ਼ਟ ਸਮਝਦਾਰੀ ਸੀ ਜਿਸਦੇ ਆਧਾਰ 'ਤੇ ਹੀ ਉਹ 1964 ਵਿਚ ਸੋਧਵਾਦੀ ਕੁਰਾਹੇ ਨਾਲੋਂ ਨਿਖੇੜੇ ਸਮੇਂ, ਸੀ.ਪੀ.ਆਈ.(ਐਮ) ਨਾਲ ਖੜਿਆ, ਅਤੇ ਉਹ ਵੀ ਦੂਜੇ ਸਾਥੀਆਂ ਦੀ ਦੇਖਾਦੇਖੀ ਨਹੀਂ, ਬਲਕਿ ਕਾਮਰੇਡ ਸੁਤੰਤਰ ਨੂੰ ਜ਼ਿਲ੍ਹਾ ਕਰਨਾਲ ਵਿਚ ਉਸਦੇ ਕਿਸੇ ਟਿਕਾਣੇ 'ਤੇ ਲੱਭਕੇ, ਉਸ ਨਾਲ ਭਾਰਤੀ ਰਾਜ ਤੇ ਉਸਦੇ ਜਮਾਤੀ ਖਾਸੇ ਅਤੇ ਉਸ ਨਾਲ ਮੇਚਵੀਂ ਪਾਰਟੀ ਦੀ ਰਾਜਨੀਤਕ ਲਾਈਨ ਬਾਰੇ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕਰਨ ਉਪਰੰਤ। ਏਸੇ ਤਰ੍ਹਾਂ, ਜਦੋਂ 2001 ਵਿਚ ਸੀ.ਪੀ.ਆਈ.(ਐਮ) ਵਿਚ ਵਿਚਾਰਧਾਰਕ, ਸਿਧਾਂਤਕ ਤੇ ਸਦਾਚਾਰਕ ਥਿੜਕਣਾਂ ਉਭਰੀਆਂ ਅਤੇ ਪਾਰਟੀ ਦੀ ਸੂਬਾਈ ਕਮੇਟੀ ਦੀ ਮੀਟਿੰਗ ਵਿਚ, ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦੀ ਅਗਵਾਈ ਹੇਠ ਭਾਰੂ ਬਹੁਗਿਣਤੀ ਨੇ, ਪਾਰਟੀ ਦੇ ਇਕ ਲੱਠਮਾਰ ਵਲੋਂ ਜਨਵਾਦੀ ਇਸਤਰੀ ਸਭਾ ਦੀਆਂ ਆਗੂਆਂ ਤੇ ਮੈਂਬਰਾਂ ਨੂੰ ਗਾਲਾਂ ਕੱਢਣ ਅਤੇ ਪਾਰਟੀ ਦਫਤਰ ਚੋਂ ਧੱਕੇ ਮਾਰਕੇ ਬਾਹਰ ਕੱਢ ਦੇਣ ਦੇ ਸ਼ਰਮਨਾਕ ਕਾਰੇ ਦੀ ਨਿਖੇਧੀ ਕਰਨ ਦਾ ਮਤਾ ਪਾਸ ਕਰਨ ਤੋਂ ਵੀ ਨਾਂਹ ਕਰ ਦਿੱਤੀ, ਤਾਂ ਉਸ 'ਕੌਰਵ ਸਭਾ' ਚੋਂ ਰੋਸ ਵਜੋਂ ਵਾਕ ਆਊਟ ਕਰਨ ਵਾਲੇ 13 ਸੂਬਾ ਕਮੇਟੀ ਮੈਂਬਰਾਂ ਨਾਲ ਸਾਥੀ ਸੁਰਜੀਤ ਗਿੱਲ ਮੋਢੇ ਨਾਲ ਮੋਢਾ ਮਿਲਾ ਕੇ ਖੜਿਆ। ਇਸ ਮੰਦਭਾਗੀ ਘਟਨਾ ਉਪਰੰਤ ਲਹਿਰ ਦੇ ਇਨਕਲਾਬੀ ਤੱਤਾਂ ਦੀ ਅਗਵਾਈ ਹੇਠ ਏਥੇ 1964 ਦੇ ਪ੍ਰੋਗਰਾਮ ਦੀਆਂ ਬੁਨਿਆਦੀ



ਸਥਾਪਨਾਵਾਂ ਤੇ ਅਧਾਰਤ ਉਸਾਰੀ ਗਈ ਇਨਕਲਾਬੀ ਪਾਰਟੀ – ਸੀ.ਪੀ.ਐਮ. ਪੰਜਾਬ ਦੇ ਮੋਢੀਆਂ ਵਿਚ ਸ਼ਾਮਲ ਹੋ ਕੇ ਵੀ ਸਾਥੀ ਗਿੱਲ ਨੇ ਵੱਡਮੁਲੀ ਭੂਮਿਕਾ ਨਿਭਾਈ।

ਜਿਥੋਂ ਤੱਕ ਕਮਿਊਨਿਸਟ ਪਾਰਟੀ ਦੀ ਜਥੇਬੰਦਕ ਉਸਾਰੀ ਬਾਰੇ ਪਹੁੰਚ ਦਾ ਸਬੰਧ ਹੈ, ਸਾਥੀ ਗਿੱਲ ਪਾਰਟੀ ਦਾ ਇਕ ਨਿਸ਼ਠਾਵਾਨ ਕਾਰਕੁੰਨ ਸੀ। ਪਾਰਟੀ ਦੇ ਜਿਸ ਵੀ ਫਰੰਟ 'ਤੇ ਜਾਂ ਮੋਰਚੇ ਉਪਰ ਸਾਥੀ ਗਿੱਲ ਦੀ ਡਿਊਟੀ ਲਾਈ ਗਈ, ਉਸਨੇ ਆਪਣੀਆਂ ਜ਼ੁੰਮੇਵਾਰੀਆਂ ਨੂੰ ਪੂਰਨ ਸੁਹਿਰਦਤਾ ਸਹਿਤ ਨਿਭਾਇਆ। ਏਸੇ ਲਈ ਪਰਿਵਾਰਕ ਤੇ ਹੋਰ ਸਮਾਜਿਕ ਬਖੇੜਿਆਂ ਵਿਚ ਉਹ ਬਹੁਤ ਘੱਟ ਉਲਝਿਆ। ਉਸ ਨੇ ਪਾਰਟੀ ਦੀਆਂ ਜ਼ੁੰਮੇਵਾਰੀਆਂ ਨੂੰ ਆਪਣੇ ਹੋਰ ਹਰ ਤਰ੍ਹਾਂ ਦੇ ਰੁਝੇਵਿਆਂ ਨਾਲੋਂ ਹਮੇਸ਼ਾਂ ਪਹਿਲ ਦਿੱਤੀ। ਏਸੇ ਤਰ੍ਹਾਂ ਦੇ ਅਨੁਸਾਸ਼ਨ ਦੀ ਆਸ ਜਦੋਂ ਉਹ ਦੂਜੇ ਸਾਥੀਆਂ ਤੋਂ ਕਰਦਾ ਸੀ, ਤਾਂ ਕੁਦਰਤੀ ਤੌਰ 'ਤੇ, ਕਈ ਵਾਰ ਪ੍ਰਸਪਰ ਕੁੜੱਤਣ ਭ਼ੀ ਪੈਦਾ ਹੁੰਦੀ ਸੀ ਅਤੇ ਕਈ ਵਾਰ ਗਰਮਾ-ਗਰਮੀ ਵਾਲਾ ਮਾਹੌਲ ਵੀ ਬਣ ਜਾਂਦਾ ਸੀ। ਉਸ ਸਮੇਂ ਫਰੀਦਕੋਟ ਜ਼ਿਲ੍ਹੇ ਅੰਦਰ ਪਾਰਟੀ ਕਾਫੀ ਕਮਜ਼ੋਰ ਸੀ ਅਤੇ ਪਾਰਟੀ ਦੀ ਲੀਡਰਸ਼ਿਪ ਅੰਦਰ ਵੀ ਅਜੇਹੇ ਤੱਤ ਮੌਜੂਦ ਸਨ, ਜਿਹੜੇ ਕਿ ਇਸ ਬਿਖੜੇ ਮਾਰਗ ਦੀਆਂ ਮੁਸ਼ਕਲਾਂ ਕਾਰਨ ਹਾਰੇ-ਹੁੱਟੇ ਮਹਿਸੂਸ ਕਰਦੇ ਸਨ, ਜਾਂ ਫਿਰ ਪਾਰਲੀਮਾਨੀਵਾਦੀ ਦੌਰ ਦੀਆਂ ਮੱਧ ਵਰਗੀ ਲਾਲਸਾਵਾਂ ਦੇ ਸ਼ਿਕਾਰ ਬਣ ਗਏ ਸਨ ਅਤੇ ਆਪਣੇ ਚੰਗੇ ਮਾੜੇ ਸਵਾਰਥਾਂ ਲਈ ਪਾਰਟੀ ਨੂੰ ਇਕ ਛਤਰੀ ਵਜੋਂ ਇਸਤੇਮਾਲ ਕਰਨ ਦੇ ਇਛੁੱਕ ਸਨ। ਅਜੇਹੀਆਂ ਘਾਟਾਂ ਅਤੇ ਕਮਜ਼ੋਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਕਰਕੇ ਅਤੇ ਇਨਕਲਾਬੀ ਕਾਰਜਾਂ ਪ੍ਰਤੀ ਦਰਿੜ੍ਹਚਿਤ ਹੋਣ ਕਾਰਨ ਸਾਥੀ ਸੁਰਜੀਤ ਗਿੱਲ ਨੂੰ ਅਜੇਹੇ ਤੱਤਾਂ ਨਾਲ ਡੂੰਘੀ ਨਫਰਤ ਸੀ। ਪਾਰਟੀ ਅੰਦਰ ਘੁਸੇ ਹੋਏ ਗੁੱਡੀ-ਲੁੱਟਾਂ ਨਾਲ ਤਾਂ ਉਸਨੂੰ ਬਹੁਤ ਹੀ ਚਿੜ ਸੀ ਅਤੇ ਅਜੇਹੇ ਤੱਤਾਂ ਨਾਲ ਸਮਝੌਤਾ-ਰਹਿਤ ਸੰਘਰਸ਼ ਲੜਨ ਲਈ ਉਹ ਹਮੇਸ਼ਾਂ ਤਿਆਰ ਰਹਿੰਦਾ ਸੀ। ਇਸ ਦਾ ਇਹ ਅਰਥ ਵੀ ਨਹੀਂ ਕਿ ਪਾਰਟੀ ਦੀ ਬਣਤਰ ਪੱਖੋਂ ਉਹ ਕਿਸੇ ਕਿਸਮ ਦੀ ਘੜੀ-ਘੜਾਈ ਕੱਟੜਪੰਥੀ (Dogmatic) ਧਾਰਨਾ ਦਾ ਸ਼ਿਕਾਰ ਸੀ। ਉਸਨੂੰ ਮੱਧਵਰਗ 'ਚੋਂ ਆਉਂਦੇ ਕਾਡਰਾਂ ਦੀਆਂ ਜਮਾਤੀ ਘਾਟਾਂ ਕਮਜ਼ੋਰੀਆਂ ਦੀ ਪੂਰੀ ਸਮਝ ਸੀ ਅਤੇ ਉਹਨਾਂ ਨੂੰ ਇਹਨਾਂ ਘਾਟਾਂ ਕਮਜ਼ੋਰੀਆਂ ਉਪਰ ਕਾਬੂ ਪਾ ਕੇ ਕਮਿਊਨਿਸਟ ਲਹਿਰ ਦੇ ਸਮੱਰਪਤ ਸਿਪਾਹੀਆਂ ਵਜੋਂ ਵਿਕਸਤ ਕਰਨ ਲਈ ਉਹ ਹਮੇਸ਼ਾਂ ਯਤਨਸ਼ੀਲ ਰਹਿੰਦਾ ਸੀ। ਇਹੋ ਕਾਰਨ ਹੈ ਕਿ ਜੇਕਰ ਸਾਥੀ ਗਿੱਲ ਦੀ ਅਨੁਸ਼ਾਸ਼ਤ ਕਾਰਜਸ਼ੈਲੀ ਤੋਂ ਘਬਰਾ ਕੇ ਕੁਝ ਸਾਥੀ ਸਰਗਰਮੀ ਛੱਡ ਗਏ ਹਨ ਤਾਂ ਸਾਥੀ ਜਗਜੀਤ ਜੱਸੇਆਣੇ ਵਰਗੇ ਕਈ ਕੁੱਝ ਹੋਣਹਾਰ ਤੇ ਸਮੱਰਪਤ ਨੌਜਵਾਨ ਕਾਰਕੁੰਨ ਇਸ ਲਹਿਰ ਲਈ ਤਿਆਰ ਕਰਨ ਦਾ ਸਿਹਰਾ ਵੀ ਸਾਥੀ ਗਿੱਲ ਨੂੰ ਹੀ ਮਿਲਦਾ ਹੈ।

ਕਾਮਰੇਡ ਸੁਰਜੀਤ ਗਿੱਲ ਕਿਰਤੀ ਲੋਕਾਂ ਦਾ ਹਕੀਕੀ ਮਿੱਤਰ ਸੀ। ਉਸਦਾ ਸਮੁੱਚਾ ਪਾਰਟੀ ਕੰਮ ਕਿਰਤੀਆਂ, ਦਲਿਤਾਂ ਅਤੇ ਗਰੀਬਾਂ ਵਿਚ ਸੀ। ਉਹਨਾਂ ਦੇ ਘਰਾਂ ਵਿਚ ਠਹਿਰਣਾ ਅਤੇ ਉਥੇ ਹੀ ਰੁੱਖੀ ਮਿਸੀ ਖਾ ਕੇ ਢਿੱਡ ਭਰਨਾ, ਇਹ ਸਾਥੀ ਗਿੱਲ ਤੋਂ ਹੀ ਸਿੱਖਿਆ ਜਾ ਸਕਦਾ ਸੀ। ਐਸਾ ਨਹੀਂ ਕਿ ਜ਼ਿਲ੍ਹੇ ਅੰਦਰ ਖਾਂਦੇ ਪੀਂਦੇ ਪਰਿਵਾਰ ਪਾਰਟੀ ਨਾਲ ਨਹੀਂ ਸਨ। ਪਾਰਟੀ ਦੀ ਸਮਝਦਾਰੀ ਅਨੁਸਾਰ 'ਲੋਕ ਜਮਹੂਰੀ ਇਨਕਲਾਬ' ਦੇ ਚਾਲਕ ਤੇ ਸਹਿਯੋਗੀ, ਹਰ ਵਰਗ ਵਿਚ ਪਾਰਟੀ ਦਾ ਪ੍ਰਭਾਵ ਵਧਾਉਣ ਲਈ ਉਹ ਹਮੇਸ਼ਾਂ ਯਤਨਸ਼ੀਲ ਰਿਹਾ। ਪ੍ਰੰਤੂ ਉਸਦੀਆਂ ਪੱਕੀਆਂ ਠਾਹਰਾਂ ਪੇਂਡੂ ਮਜ਼ਦੂਰਾਂ ਦੇ ਪਰਿਵਾਰਾਂ ਵਿਚ ਹੀ ਸਨ। ਏਸੇ ਲਈ ਮੀਟਿੰਗਾਂ ਉਪਰੰਤ ਰਹਿਣ ਦਾ ਤੇ ਰੋਟੀ ਦਾ ਪ੍ਰਬੰਧ ਹਮੇਸ਼ਾਂ ਉਹਨਾਂ ਘਰਾਂ ਵਿਚ ਹੀ ਹੁੰਦਾ। ਇਸ ਵਿਚ ਉਹ ਨਾ ਕਿਸੇ ਬਨਾਉਟੀ ਝਿਜਕ ਦਾ ਸ਼ਿਕਾਰ ਹੁੰਦਾ ਅਤੇ ਨਾ ਹੀ ਛੂਤ-ਛਾਤ, ਜਾਤਪਾਤ ਆਦਿ ਦੀਆਂ ਜਗੀਰੂ ਲਾਹਨਤਾਂ ਦਾ। ਇਸ ਪੱਖੋਂ ਉਹ ਇਕ ਲਾਮਿਸਾਲ ਲੜਾਕੇ ਪ੍ਰੋਲੋਤਾਰੀ ਵਾਲੇ ਗੁਣਾਂ ਦਾ ਮੁਜੱਸਮਾ ਸੀ।

ਉਹ ਹਰ ਮਜ਼ਲੂਮ ਦੀ ਬਾਂਹ ਫੜਨ ਵਾਲਾ ਸੀ ਅਤੇ ਇਸ ਪੱਖੋਂ ਬਹੁਤ ਜਜ਼ਬਾਤੀ ਵੀ ਸੀ। ਉਸਦਾ ਅਜੇਹਾ ਇਕ ਕਾਰਨਾਮਾ ਤਾਂ ਹਮੇਸ਼ਾਂ ਮੇਰੀਆਂ ਯਾਦਾਂ ਦਾ ਸਰਮਾਇਆ ਬਣਿਆ ਰਹੇਗਾ। ਇਕ ਵਾਰ ਗਰਮੀਆਂ ਵਿਚ ਅਸੀਂ ਸਾਥੀ ਗਿੱਲ ਦੀ ਫਰੀਦਕੋਟ ਵਾਲੀ ਰਿਹਾਇਸ਼ ਵਿਚ ਕੋਠੇ 'ਤੇ ਸੁੱਤੇ ਪਏ ਸਾਂ। ਸਵੇਰੇ ਮੈਂ ਜਦੋਂ ਚਾਹ ਪੀਣ ਲਈ ਮੂੰਹ ਧੋ ਰਿਹਾ ਸੀ ਤਾਂ ਦੋ ਘਰ ਛੱਡ ਕੇ ਇਕ ਵਿਹੜੇ ਚੋਂ ਬੱਚਿਆਂ ਦੇ ਰੋਣ ਅਤੇ ਇਕ ਔਰਤ ਦੇ ਚੀਕਾਂ ਮਾਰਨ ਦੀਆਂ ਆਵਾਜ਼ਾਂ ਆਈਆਂ। ਮੈਂ ਤਾਂ ਇਸ ਦਾ ਕੋਈ ਨੋਟਿਸ ਨਾ ਲਿਆ ਪਰ ਸਾਥੀ ਗਿੱਲ ਨੇ, ਇਹ ਦੇਖਕੇ ਕਿ ਔਰਤ ਨੂੰ ਉਸ ਦਾ ਪਤੀ ਚੁਪੇੜਾਂ ਮਾਰ ਰਿਹਾ ਹੈ ਅਤੇ ਬੱਚੇ ਇਸ ਤੋਂ ਘਬਰਾ ਕੇ ਚੀਖ ਚਿਲਾਅ ਰਹੇ ਹਨ, ਤੁਰੰਤ ਅੰਦਰੋਂ ਆਪਣੀ ਬੰਦੂਕ ਕੱਢੀ, ਜਿਹੜੀ ਕਿ ਉਹ ਅਕਸਰ ਭਰਕੇ ਹੀ ਰੱਖਦੇ ਸਨ, ਅਤੇ ਪੂਰੇ ਜਲਾਲ ਵਿਚ ਆ ਕੇ ਉਸ ਮਰਦ ਨੂੰ ਲਲਕਾਰਾ ਮਾਰਿਆ "ਓਏ ਕੁੱਤਿਆ! ਜੇਕਰ ਤੂੰ ਹੁਣ ਕੁੜੀ 'ਤੇ ਹੱਥ ਚੁੱਕਿਆ ਤਾਂ ਆਹ ਗੋਲੀ ਸਿੱਧੀ ਤੇਰੀ ਪੁੜਪੜੀ ਚੋਂ ਪਾਰ ਹੋਵੇਗੀ।" ਸਾਥੀ ਗਿੱਲ ਦਾ ਇਹ ਗੜ੍ਹਕਾ ਸੁਣ ਕੇ ਮੈਂ ਵੀ ਘਬਰਾ ਗਿਆ ਅਤੇ ਉਸ ਲੜਕੀ ਦਾ ਪਤੀ ਵੀ ਪਿਛਾਂਹ ਹੋ ਕੇ ਖੜ ਗਿਆ। ਪਰ ਸਾਥੀ ਗਿੱਲ ਬਨੇਰੇ 'ਤੇ ਖੜੇ ਉਸ ਨੂੰ ਗਾਲਾਂ ਕੱਢਦੇ ਅਤੇ ਖਰੀਆਂ ਖਰੀਆਂ ਸੁਣਾਉਂਦੇ ਰਹੇ। ਮੈਂ ਬੜੀ ਮੁਸ਼ਕਲ ਨਾਲ ਉਸਨੂੰ ਸ਼ਾਂਤ ਕਰਕੇ ਵਾਪਸ ਲਿਆਂਦਾ ਤੇ ਉਸਦੇ ਬਿਸਤਰੇ ਤੇ ਬਿਠਾਇਆ। ਮੈਨੂੰ ਉਦੋਂ ਸਮਝ ਲੱਗੀ ਕਿ ਮਜ਼ਦੂਰਾਂ ਦੇ ਘਰਾਂ ਦੀਆਂ ਔਰਤਾਂ ਤੇ ਬਹੁ-ਬੇਟੀਆਂ ਸਾਥੀ ਗਿੱਲ ਨੂੰ ਐਵੇਂ ਹੀ "ਬਾਪੂ ਜੀ" ਦਾ ਸਤਿਕਾਰ ਨਹੀਂ ਸਨ ਦੇ ਰਹੀਆਂ। ਉਹ ਇਸ ਸਤਿਕਾਰ ਦਾ ਅਸਲੋਂ ਪਾਤਰ ਸੀ।

ਪੇਂਡੂ ਮਜ਼ਦੂਰਾਂ, ਗਰੀਬ ਕਿਸਾਨਾਂ ਅਤੇ ਨੌਜਵਾਨਾਂ ਨੂੰ ਜਥੇਬੰਦ ਕਰਨ ਦੇ ਨਾਲ ਨਾਲ ਸਾਥੀ ਗਿੱਲ ਔਰਤਾਂ ਨੂੰ ਜਥੇਬੰਦ ਕਰਨ ਵਿਚ ਵੀ ਡੂੰਘੀ ਦਿਲਚਸਪੀ ਲੈਂਦੇ ਸਨ। ਇਸ ਮੰਤਵ ਲਈ ਸੂਬਾਈ ਕੇਂਦਰ ਤੋਂ ਅਗਵਾਈ ਦੇਣ ਲਈ ਔਰਤ ਆਗੂਆਂ ਦੀ ਮੰਗ ਕੇਵਲ ਉਹ ਹੀ ਕਰਿਆ ਕਰਦੇ ਸਨ। ਇਹੋ ਕਾਰਨ ਸੀ ਕਿ ਉਹਨਾਂ ਫਰੀਦਕੋਟ ਸ਼ਹਿਰ ਵਿਚ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੀਆਂ ਔਰਤਾਂ ਤੱਕ ਵੀ ਜਨਵਾਦੀ ਇਸਤਰੀ ਸਭਾ ਦੇ ਯੂਨਿਟ ਬਣਵਾ ਦਿੱਤੇ ਅਤੇ ਬੀਬੀ ਸੋਨਾਪਤੀ ਵਰਗੀ ਇਕ ਸਾਧਾਰਨ ਮਜ਼ਦੂਰ ਔਰਤ ਨੂੰ ਇਕ ਸਫਲ ਮਹਿਲਾ ਕਾਰਕੁੰਨ ਅਤੇ ਪਾਰਟੀ ਦੀ ਜ਼ਿਲ੍ਹਾ ਕਮੇਟੀ ਦੀ ਮੈਂਬਰ ਤੱਕ ਪਹੁੰਚਾ ਦਿੱਤਾ। ਇਹ ਗੱਲ ਵੱਖਰੀ ਹੈ ਕਿ ਇਸ ਬੀਬੀ ਦੀ ਮੌਤ ਉਪਰੰਤ ਅਤੇ ਪਾਰਟੀ ਅੰਦਰ ਉਭਰੇ ਸਿਧਾਂਤਕ ਤੇ ਜਥੇਬੰਦਕ ਝਮੇਲਿਆਂ ਕਾਰਨ ਇਸ ਜਥੇਬੰਦੀ ਨੂੰ ਬਹੁਤੀ ਦੇਰ ਸਰਗਰਮ ਨਹੀਂ ਰੱਖਿਆ ਜਾ ਸਕਿਆ। ਪਰ ਸਾਥੀ ਗਿੱਲ ਦੀ ਅਗਵਾਈ ਹੇਠ ਇਕ ਵਾਰ ਤਾਂ ਔਰਤਾਂ ਦੀ ਇਹ ਜਥੇਬੰਦੀ ਕਠੋਰਚਿੱਤ ਅਫਸਰਸ਼ਾਹੀ ਨਾਲ ਆਢਾ ਲੈਣ ਤੱਕ ਪੁੱਜ ਗਈ ਸੀ। ਆਪਣੀ ਇਸ ਪ੍ਰਾਪਤੀ ਰਾਹੀਂ ਹੀ ਸਾਥੀ ਗਿੱਲ ਮੁਕਤਸਰ ਸ਼ਹਿਰ ਵਿਚ ਜਨਵਾਦੀ ਇਸਤਰੀ ਸਭਾ ਦਾ ਦੋ ਦਿਨਾਂ ਸੂਬਾਈ ਅਜਲਾਸ ਕਰਾਉਣ ਵਿਚ ਹਰ ਪੱਖੋਂ ਸਫਲ ਸਿੱਧ ਹੋਏ।

ਸਾਥੀ ਸੁਰਜੀਤ ਗਿੱਲ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਮਜ਼ਦੂਰ ਵਰਗ ਦੀ ਰਾਜਨੀਤੀ ਵਿਚ ਚੰਗੀਆਂ ਮੱਲਾਂ ਮਾਰਨ ਤੋਂ ਇਲਾਵਾ ਸਾਹਿਤ ਦੇ ਖੇਤਰ ਵਿਚ ਵੀ ਉਸਦੀ ਪ੍ਰਤਿਭਾ ਦੀ ਚੰਗੀ ਧਾਂਕ ਰਹੀ ਹੈ। ਜਨਵਾਦੀ ਸਾਹਿਤ ਸਿਰਜਣਾਂ ਦੇ ਕਾਰਜਾਂ ਵਿਚ ਰੁੱਝੇ ਹੋਏ ਸਾਥੀਆਂ ਦੀਆਂ ਮੀਟਿੰਗਾਂ ਵਿਚ ਮੈਂ ਇਹ ਕਈ ਵਾਰ ਦੇਖਿਆ ਕਿ ਸਾਹਿਤ ਬਾਰੇ ਸਹੀ ਮਾਰਕਸਵਾਦੀ ਸਮਝਦਾਰੀ ਦੇ ਪੱਖੋਂ ਉਸ ਦੀਆਂ ਟਿੱਪਣੀਆਂ ਦਾ ਵਿਰੋਧ ਕਰਨ ਦੀ ਕਿਸੇ ਨੇ ਕਦੇ ਘੱਟ ਹੀ ਹਿੰਮਤ ਕੀਤੀ ਸੀ। ਸਾਹਿਤ ਆਲੋਚਨਾ ਦੇ ਪਿੜ ਵਿਚ ਸਾਥੀ



ਗਿੱਲ ਦਾ ਲੋਹਾ ਮੰਨਿਆ ਜਾਂਦਾ ਸੀ। ਇਸ ਪੱਖੋਂ ਵੀ ਉਹਨਾਂ ਮਾਰਕਸਵਾਦੀ ਪਹੁੰਚ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ। ਉਹ ਪਾਰਟੀ ਕਾਡਰਾਂ ਨੂੰ ਅਤੇ ਨੌਜਵਾਨਾਂ ਨੂੰ ਸਾਹਿਤਕ ਲਿਖਤਾਂ ਪੜ੍ਹਨ ਦੀ ਚੇਟਕ ਲਾਉਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ। ਆਪਣਾ ਝੋਲਾ ਨਵੀਆਂ ਕਿਤਾਬਾਂ ਨਾਲ ਭਰੀ ਰੱਖਦੇ ਸਨ ਅਤੇ ਹਰ ਇਕ ਨੂੰ ਕਿਤਾਬਾਂ ਖਰੀਦਣ ਤੇ ਪੜ੍ਹਨ ਲਈ ਪ੍ਰੇਰਿਤ ਕਰਦੇ। ਸਾਹਿਤਕ ਰੁਚੀਆਂ ਤੋਂ ਸੱਖਣੇ ਸਾਥੀਆਂ ਨੂੰ ਉਹ ਅਕਸਰ ਅਧੂਰੇ ਸਮਝਦੇ ਸਨ ਅਤੇ ਕਈ ਵਾਰ ਠਿੱਠ ਵੀ ਕਰਦੇ ਸਨ। ਜੇਕਰ ਕਦੇ ਸਹਿਜ ਸੁਭਾਅ ਇਹ ਕਹਿ ਦਿੱਤਾ ਜਾਂਦਾ ਕਿ "ਪਾਰਟੀ ਦੇ ਹੋਰ ਰੁਝੇਵਿਆਂ ਕਾਰਨ ਕਵਿਤਾ ਤੇ ਕਹਾਣੀ ਤਾਂ ਪੜ੍ਹੀ ਜਾ ਸਕਦੀ ਹੈ, ਪਰ ਨਾਵਲ ਨਹੀਂ", ਤਾਂ ਸਾਥੀ ਗਿੱਲ ਬਹੁਤ ਤਾੜਨਾ ਭਰਪੂਰ ਲਹਿਜੇ ਵਿਚ ਟਿਪਣੀ ਕਰਦੇ, "ਕਾਮਰੇਡ! ਨਾਵਲ ਬਿਨਾਂ ਜੀਵਨ ਦੇ ਪੂਰੇ ਸੱਚ ਦੀ ਸਮਝ ਨਹੀਂ ਆ ਸਕਦੀ, ਇਸ ਲਈ ਨਾਵਲਾਂ ਦੇ ਅਧਿਐਨ ਲਈ ਸਮਾਂ ਕੱਢਣਾ ਵੀ ਲਾਜ਼ਮੀ ਹੈ।" ਇਸ ਤਰ੍ਹਾਂ ਮੈਨੂੰ ਕਈ ਨਾਵਲ ਉਹਨਾਂ ਧੱਕੇ ਨਾਲ ਹੀ ਪੜ੍ਹਾਏ ਵੀ ਅਤੇ ਉਹਨਾਂ ਦੀਆਂ 5-10 ਕਾਪੀਆਂ ਵੇਚਣ ਲਈ ਵੀ ਪ੍ਰੇਰਿਤ ਕੀਤਾ। ਉਹਨਾਂ ਦਾ ਇਹ ਵੀ ਮੱਤ ਸੀ ਕਿ ਹਰ ਕਮਿਊਨਿਸਟ ਲਈ ਨਿਰਸਵਾਰਥ ਰਹਿਕੇ ਆਪਣੇ ਕਾਜ਼ ਲਈ ਪੂਰੀ ਤਰ੍ਹਾਂ ਸਮਰਪੱਤ ਹੋਣਾ ਅਤੇ ਮਾਰਕਸਵਾਦੀ ਅਸੂਲਾਂ ਦੀ ਨਿਡਰਤਾ ਸਹਿਤ ਪਹਿਰਾਬਰਦਾਰੀ ਕਰਨਾ ਜਿੰਨਾ ਜ਼ਰੂਰੀ ਹੈ, ਯਥਾਰਥ 'ਤੇ ਅਧਾਰਤ ਰਹਿ ਕੇ ਜ਼ਜ਼ਬਾਤੀ ਹੋਣਾ ਵੀ ਓਨਾ ਹੀ ਜ਼ਰੂਰੀ ਹੈ। ਉਹ ਸਮਝਦੇ ਸਨ ਕਿ ਮਨੁੱਖੀ ਜਜ਼ਬਾਤ ਨੂੰ ਸਹੀ ਸੇਧ ਦੇਣ ਵਿਚ ਸਾਹਿਤ ਦੀ ਕਾਫੀ ਭੂਮਿਕਾ ਹੁੰਦੀ ਹੈ। ਏਸੇ ਲਈ ਉਹ ਅਕਸਰ ਕਿਹਾ ਕਰਦੇ ਸਨ ਕਿ "ਸਾਹਿਤਕ ਰੁਚੀਆਂ ਤੋਂ ਸੱਖਣੇ ਰਹਿਕੇ ਤਾਂ ਪੂਰਨ ਮਨੁੱਖ ਵੀ ਨਹੀਂ ਬਣਿਆ ਜਾ ਸਕਦਾ, ਕਮਿਊਨਿਸਟ ਬਨਣਾ ਤਾਂ ਦੂਰ ਦੀ ਗੱਲ ਹੈ।" ਇਹੋ ਕਾਰਨ ਹੈ ਕਿ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵਿਚ ਵੀ ਸਾਥੀ ਗਿੱਲ ਦੇ ਉਪਾਸ਼ਕ ਚੋਖੀ ਗਿਣਤੀ ਵਿਚ ਮਿਲਦੇ ਹਨ। ਸਾਥੀ ਗਿੱਲ ਦੀਆਂ ਵੱਖ ਵੱਖ ਅਖਬਾਰਾਂ ਤੇ ਰਸਾਲਿਆਂ ਵਿਚ ਰਚਨਾਵਾਂ ਵੀ ਬੇਸ਼ੁਮਾਰ ਛਪੀਆਂ ਹਨ। ਪ੍ਰੰਤੂ ਉਸਦੀਆਂ ਸਰਗਰਮੀਆਂ ਦਾ ਪ੍ਰਮੁੱਖ ਖੇਤਰ "ਮਜ਼ਦੂਰ ਵਰਗ ਦੀ ਰਾਜਨੀਤੀ" ਹੋਣ ਕਰਕੇ ਉਸਨੇ ਉਹਨਾਂ ਲਿਖਤਾਂ ਨੂੰ ਕਿਤਾਬਾਂ ਦੀ ਸ਼ਕਲ ਦੇਣ ਜਾਂ ਇਨਾਮਾਂ/ਅਵਾਰਡਾਂ ਦੇ ਚੱਕਰ ਵਿਚ ਪੈਣ ਦੀ ਚੇਸ਼ਠਾ ਕਦੇ ਨਹੀਂ ਸੀ ਕੀਤੀ। ਪਾਰਟੀ ਦੇ ਮਾਸਕ ਬੁਲਾਰੇ, 'ਸੰਗਰਾਮੀ ਲਹਿਰ' ਲਈ "ਪੈਪਸੂ ਦੇ ਮੁਜ਼ਾਰਾ ਘੋਲ" ਬਾਰੇ ਸਾਥੀ ਗਿੱਲ ਤੋਂ 14 ਲੇਖਾਂ ਦੀ ਇਕ ਲੜੀ ਵਿਸ਼ੇਸ਼ ਤੌਰ 'ਤੇ ਲਿਖਵਾਈ ਗਈ ਤਾਂ ਜੋ ਪਾਰਟੀ ਦੀਆਂ ਸਫਾਂ ਇਸ ਘੋਲ ਨਾਲ ਸਬੰਧਤ ਘਟਨਾਵਾਂ ਤੇ ਉਹਨਾਂ ਦੇ ਸਬਕਾਂ ਤੋਂ ਜਾਣੂ ਰਹਿਣ। ਇਹਨਾਂ ਲੇਖਾਂ ਨੂੰ ਪੁਸਤਕ ਦਾ ਰੂਪ ਦੇਣ ਲਈ ਵੀ ਸਾਥੀ ਗਿੱਲ ਨੇ ਕਦੇ ਉਤਸਕਤਾ ਨਹੀਂ ਸੀ ਪ੍ਰਗਟਾਈ। ਉਹ ਅਗਾਂਹਵਧੂ ਸਾਹਿ ਨੂੰ ਜਮਾਤੀ ਸੰਘਰਸ਼ ਵਿਚ ਇਕ ਹੱਥਿਆਰ ਵਜੋਂ ਵਰਤਨ ਦਾ ਪੂਰੀ ਤਰ੍ਹਾਂ ਮੁਦੱਈ ਸੀ ਅਤੇ ਆਪਣੀਆਂ ਲਿਖਤਾਂ ਨੂੰ ਲੋਕਾਂ ਦੀ ਜਾਣਕਾਰੀ ਵਧਾਉਣ ਅਤੇ ਉਹਨਾਂ ਦੀ ਜਮਾਤੀ ਸੂਝ ਨੂੰ ਤਿੱਖਾ ਕਰਨ ਲਈ ਵਰਤਣ ਦਾ ਹਾਮੀ ਸੀ। ਏਸੇ ਲਈ ਸਾਹਿਤ ਦੀ ਪ੍ਰਮੋਸ਼ਨ ਲਈ ਉਹ ਉਚੇਚੀਆਂ ਮੁਹਿੰਮਾਂ ਲਾਮਬੰਦ ਕਰਨ ਦੇ ਯਤਨ ਕਰਦਾ ਸੀ। ਕਮਿਊਨਿਸਟ ਲਹਿਰ ਦੀ ਉਸਾਰੀ ਲਈ ਅੰਤਿਮ ਸਾਹਾਂ ਤੱਕ ਕੀਤੇ ਗਏ ਅਜੇਹੇ ਨਿਰਸਵਾਰਥ ਤੇ ਦਰਿੜਤਾ ਭਰਪੂਰ ਯੋਗਦਾਨ ਸਦਕਾ ਹੀ ਕਾਮਰੇਡ ਸੁਰਜੀਤ ਗਿੱਲ ਇਕ ਨਮੂਨੇ ਦਾ ਪੇਸ਼ਾਵਰ ਇਨਕਲਾਬੀ ਹੋ ਨਿਬੜਿਆ ਹੈ। ਇਸ ਮਾਰਗ ਤੇ ਚੱਲਣ ਵਾਲਿਆਂ ਲਈ ਉਸ ਦੀ ਗੌਰਵਮਈ ਘਾਲਣਾ ਅਤੇ ਇਹ ਮਾਣਮੱਤੇ ਗੁਣ ਹਮੇਸ਼ਾਂ ਪ੍ਰੇਰਨਾ ਸਰੋਤ ਬਣੇ ਰਹਿਣਗੇ। •••

# 2. ਦਰਿੜ੍ਹ ਇਰਾਦੇ ਤੇ ਭਾਵੁਕ ਮੋਹ ਵਾਲਾ ਸਾਥੀ ਸੁਰਜੀਤ ਗਿੱਲ

- ਮੰਗਤ ਰਾਮ ਪਾਸਲਾ

ਨਿੱਜੀ ਜ਼ਿੰਦਗੀ ਵਿਚ ਅਨੇਕਾਂ ਤਰ੍ਹਾਂ ਦੀਆਂ ਤੰਗਦਸਤੀਆਂ ਝੱਲਣ ਅਤੇ ਮਾਂ ਦੀਆਂ ਲੋਰੀਆਂ ਤੋਂ ਮਹਿਰੂਮ ਰਹੇ, ਕਾਮਰੇਡ ਸੁਰਜੀਤ ਗਿੱਲ ਨੇ ਆਪਣੇ ਅੰਦਰਲੇ ਦਰਦ ਨੂੰ ਸਮੁੱਚੀ ਲੋਕਾਈ ਦੇ ਦਰਦ ਨਾਲ ਇਕ-ਮਿਕ ਕਰਕੇ ਇਸ ਵਿਰੁੱਧ ਜੂਝਣ ਦਾ ਔਖਾ ਰਾਹ ਚੁਣਿਆ। ਤੇ ਫੇਰ ਸਾਰੀ ਉਮਰ ਇਸੇ ਰਾਹ ਉਪਰ ਅਡੋਲ ਤੁਰਿਆ ਰਿਹਾ। ਉਸਨੇ ਲੋਕਾਈ ਦੀਆਂ ਮੁਸ਼ਕਿਲਾਂ ਦੇ ਕਾਰਨਾਂ ਨੂੰ ਖੋਜਿਆ। ਇਨ੍ਹਾਂ ਦੀਆਂ ਜੜ੍ਹਾਂ ਤੱਕ ਗਿਆ। ਇਨ੍ਹਾਂ ਸਾਰੀਆਂ ਕਿਸਮਾਂ ਦੀਆਂ ਔਕੜਾਂ ਵਾਸਤੇ ਉਸਨੇ ਮੌਜੂਦਾ ਲੁਟੇਰੇ ਪੂੰਜੀਵਾਦੀ ਢਾਂਚੇ ਉਪਰ ਉਂਗਲ ਧਰੀ ਤੇ ਇਸ ਦਾ ਹੱਲ ਉਸਨੂੰ ਸਾਂਝੀਵਾਲਤਾ ਦੇ ਸਿਧਾਂਤ ਉਪਰ ਅਧਾਰਤ ਸਮਾਜ, ਸਮਾਜਵਾਦ, ਵਿਚ ਦਿਸਿਆ। ਇਹ ਨਿਸ਼ਾਨਾ ਪ੍ਰਾਪਤ ਕਰਨਾ ਸੌਖਾ ਕੰਮ ਨਹੀਂ ਹੈ। ਇਕੱਲੀ ਭਾਵੁਕਤਾ ਤੇ ਨਿੱਜੀ ਹਿੰਮਤ ਵੀ, ਕਿਸੇ ਵਿਗਿਆਨਕ ਸੇਧ ਦੀ ਅਣਹੋਂਦ ਵਿਚ, ਮੱਠੀ ਪੈ ਜਾਂਦੀ ਹੈ। ਇਸ ਸੱਚ ਤੋਂ ਸਾਥੀ ਗਿੱਲ ਭਲੀ ਭਾਂਤ ਜਾਣੂੰ ਸੀ। ਇਸੇ ਕਰਕੇ ਸਾਥੀ ਸੁਰਜੀਤ ਗਿੱਲ ਨੇ ਸਮਾਜਵਾਦ ਦੇ ਮਹਾਨ ਆਸ਼ੇ ਨੂੰ ਪ੍ਰਾਪਤ ਕਰਨ ਵਾਸਤੇ ਮਾਰਕਸਵਾਦ-ਲੈਨਿਨਵਾਦ ਦੇ ਵਿਗਿਆਨ ਤੇ ਹੋਰ ਅਗਾਂਹਵਧੂ ਸਾਹਿਤ ਦਾ ਗੰਭੀਰ ਅਧਿਐਨ ਕੀਤਾ। ਪੜ੍ਹਨ ਦੀ ਇਹ ਚੇਟਕ ਸਾਥੀ ਗਿੱਲ ਨੂੰ ਆਖਰੀ ਸਵਾਸਾਂ ਤੱਕ ਲੱਗੀ ਰਹੀ।

ਸਾਥੀ ਸੁਰਜੀਤ ਗਿੱਲ ਕਮਿਊਨਿਸਟ ਲਹਿਰ ਅੰਦਰ ਬਰਾਸਤਾ ਲਾਲ ਪਾਰਟੀ ਸ਼ਾਮਿਲ ਹੋਇਆ। ਉਸਨੇ 'ਜ਼ਮੀਨ ਹਲਵਾਹਕ ਦੀ' ਦਾ ਨਾਅਰਾ ਬੁਲੰਦ ਕਰਨ ਵਾਸਤੇ ਜਗੀਰਦਾਰਾਂ, ਉਨ੍ਹਾਂ ਦੇ ਭਾੜੇ ਦੇ ਟੱਟੂਆਂ ਅਤੇ ਪੁਲਸ ਨਾਲ ਟੱਕਰਾਂ ਲਈਆਂ। ਸਾਥੀ ਤੇਜਾ ਸਿੰਘ ਸੁਤੰਤਰ ਦਾ ਯੁਧਨੀਤਕ ਸਾਥੀ ਬਣਨ ਦਾ ਸੁਭਾਗ ਵੀ ਸਾਥੀ ਗਿੱਲ ਨੂੰ ਇਸੇ ਜਦੋ ਜਹਿਦ ਵਿਚ ਪ੍ਰਾਪਤ ਹੋਇਆ, ਜਿਸਨੂੰ ਉਹ ਆਪਣਾ ਆਦਰਸ਼ ਮੰਨਦੇ ਸਨ। 'ਹਥਿਆਰਾਂ' ਨਾਲ ਖਾਸ ਕਿਸਮ ਦਾ ਮੋਹ ਪਾਲਣ ਦਾ ਸ਼ੌਕ ਸਾਥੀ ਸੁਰਜੀਤ ਗਿੱਲ ਨੂੰ ਇਸ ਹਥਿਆਰਬੰਦ ਜ਼ਮੀਨੀ ਘੋਲ ਵਿਚੋਂ ਹੀ ਮਿਲਿਆ। ਹਥਿਆਰਬੰਦ ਮੁਜ਼ਾਰਾ ਲਹਿਰ ਵਿਚ ਰੁਝੀ ਹੋਈ ਲਾਲ ਪਾਰਟੀ ਦੇ ਇਕ ਖਾਸ ਕਿਸਮ ਦੇ ਅਨੁਸ਼ਾਸਨ, ਗੁਪਤਵਾਸ ਰਹਿਣ ਦੀਆਂ ਵਿਧੀਆਂ ਅਤੇ ਕਾਡਰ ਪ੍ਰਤੀ ਨੇੜਲੇ ਪੱਧਰ ਦੇ ਸਮਾਜਿਕ ਰਿਸ਼ਤੇ ਰੱਖਣ ਦੀ ਲੋੜ ਤੇ ਆਦਤ ਸਾਥੀ ਸੁਰਜੀਤ ਗਿੱਲ ਦੇ ਸੁਭਾਅ ਤੇ ਤਰਜ਼ੇ ਜ਼ਿੰਦਗੀ ਉਪਰ ਲਾਲ ਪਾਰਟੀ ਦੇ ਪ੍ਰਭਾਵ ਦੀ ਸਪੱਸ਼ਟ ਛਾਪ ਦਿਖਾਈ ਦਿੰਦੀ ਸੀ।

ਸਾਥੀ ਸੁਰਜੀਤ ਗਿੱਲ ਸਮਾਜਵਾਦ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਵਾਸਤੇ ਇਨਕਲਾਬੀ ਵਿਚਾਰਧਾਰਾ ਪ੍ਰਤੀ ਸੌ ਫੀਸਦੀ ਸਮਰਪਤ ਸਨ। ਲਾਲ ਪਾਰਟੀ ਨੇ ਜਦੋਂ ਕਮਿਊਨਿਸਟ ਪਾਰਟੀ ਨਾਲ ਰਲੇਵਾਂ ਕਰ ਲਿਆ, ਤਦ ਸਾਥੀ ਗਿੱਲ ਸਹਿਜੇ ਹੀ ਇਕ ਨਿਸ਼ਠਾਵਾਨ ਕਮਿਊਨਿਸਟ ਬਣ ਗਿਆ। ਜਦੋਂ 1964 ਵਿਚ ਹਿੰਦ ਕਮਿਊਨਿਸਟ ਪਾਰਟੀ ਅੰਦਰ ਸਿਧਾਂਤਕ ਤੇ ਰਾਜਨੀਤਕ ਤੌਰ ਤੇ ਇਨਕਲਾਬੀ ਤੇ ਸੋਧਵਾਦੀ ਪੈਂਤੜੇ ਵਿਚਕਾਰ ਸਪੱਸ਼ਟ ਚੋਣ ਕਰਨ ਦਾ ਮੌਕਾ ਆਇਆ, ਤਦ ਸਾਥੀ ਸੁਰਜੀਤ ਗਿੱਲ ਨੇ ਆਪਣੀ ਤੀਖਣ ਬੁੱਧੀ ਸਦਕਾ ਸੀ.ਪੀ.ਆਈ.(ਐਮ) ਵਾਲਾ ਪਾਸਾ ਚੁਣਿਆ। ਜ਼ਿੰਦਗੀ ਦੇ ਢਲ ਰਹੇ ਪਲਾਂ ਦੌਰਾਨ ਜਦੋਂ ਸੀ.ਪੀ.ਆਈ.(ਐਮ) ਨੇ 1964 ਦੇ ਪਾਰਟੀ ਪ੍ਰੋਗਰਾਮ ਦਾ ਇਨਕਲਾਬੀ ਰੁਖ ਤਿਆਗ ਦਿੱਤਾ ਅਤੇ ਇਸਦੇ ਸਰਵ ਉਚ ਆਗੂ, ਜੋ ਪੰਜਾਬ ਨਾਲ ਹੀ ਸੰਬੰਧਤ ਸੀ, ਨੇ ਸਰਮਾਏਦਾਰੀ ਟੋਲਿਆਂ ਤੇ ਹਾਕਮ ਜਮਾਤਾਂ ਦੇ ਰਾਜਸੀ ਆਗੂਆਂ ਨਾਲ ਸਾਂਝਾਂ ਪਾ ਕੇ ਉਹੀ ਕਾਰਨਾਮੇ ਕਰਨੇ ਸ਼ੁਰੂ ਕਰ ਦਿੱਤੇ, ਜੋ ਲੁਟੇਰੀਆਂ ਰਾਜਸੀ ਪਾਰਟੀਆਂ ਦੇ ਨੇਤਾਵਾਂ ਦੇ ਹਿੱਸੇ ਆਏ ਹਨ, ਤਦ ਸਾਥੀ ਸੁਰਜੀਤ ਗਿੱਲ ਨੇ ਫਿਰ ਮਾਰਕਸਵਾਦ-



ਲੈਨਿਨਵਾਦ ਦਾ ਇਨਕਲਾਬੀ ਝੰਡਾ ਬੁਲੰਦ ਕਰਦਿਆਂ ਹੋਇਆਂ ਸੀ.ਪੀ.ਐਮ. ਪੰਜਾਬ ਦਾ ਮੁੱਢ ਬੰਨ੍ਹਕੇ ਇਸਦੇ ਪਹਿਲੀ ਪਾਲ ਦੇ ਆਗੂਆਂ ਵਿਚ ਆਪਣੀ ਥਾਂ ਮੱਲੀ। ਇਨਕਲਾਬੀ ਸਿਧਾਂਤ ਨਾਲ ਪ੍ਰਤੀਬੱਧਤਾ ਦਿਖਾਉਣ ਅਤੇ ਕੁਰਬਾਨੀ ਕਰਨ ਦੇ ਰਾਹੇ ਪੈਣ ਵਾਸਤੇ ਕੋਈ ਉਮਰ ਦੀ ਸੀਮਾ ਤੈਅ ਨਹੀਂ ਕੀਤੀ ਜਾ ਸਕਦੀ, ਇਸ ਗੱਲ ਦਾ ਪ੍ਰਮਾਣ ਸਾਥੀ ਗਿੱਲ ਦੀ ਜ਼ਿੰਦਗੀ ਤੋਂ ਵੱਧ ਹੋਰ ਕੀ ਹੋ ਸਕਦਾ ਹੈ? 60 ਸਾਲ ਦੀ ਉਮਰ ਬੀਤਣ ਉਤੇ, ਜਦੋਂ ਕੋਈ ਇਨਸਾਨ ਨਵੇਂ ਬਿਖੜੇ ਕਦਮ ਪੁੱਟਣ ਤੋਂ ਕੰਨੀ ਕਤਰਾਉਣ ਲੱਗ ਪੈਂਦਾ ਹੈ, ਉਸੇ ਉਮਰੇ ਸੁਰਜੀਤ ਗਿੱਲ ਨੇ ਅਖੌਤੀ "ਵੱਡੇ ਕਮਿਊਨਿਸਟ" ਆਗੂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਮਿਊਨਿਸਟ ਨੈਤਿਕਤਾ ਦੇ ਮਿੱਥੇ ਮਿਆਰਾਂ ਦੀਆਂ ਬਾਤਾਂ ਪਾਈਆਂ ਤੇ ਉਸਦੇ ਗੈਰ ਕਮਿਊਨਿਸਟ ਅਮਲਾਂ ਉਪਰ ਉਂਗਲ ਧਰਦਿਆਂ ਉਸਨੂੰ ਅਲਵਿਦਾ ਆਖੀ ਤੇ ਇਕ ਇਨਕਲਾਬੀ ਕਮਿਊਨਿਸਟ ਪਾਰਟੀ ਦਾ ਪਰਚਮ ਬੁਲੰਦ ਕਰਨ ਦਾ ਫੈਸਲਾ ਕੀਤਾ। ਸਾਥੀ ਗਿੱਲ ਅੰਤਮ ਸਵਾਸਾਂ ਤੱਕ ਉਸੇ ਪਾਰਟੀ, ਸੀ.ਪੀ.ਐਮ. ਪੰਜਾਬ, ਦੀ ਸੂਬਾ ਕਮੇਟੀ ਦੇ ਮੈਂਬਰ ਰਹੇ।

ਪੰਜਾਬ ਅੰਦਰ 80ਵਿਆਂ ਵਿਚ ਚੱਲੀ ਖਾਲਿਸਤਾਨੀ ਲਹਿਰ ਪ੍ਰਤੀ ਸਾਥੀ ਸੁਰਜੀਤ ਗਿੱਲ ਦੇ ਮਨ ਅੰਦਰ ਡਾਢੀ ਨਫਰਤ ਅਤੇ ਫਿਕਰਮੰਦੀ ਸੀ। ਫਿਰਕਾਪ੍ਰਸਤੀ, ਕਿਸੇ ਵੀ ਵੰਨਗੀ ਦੀ ਹੋਵੇ, ਸਾਥੀ ਗਿੱਲ ਨੇ ਉਸਨੂੰ ਜਮਹੂਰੀ ਲਹਿਰ ਦੀ ਦੁਸ਼ਮਣ ਸਮਝਿਆ। ਜਦੋਂ ਦਹਿਸ਼ਤਗਰਦ ਆਮ ਬੇਕਸੂਰ ਲੋਕਾਂ ਦੇ ਕਤਲ ਕਰ ਰਹੇ ਸਨ ਅਤੇ ਕਮਿਊਨਿਸਟਾਂ ਨੂੰ ਚੁਣ-ਚੁਣ ਕੇ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਰਹੇ ਸਨ, ਤਦ ਸਾਥੀ ਸੁਰਜੀਤ ਗਿੱਲ ਨੇ ਇਨ੍ਹਾਂ ਕਾਲੀਆਂ ਤਾਕਤਾਂ ਦਾ ਮੁਕਾਬਲਾ ਕਰਨ ਵਾਸਤੇ ਲੋੜੀਂਦੀ ਪਾਰਟੀ ਜਥੇਬੰਦੀ, ਸਤਰਕਤਾ ਤੇ ਬਚਾਅ ਵਿਧੀ ਉਸਾਰਨ ਦਾ ਹਰ ਸੰਭਵ ਯਤਨ ਕੀਤਾ। ਲਾਲ ਪਾਰਟੀ ਵਿਚਲੇ ਕੁੱਝ ਦਾਅਪੇਚ ਉਨ੍ਹਾਂ ਦੇ ਇਸ ਸਮੇਂ ਚੰਗੇ ਕੰਮ ਆਏ। ਉਨ੍ਹਾਂ ਨੂੰ ਆਪਣੇ ਆਪ ਨਾਲੋਂ ਦੂਸਰੇ ਸਾਥੀਆਂ ਦੀਆਂ ਜ਼ਿੰਦਗੀਆਂ ਦੀ ਜ਼ਿਆਦਾ ਚਿੰਤਾ ਰਹਿੰਦੀ ਸੀ, ਜੋ ਪਾਰਟੀ ਦਾ ਸੁਨੇਹਾ ਜਨ ਸਧਾਰਣ ਕੋਲ ਪਹੁੰਚਾ ਰਹੇ ਸਨ ਤੇ ਦਹਿਸ਼ਤਗਰਦਾਂ ਦੇ ਵਿਰੋਧ ਵਿਚ ਜਨਤਕ ਲਾਮਬੰਦੀ ਵਿਚ ਰੁੱਝੇ ਹੋਏ ਸਨ। ਜਦੋਂ ਕਦੀ ਵੀ ਮੈਨੂੰ ਸੀ.ਪੀ.ਆਈ. (ਐਮ) ਵਲੋਂ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਮਨਸੂਬਿਆਂ ਨੂੰ ਨੰਗਾ ਕਰਨ ਅਤੇ ਲੋਕਾਂ ਨੂੰ ਆਪਸੀ ਸਦਭਾਵਨਾ ਕਾਇਮ ਰੱਖਣ ਦਾ ਸੁਨੇਹਾ ਦੇਣ ਲਈ 'ਅਮਨ ਮਾਰਚਾਂ' ਜਾਂ 'ਕਾਨਫਰੰਸਾਂ' ਵਿਚ ਬੋਲਣ ਲਈ ਭੇਜਿਆ ਜਾਂਦਾ, ਤੱਦ ਸਾਥੀ ਸੁਰਜੀਤ ਗਿੱਲ ਹੱਥ ਵਿਚ ਬੰਦੂਕ ਜਾਂ ਪਿਸਤੌਲ ਲੈ ਕੇ ਇਕ "ਖਾੜਕੂ ਜਰਨੈਲ" ਵਾਂਗਰ ਮੇਰੀ ਤੇ ਹੋਰ ਪਾਰਟੀ ਸਾਥੀਆਂ ਤੇ ਜਨਤਕ ਇਕੱਠਾਂ ਦੀ ਪਹਿਰੇਦਾਰੀ ਕਰਦੇ। ਜਿਹੜਾ ਜਜ਼ਬਾ ਅਤੇ ਬਹਾਦਰੀ ਸਾਥੀ ਸੁਰਜੀਤ ਗਿੱਲ ਦੀ ਉਸ ਸਮੇਂ ਦੇਖੀ ਗਈ, ਸੱਚਮੁਚ ਹੀ ਉਹ ਮੇਰੇ ਸਮੇਤ ਸਾਰੇ ਪਾਰਟੀ ਮੈਂਬਰਾਂ ਦੇ ਮਨਾਂ ਵਿਚ ਉਕਰੀ ਹੋਈ ਹੈ।

ਸਾਥੀ ਗਿੱਲ ਦੀਆਂ ਖੂਬਸੂਰਤ ਵਿਸ਼ੇਸ਼ਤਾਵਾਂ ਵਿਚੋਂ ਇਕ ਸੀ : ਜਿਥੇ ਪਾ[illegible]ੀ ਡਿਊਟੀ ਲਾਵੇ, ਉਥੇ ਹੀ ਚਲੇ ਜਾਣਾ। ਇਸ ਕਰਕੇ ਗਿੱਲ ਜੀ ਕਿਸੇ ਖਾਸ ਜ਼ਿਲ੍ਹੇ ਨਾਲ ਸੰਬੰਧਿਤ ਨਹੀਂ ਰਹੇ। ਪਾਰਟੀ ਦੇ ਕਹਿਣ ਉਤੇ ਉਹ ਲੱਗਾ ਜ਼ਿੰਮਾ ਨਿਭਾਉਣ ਲਈ ਕਦੀ ਬਠਿੰਡੇ, ਕਦੇ ਪਾਰਟੀ ਦੇ ਹੈਡ ਆਫਿਸ ਜਲੰਧਰ ਤੇ ਕਦੇ ਮੁੜ ਆਪਣੀ ਜਨਮ ਭੂਮੀ ਦੇ ਜ਼ਿਲ੍ਹੇ ਮੋਗਾ ਵਿਚ। ਕਾਮਰੇਡ ਗਿੱਲ ਜੀ ਅੰਤ ਦੇ ਭਾਵੁਕ ਤੇ ਸੰਵੇਦਨਸ਼ੀਲ ਬਿਰਤੀ ਦੇ ਮਾਲਕ ਸਨ। ਕਈ ਵਾਰ ਇਹ ਵਿਸ਼ੇਸ਼ਤਾ ਉਨ੍ਹਾਂ ਦੇ 'ਔਗੁਣ' ਵਾਂਗ ਵੀ ਖਟਕਣ ਲੱਗ ਪੈਂਦੀ ਸੀ। ਪ੍ਰੰਤੂ ਕਾਮਰੇਡ ਗਿੱਲ ਦੇ ਕਿਸੇ ਵਿਅਕਤੀ ਨਾਲ ਵਿਹਾਰ ਜਾਂ ਵਤੀਰੇ ਵਿਚ ਦਿਲੀ ਖੋਟ, ਮੰਦਭਾਵਨਾ ਜਾਂ ਰੰਜਿਸ਼ ਕਦੀ ਨਹੀਂ ਦੇਖੀ ਗਈ। ਉਹ ਜਿਸਦੇ ਘਰ ਵੀ ਜਾਂਦੇ, ਉਸ ਪਰਿਵਾਰ ਨੂੰ ਹੀ ਆਪਣਾ ਪਰਿਵਾਰ ਸਮਝਣ ਲੱਗ ਪੈਂਦੇ। ਖਾਸ ਤੌਰ ਤੇ ਬੱਚਿਆਂ ਤੇ ਲੜਕੀਆਂ ਪ੍ਰਤੀ ਉਨ੍ਹਾਂ ਦੇ ਮਨ ਵਿਚ ਇਕ ਖਾਸ

ਕਿਸਮ ਦਾ ਪੈਤਰੀ ਮੋਹ ਝਲਕਦਾ ਰਹਿੰਦਾ। ਸਾਥੀ ਗਿੱਲ ਨੇ ਸਾਰੀ ਉਮਰ ਇਕ ਆਦਰਸ਼ ਕਮਿਊਨਿਸਟ ਅਤੇ ਸੱਚੇ ਸੁੱਚੇ ਪ੍ਰਤੂ ਅਸੂਲਾਂ ਨਾਲ ਕਦੇ ਸਮਝੌਤਾ ਨਾ ਕਰਨ ਵਾਲੇ ਇਨਸਾਨ ਵਾਂਗ ਬਿਤਾਈ ਅਤੇ ਅੰਤਮ ਸਾਹ ਲੈਂਦਿਆਂ ਹੋਇਆਂ ਵੀ ਕਦੀ ਇਨਕਲਾਬ ਪ੍ਰਤੀ ਪ੍ਰਤੀਬੱਧਤਾ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ। ਉਨ੍ਹਾਂ ਦੇ ਜੀਵਨ ਦਾ ਅੰਤ ਵੀ ਬਿਨਾਂ ਕਿਸੇ ਲੰਬੀ ਬਿਮਾਰੀ ਦੇ ਮੰਜੇ ਉਪਰ ਲੇਟ ਕੇ ਨਹੀਂ ਹੋਇਆ। ਇਸੇ ਕਰਕੇ ਜਦੋਂ 21 ਜੂਨ 2012 ਨੂੰ ਸਵੇਰੇ ਉਨ੍ਹਾਂ ਦੇ ਸਪੁੱਤਰ ਦਾ ਸਾਥੀ ਗਿੱਲ ਦੀ ਅਚਨਚੇਤ ਮੌਤ ਬਾਰੇ ਟੈਲੀਫੋਨ ਸੁਣਿਆ ਤਾਂ ਝਟਕਾ ਜਿਹਾ ਲੱਗਾ। ਤਸੱਲੀ ਇਹ ਹੈ ਕਿ ਉਸਦੇ ਇਨਕਲਾਬ ਅਤੇ ਲੋਕਾਂ ਪ੍ਰਤੀ ਸਮਰਪਤ ਜੀਵਨ ਦਾ ਅੰਤ ਵੀ ਸੁਖਾਂਤਕ ਤੇ ਖ਼ੂਬਸੂਰਤ ਢੰਗ ਨਾਲ ਹੋਇਆ।

ਸਾਥੀ ਸੁਰਜੀਤ ਗਿੱਲ ਬੁਨਿਆਦੀ ਰੂਪ ਵਿਚ ਮਾਰਕਸਵਾਦੀ-ਲੈਨਿਨਵਾਦੀ ਵਿਗਿਆਨ ਦੇ ਜਾਨਣ ਵਾਲੇ ਬੁੱਧੀਜੀਵੀ ਸਨ, ਜਿਨ੍ਹਾਂ ਦੀਂ ਸਾਹਿਤ ਪ੍ਰਤੀ ਵਿਸ਼ੇਸ਼ ਤੇ ਡਾਢੀ ਦਿਲਚਸਪੀ ਸੀ। ਉਹ ਆਪ ਪੜ੍ਹਨ ਅਤੇ ਦੂਸਰਿਆਂ ਵਿਚ ਪੜ੍ਹਨ ਦੀ ਚੇਟਕ ਪੈਦਾ ਕਰਨ ਬਾਰੇ ਹਮੇਸ਼ਾਂ ਯਤਨਸ਼ੀਲ ਰਹਿੰਦੇ ਸਨ। ਮੇਰੇ ਮਨ ਵਿਚ ਉਨ੍ਹਾਂ ਸੰਗ ਕੰਮ ਕਰਦਿਆਂ ਇਕ ਗਲਤੀ ਦਾ ਅਹਿਸਾਸ ਜ਼ਰੂਰ ਰਿਹਾ ਕਿ ਅਸੀਂ ਪਾਰਟੀ ਵਲੋਂ ਕਾਮਰੇਡ ਗਿੱਲ ਜੀ ਨੂੰ ਜੇਕਰ ਪਾਰਟੀ ਵਿਚ ਜਥੇਬੰਦਕ ਕੰਮ ਦੇਣ ਦੀ ਥਾਂ ਮੁੱਖ ਰੂਪ ਵਿਚ ਪਾਰਟੀ ਦੇ ਸਿਧਾਂਤਕ ਤੇ ਸਾਹਿਤਕ ਮੋਰਚੇ ਉਪਰ ਜ਼ਿਆਦਾ ਸਮਾਂ ਦੇਣ ਦੀ ਡਿਊਟੀ ਲਗਾਉਂਦੇ ਤਦ ਉਹ ਵਧੇਰੇ ਕਾਰਗਰ ਵੀ ਹੁੰਦਾ ਤੇ ਸਿੱਟੇ ਵੀ ਇਸ ਤੋਂ ਕਿਤੇ ਵਧੇਰੇ ਚੰਗੇ ਤੇ ਸਾਰਥਕ ਨਿਕਲਦੇ। ਇਕ ਇਨਕਲਾਬੀ ਪਾਰਟੀ ਵਿਚ ਕਿਸੇ ਸਾਥੀ ਨੂੰ ਉਸਦੀ ਯੋਗਤਾ ਮੁਤਾਬਕ ਕੰਮ ਦੇਣਾ ਬਹੁਤ ਹੀ ਜ਼ਰੂਰੀ ਹੁੰਦਾ ਹੈ। ਉਂਝ ਸਾਥੀ ਗਿੱਲ ਨੇ ਆਪਣੀ ਮਿਹਨਤ ਅਤੇ ਸਿਆਣਪ ਨਾਲ ਜ਼ਿੰਮੇ ਲੱਗੇ ਹਰ ਕੰਮ ਨੂੰ ਬਾਖ਼ੂਬੀ ਤੇ ਕਾਮਯਾਬੀ ਨਾਲ ਨਿਭਾਇਆ।

ਸਾਥੀ ਸੁਰਜੀਤ ਗਿੱਲ ਦੇ ਜੀਵਨ ਦਾ ਇਨਕਲਾਬੀ ਸਫਰ ਸਾਡੇ ਸਾਰਿਆਂ ਵਾਸਤੇ ਹਮੇਸ਼ਾਂ ਲਈ ਪ੍ਰੇਰਨਾ ਸਰੋਤ ਰਹੇਗਾ, ਜਿਸ ਨਾਲ ਅਸੀਂ ਸਮਾਜਕ ਤਬਦੀਲੀ ਕਰਨ ਪ੍ਰਤੀ ਸੇਧਤ ਕਮਿਊਨਿਸਟ ਲਹਿਰ ਵਿਚ ਹੋਰ ਵਧੇਰੇ ਦ੍ਰਿੜ੍ਹਤਾ, ਇਮਾਨਦਾਰੀ ਤੇ ਪ੍ਰਤੀਬੱਧਤਾ ਨਾਲ ਕੰਮ ਕਰਦੇ ਰਹਾਂਗੇ। ਇਹ ਹੀ ਇਸ ਮਹਾਨ ਸ਼ਖਸ਼ੀਅਤ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ। ●●●

## ਸੋਗੀ ਖ਼ਬਰਾਂ

ਪਿਛਲੇ ਦਿਨੀਂ ਪੰਜਾਬੀ ਦੇ ਪਰਪੱਕ ਤੇ ਉਸਤਾਦ ਗ਼ਜ਼ਲਗੋ ਸ੍ਰੀ ਅਜਾਇਬ ਚਿੱਤਰਕਾਰ ਦੀ ਮੌਤ ਪੰਜਾਬੀ ਸਾਹਿਤ-ਜਗਤ ਲਈ ਬੜੀ ਦੁਖਦਾਈ ਖ਼ਬਰ ਸੀ। ਇੰਝ ਹੀ ਸਾਡੇ ਪਰਮ-ਮਿੱਤਰ ਤੇ 'ਹੁਣ' ਪੱਤ੍ਰਿਕਾ ਦੇ ਸੰਪਾਦਕ ਤੇ ਉੱਘੇ ਪ੍ਰਵਾਸੀ ਕਵੀ ਅਵਤਾਰ ਜੰਡਿਆਲਵੀ ਦੀ ਮੌਤ ਦੀ ਖ਼ਬਰ ਸਾਡੇ ਲਈ ਬੜੀ ਦੁਖਦਾਈ ਸਮਾਚਾਰ ਸੀ । ਅਸੀਂ ਸਬੰਧਿਤ ਪਰਿਵਾਰਾਂ ਤੇ ਪੰਜਾਬੀ ਸਾਹਿਤ-ਜਗਤ ਦੇ ਸਾਂਝੇ ਦੁੱਖ ਵਿਚ ਭਾਈਵਾਲ ਹਾਂ।

**ਸੰਪਾਦਕੀ ਮੰਡਲ ਚਿਰਾਗ਼**





# 1. ਬਿਖੜੇ ਰਾਹਾਂ ਦਾ ਪਾਂਧੀ ਸੀ ਮੇਰਾ ਬਾਪੂ ਸੁਰਜੀਤ ਗਿੱਲ

**- ਅਨੰਤ ਗਿੱਲ ਭਲੂਰ**

ਬਾਪੂ ਕਾਮਰੇਡ ਸੁਰਜੀਤ ਗਿੱਲ ਸਾਰੇ ਜੱਗ ਦਾ ਬਾਪੂ ਸੀ ਪਰ ਮੇਰਾ ਸਭ ਤੋਂ ਵੱਧ। ਆਪਣੇ ਇਕਲੌਤੇ ਪੁੱਤਰ ਅਮਰਦੀਪ ਗਿੱਲ ਦੇ ਉਹ ਕੰਡਾ ਚੁਭਿਆ ਨਹੀਂ ਸੀ ਜਰਦਾ। ਪਰ ਕਦੇ ਕਦਾਈਂ ਉਹਦੀ ਸ਼ਿਕਾਇਤ ਵੀ ਮੇਰੇ ਕੋਲ ਕਰਿਆ ਕਰਦਾ ਸੀ, ਐਨੀ ਗੂੜ੍ਹੀ ਸਾਂਝ ਸੀ ਸਾਡੀ। ਮਾਂ ਬਿਮਾਰ ਤੋਂ ਮੈਂ ਬਾਪੂ ਜੀ ਹੋਰਾਂ ਕੋਲ ਬਠਿੰਡੇ 20-25 ਦਿਨ ਰਹੀ ਸਾਂ। ਬਾਪੂ ਜੀ ਦੇ ਰਹਿਣ-ਸਹਿਣ, ਸੌਣ-ਜਾਗਣ, ਦੁੱਖ-ਤਕਲੀਫ਼, ਪਸੰਦ-ਨਾਪਸੰਦ ਇੱਕ ਇੱਕ ਗੱਲ ਤੋਂ ਜਾਣੂ ਸਾਂ ਮੈਂ। ਮੇਰਾ ਤੇ ਬੇਅੰਤ ਦਾ ਰਿਸ਼ਤਾ ਵੀ ਬਾਪੂ ਜੀ ਕਰਕੇ ਹੀ ਸੰਭਵ ਹੋ ਸਕਿਆ ਸੀ। ਸਾਡੀ ਨੇੜਤਾ ਐਨੀ ਵੱਧ ਗਈ ਸੀ ਕਿ ਦਿਨ ਵਿਚ ਦੋ ਵਾਰੀ ਅੱਧਾ-ਪੌਣਾ ਘੰਟਾ ਫੋਨ ਤੇ ਗੱਲ ਆਮ ਹੀ ਹੁੰਦੀ ਸੀ। 20 ਜੂਨ ਦੀ ਆਖ਼ਰੀ ਰਾਤ ਵੀ ਅਸੀਂ ਕਾਫ਼ੀ ਚਿਰ ਗੱਲਾਂ ਕਰਦੇ ਤੇ ਬਾਪੂ ਜੀ ਨੇ ਦੱਸਿਆ ਵੀ ਕਿ ਮੈਂ ਬਿਮਾਰ ਹੋ ਗਿਆ ਹਾਂ। ਉਂਝ ਦਵਾਈ ਲੈ ਆਂਦੀ ਹੈ। ਮੈਂ ਸੋਚਿਆ ਵੀ ਨਹੀਂ ਸੀ ਕਿ ਇਹ ਬਾਪੂ ਜੀ ਨਾਲ ਮੇਰੀ ਆਖ਼ਰੀ ਗੱਲਬਾਤ ਹੋਵੇਗੀ।

ਸਕੂਲਾਂ ਵਿਚ ਛੁੱਟੀਆਂ ਤੋਂ ਲੱਗਭਗ ਹਰ ਰੋਜ਼ ਬਾਪੂ ਜੀ ਕੋਲ ਜ਼ਾਣ ਬਾਰੇ ਸੋਚਿਆ ਪਰ ਜਾ ਨਾ ਸਕੀ। 6 ਜੂਨ ਨੂੰ ਪਿੰਡ ਜਾਣਾ ਪਿਆ ਉਥੋਂ ਵੀ ਸੋਚਿਆ ਕਿ ਇਸ਼ਨੰਤ ਨੂੰ ਨਾਲ ਲੈ ਕੇ ਬਾਪੂ ਜੀ ਕੋਲ ਜਾ ਆਵਾਂ, ਪਰ ਫਿਰ ਇਹੋ ਗੱਲ ਕਿ ਬੇਅੰਤ ਨੂੰ ਵੀ ਨਾਲ ਲੈ ਕੇ ਤਿੰਨੋਂ ਇਕੱਠੇ ਹੀ ਜਾਵਾਂਗੇ। ਬਾਪੂ ਜੀ ਵੀ ਰੋਜ਼ ਦੋਨੋਂ ਵੇਲੇ ਆਉਣ ਲਈ ਕਹਿੰਦੇ ਨਹੀਂ ਸੀ ਥੱਕਦੇ। 9 ਜੂਨ ਦਾ ਦਿਨ ਸੀ। ਮੈਂ ਪਿੰਡ ਹੀ ਬੈਠਕ ਵਿਚ ਬੈਠੀ ਸੀ। ਭਗਤ ਸਿੰਘ ਭਗਤ ਹੋਣ ਕਰਕੇ ਹਰਪਾਲ ਨੇ ਬੈਠਕ ਵਿਚ ਭਗਤ ਸਿੰਘ, ਊਧਮ ਸਿੰਘ, ਪਾਸ਼, ਭਗਤ ਸਿੰਘ ਬਿਲਗਾ, ਗੁਰਸ਼ਰਨ ਭਾਅ ਜੀ, ਕਾਰਲ ਮਾਰਕਸ ਆਦਿ ਦੀਆਂ ਤਸਵੀਰਾਂ ਲਗਾਈਆਂ ਹੋਈਆਂ ਸਨ। ਮੈਂ ਉਨ੍ਹਾਂ ਨੂੰ ਕਾਫ਼ੀ ਦੇਰ ਤੋਂ ਨਿਹਾਰ ਰਹੀ ਸਾਂ। ਬੈਠਿਆਂ-ਬੈਠਿਆਂ ਐਵੇਂ ਮਨ 'ਚ ਸੋਚ ਆਈ ਕਿ ਜਿਸ ਦਿਨ ਬਾਪੂ ਜੀ ਨਾ ਰਹੇ ਤੇ ਉਹਨਾਂ ਦਾ ਵੀ ਇਹੋ ਜਿਹਾ ਪੋਸਟਰ ਤਿਆਰ ਹੋ ਗਿਆ। ਜਦੋਂ ਉਹ ਅੱਖਾਂ ਸਾਹਮਣੇ ਆਇਆ ਕਰੂ ਤਾਂ ਤਦ ਭਲਾ ਮੇਰਾ ਕੀ ਹਸ਼ਰ ਹੋਇਆ ਕਰੂ। ਝੱਟ ਅੱਖਾਂ ਤੋਂ ਤਿੱਪ-ਤਿੱਪ ਵਹਿੰਦੇ ਹੰਝੂਆਂ ਨੇ ਜਵਾਬ ਦਿੱਤਾ ਕਿ "ਐਦਾਂ ਰੋਇਆ ਕਰੇਂਗੀ ਤੇ ਦਿਲ ਚੋਂ ਨਿਕਲਿਆ ਹੌਕਾ ਸ਼ਾਇਦ ਕਹਿ ਰਿਹਾ ਸੀ ਕਿ "ਹੋਰ ਕੀ" ਏਦਾਂ ਹੀ ਰੋਇਆ ਕਰੇਂਗੀ।" ਉਹ ਸਿਰਫ਼ ਇਕ ਕਲਪਨਾ ਸੀ ਤੇ ਅੱਜ ਇਸ ਹਕੀਕਤ ਨੇ ਜੋ ਮੇਰਾ ਹਸ਼ਰ ਕਰ ਦਿੱਤਾ, ਬਿਆਨ ਨਹੀਂ ਕਰ ਸਕਦੀ।

ਬਾਪੂ ਜੀ ਦੀ ਸਾਰੀ ਜ਼ਿੰਦਗੀ ਹੀ ਦੁੱਖਾਂ ਨਾਲ ਦੋ-ਚਾਰ ਹੁੰਦਿਆਂ ਗੁਜ਼ਰੀ। ਬਚਪਨ ਵਿਚ ਮਤਰੇਈ ਮਾਂ ਨੇ ਬਦਲੇ ਲਏ, ਗਲ ਪਾਇਆ ਕੁੜਤਾ ਪਜਾਮਾ ਤੇ ਪੈਰੋਂ ਬੂਟ ਇਹ ਕਹਿੰਦਿਆਂ ਲੁਹਾ ਲਏ ਕਿ ਜੇ ਕੱਪੜੇ ਪਾਟ ਗਏ ਜਾਂ ਬੂਟ ਟੁੱਟ ਗਏ ਤਾਂ ਹੋਰ ਲੈ ਕੇ ਦੇਣੇ ਪੈਣਗੇ। ਬਾਪੂ ਜੀ ਨੂੰ ਪਿਆਜ ਦੀ 'ਸਮੈੱਲ' ਤੋਂ ਬੇਹੱਦ ਨਫ਼ਰਤ ਸੀ ਤੇ ਉਹ ਮਤਰੇਈ ਮਾਂ ਜਾਣ-ਬੁੱਝ ਕੇ ਬਾਪੂ ਜੀ ਦੀ ਰੋਟੀ ਨੂੰ ਪਿਆਜ ਲਗਾ ਦਿੰਦੀ ਸੀ। ਬਾਪੂ ਜੀ ਭੁੱਖੇ ਹੀ ਸੌਂ ਜਾਂਦੇ ਸੀ। ਅਜਿਹੀਆਂ ਗੱਲਾਂ ਕਾਰਨ ਉਹਨਾਂ ਨੇ ਛੋਟੀ ਉਮਰ 'ਚ ਹੀ ਘਰ ਤਿਆਗ ਦਿੱਤਾ ਸੀ ਤੇ ਤੇਜਾ ਸਿੰਘ ਸੁਤੰਤਰ ਦੇ ਪ੍ਰਭਾਵ ਹੇਠ ਕਮਿਊਨਿਸਟ ਪਾਰਟੀ ਨਾਲ ਜੁੜ ਗਏ ਤੇ ਆਪਣੀ ਸਾਰੀ ਜ਼ਿੰਦਗੀ ਪਾਰਟੀ ਦੇ ਲੇਖੇ ਲਾ ਦਿੱਤੀ। ਕਿਤਾਬਾਂ ਪੜ੍ਹਨ ਦਾ ਬਾਪੂ ਜੀ ਨੂੰ ਬਹੁਤ ਸ਼ੌਕ ਸੀ ਤੇ ਸਪੀਡ ਵੀ ਕਮਾਲ ਸੀ। ਕਿਤਾਬ ਨੂੰ ਹੱਥਾਂ 'ਚ ਉਲਟ-ਪਲਟ ਕੇ ਦੋ-ਚਾਰ ਥਾਵਾਂ ਤੋਂ ਪੜ੍ਹ ਕੇ ਹੀ ਉਹ ਕਿਤਾਬ ਦਾ ਨਿਚੋੜ ਕੱਢ ਦਿੰਦੇ ਸੀ। ਉਹ ਬਹੁਤ ਕੁਝ ਲਿਖਣਾ ਵੀ ਚਾਹੁੰਦੇ ਸੀ। ਪੂਰੀਆਂ ਚਾਰ ਕਿਤਾਬਾਂ ਦਾ ਮੈਟਰ ਉਹਨਾਂ ਦੇ ਜ਼ਿਹਨ ਵਿਚ ਸੀ ਤੇ ਇਕ ਨਾਵਲ ਜਿਸਦੇ ਕੁਝ ਅੰਸ਼ ਉਹਨਾਂ ਮੈਨੂੰ ਸੁਣਾਏ ਵੀ ਸੀ। ਅੱਜਕੱਲ ਉਹ ਤਰਲੋਮੱਛੀ ਹੋ ਰਹੇ ਸਨ ਕਿ ਕੋਈ ਉਹਨਾਂ ਦਾ ਮੈਟਰ ਲਿਖ ਦੇਵੇ। ਹੈਪੀ ਵੀ ਵਿਹਲਾ ਨਹੀਂ ਸੀ। ਇਸ

ਲਈ ਉਹ ਸਭ ਕੁਝ ਉਹਨਾਂ ਦੇ ਨਾਲ ਹੀ ਚਲਾ ਗਿਆ। 'ਘੋਲੀਏ' ਰਹਿੰਦੇ ਬਾਪੂ ਜੀ ਹੁਣ ਨਾਲੋਂ ਕਾਫ਼ੀ ਸੌਖੇ ਸੀ। ਅਸੀਂ ਵੀ ਝੱਟ ਜਾ ਆਉਂਦੇ ਸਾਂ। ਆਂਢ-ਗੁਆਂਢ ਤੇ ਦੂਰ-ਦੁਰਾਡੇ ਪਿੰਡਾਂ ਤੋਂ ਵੀ ਉਹਨਾਂ ਨੂੰ ਮਿਲਣ ਵਾਲੇ ਆਏ ਰਹਿੰਦੇ ਸਨ। ਜੱਦੀ ਪਿੰਡ ਹੋਣ ਕਰਕੇ ਉਹਨਾਂ ਨੂੰ ਬੱਚਾ-ਬੱਚਾ ਜਾਣਦਾ ਸੀ। ਪਰ ਬਾਪੂ ਜੀ ਨੂੰ ਵਹਿਮ ਸੀ ਕਿ ਉਹਨਾਂ ਦੇ ਸਾਰੇ ਦੋਸਤ ਬਠਿੰਡੇ ਰਹਿੰਦੇ। ਦੂਜਾ ਮਾਂ ਅਮਰਦੀਪ ਬਿਨਾਂ ਬਹੁਤਾ ਉਦਾਸੀ ਰਹਿੰਦੀ ਸੀ। ਘੋਲੀਏ ਤਾਂ ਅਮਰਦੀਪ ਤੋਂ ਮਹੀਨੇ ਦੋ ਮਹੀਨਿਆਂ ਬਾਅਦ ਜਾਇਆ ਜਾਂਦਾ ਸੀ ਤੇ ਇਥੇ ਉਹ ਰੋਜ਼ ਵਾਂਗ ਆ ਜਾਂਦਾ ਸੀ ਪਰ ਬਾਪੂ ਜੀ ਹੋਰਾਂ ਦੀਆਂ ਇੱਛਾਵਾਂ ਹੋਰ ਵੱਧ ਗਈਆਂ ਸਨ ਕਿ ਅਮਰਦੀਪ ਦਿਨ-ਰਾਤ ਉਹਨਾਂ ਕੋਲ ਰਹੇ, ਜੋ ਕਈ ਕਾਰਨਾਂ ਕਰਕੇ ਅਸੰਭਵ ਸੀ। ਜੰਗਲ ਦੇ ਸ਼ੇਰ ਵਾਂਗ ਵਿਚਰਨ ਵਾਲਾ ਬਾਪੂ ਪਿੰਜਰੇ 'ਚ ਕੈਦ ਹੋ ਕੇ ਰਹਿ ਗਿਆ ਸੀ। ਮੈਂ ਬਥੇਰੀਆਂ ਮਿੰਨਤਾਂ ਕੀਤੀਆਂ ਸੀ ਕਿ ਇਥੇ ਹੀ ਰਹੋ ਚੰਗੇ ਰਹੋਗੇ। ਜਿਹੜੇ ਯਾਰਾਂ ਦੀਆਂ ਗੱਲਾਂ ਕਰਦੇ ਹੋ ਉਹ ਵੀ ਤਾਂ ਤੁਰਨੋਂ-ਫਿਰਨੋਂ ਨਕਾਰਾ ਹੋਣਗੇ, ਕੌਣ ਆਊ ਕੋਲ ਉੱਥੇ। ਉਦੋਂ ਮੰਨੇ ਨਹੀਂ ਤੇ ਹੁਣ ਐਨੇ ਉਦਾਸ ਹੋ ਜਾਂਦੇ ਕਿ ਜਦ ਕਦੇ ਮੈਂ ਉਦੋਂ ਦਾ ਜ਼ਿਕਰ ਕਰਦੀ ਤਾਂ ਅੱਖਾਂ ਨਮ ਕਰ ਲੈਂਦੇ ਜਾਂ ਆਖਦੇ "ਨਾ ਲੂਣ ਪਾ ਜਖ਼ਮਾਂ ਤੇ" ਉਸਤੋਂ ਬਾਅਦ ਮੈਂ ਕਦੇ ਜ਼ਿਕਰ ਨਹੀਂ ਕੀਤਾ। ਪਰ ਮੈਂ ਤੇ ਬਾਪੂ ਅੰਦਰੋਂ-ਅੰਦਰੀ ਝੂਰਦੇ ਰਹੇ। ਕਈ ਵਾਰੀ ਦਿਲ ਕਰਦਾ ਸਭ ਕੁਝ ਭੁੱਲ-ਭੁਲਾ ਕੇ ਉਹਨਾਂ ਕੋਲ ਚਲੀ ਜਾਵਾਂ ਤੇ ਰੱਜ ਕੇ ਸੇਵਾ ਕਰਾਂ। ਮੇਰੀ ਇਸ ਗੱਲ ਤੇ ਉਹ ਹੱਸਦੇ "ਕਮਲੀ ਨਾ ਹੋਵੇ ਤਾਂ ਬੁੜੇ ਦਾ ਕੀ ਆ ਕੱਲ ਨੂੰ ਅੱਖਾਂ ਮੀਟਜੂੰ ਤਾਂ ਫਿਰ ਕੀ ਕਰੇਂਗੀ।" ਹਾਲਾਤਾਂ ਤੇ ਵੀ ਗੁੱਸਾ ਆਉਂਦਾ ਸੀ, ਆਪਣਾ ਘਰ-ਬਾਰ ਹੋਵੇ ਤਾਂ ਬਾਪੂ ਨੂੰ ਆਪਣੇ ਕੋਲ ਲੈ ਆਵਾਂ। ਇੱਕ ਦਿਨ ਮੈਂ ਕੋਲ ਲਿਆਉਣ ਦੀ ਜ਼ਿੱਦ ਕੀਤੀ ਤਾਂ ਬੋਲੇ "ਐਵੇਂ ਨਾ ਐਨਾ ਫ਼ਿਕਰ ਕਰਿਆ ਕਰ। ਮੇਰਾ ਵੇਖ! ਕਿਸੇ ਨੂੰ ਮੇਰਾ ਫ਼ਿਕਰ ਨਹੀਂ ਤੇ ਤੂੰ ਕਿਉਂ ਐਨਾ ਝੂਰਦੀ ਰਹਿੰਦੀ ਆਂ। ਬਾਪੂ ਤਾਂ ਹਮੇਸ਼ਾ ਹੀ ਮੁਸੀਬਤਾਂ 'ਚ ਰਿਹਾ, ਸਾਰੀ ਲੰਘਗੀ ਥੋੜੀ ਰਹਿਗੀ, ਇਹ ਵੀ ਲੰਘਜੂ।" ਬਾਪੂ ਜੀ ਆਪਣੇ ਮੂੰਹੋਂ ਕਦੇ ਕਿਸੇ ਨੂੰ ਨਹੀਂ ਸੀ ਕਹਿੰਦੇ ਕਿ ਮੈਂ ਔਖਾ, ਮੈਨੂੰ ਸਾਂਭੋ। ਪਰ ਮੈਂ ਬਾਪੂ ਕਰਕੇ ਸਭ ਨਾਲ ਲੜਦੀ ਸਾਂ ਕਿ ਐਨਾ ਕੋਲ ਹੋ ਕੇ ਉਹਨਾਂ ਕੋਲ ਕਿਉਂ ਨਹੀਂ ਜਾਂਦੇ। ਕਿਉਂ ਕੋਈ ਉਹਨਾਂ ਕੋਲ ਰਾਤ ਨੂੰ ਨਹੀਂ ਰਹਿੰਦਾ। ਜੇ ਕਿਤੇ ਡਿੱਗ ਪਏ ਜਾਂ ਕੋਈ ਗੱਲਬਾਤ ਹੋਈ ਕੌਣ ਸਾਂਭੂ ਉਹਨਾਂ ਨੂੰ। ਇਸੇ ਗੱਲ ਤਹਿਤ ਮੈਂ ਪਿਛਲੇ ਦਿਨੀਂ ਕੁਲਵਿੰਦਰ ਦੀ ਕਲਾਸ ਲਾਈ। ਤੇ ਫਿਰ ਬਾਪੂ ਜੀ ਤੋਂ ਪੁੱਛਿਆ ਤੇ ਦੱਸਿਆ ਵੀ, "ਕਹਿੰਦੇ ਪੁੱਤਾ ਚੰਗਾ ਕੀਤਾ ਤੂੰ, ਕੀ ਪਤਾ ਆ ਜਾਵੇ। ਕੁਲਵਿੰਦਰ ਆਈ ਪਰ ਮੇਰੇ ਕਹਿਣ ਮੁਤਾਬਕ ਉਹਨਾਂ ਕੋਲ ਨਹੀਂ ਰਹੀ। ਘੰਟਾ ਕੁ ਰੁਕ ਕੇ ਚਲੀ ਗਈ। ਜਦੋਂ ਬਾਪੂ ਜੀ ਨੂੰ ਅਗਲੇ ਦਿਨ ਪੁੱਛਿਆ ਤਾਂ ਕਹਿੰਦੇ "ਹਾਂ ਪੁੱਤ, ਆਈ ਤਾਂ ਸੀ ਪਰ ਰਹੀ ਨਹੀਂ। ਇਹ ਸਭ ਏਦਾਂ ਦੇ ਈ ਆ। ਆਪਣੇ ਵਾਂਗੂੰ ਨਹੀਂ ਸੋਚ ਸਕਦਾ ਕੋਈ ਪੁੱਤ। ਚੱਲ ਛੱਡ ਤੂੰ ਫ਼ਿਕਰ ਨਾ ਕਰ।" ਸਭ ਮਜਬੂਰੀਆਂ 'ਚ ਘਿਰੇ ਰਹੇ ਤੇ ਬਾਪੂ ਸਭ ਦੇ ਫ਼ਿਕਰ ਕਰਦਾ ਤੁਰ ਗਿਆ, ਫ਼ਿਕਰਾਂ ਨੂੰ ਨਾਲ ਲੈ ਕੇ। ਦਿਲ ਵਿਚ ਹਾਲੇ ਵੀ ਬਾਪੂ ਨੂੰ ਰੱਜ-ਰੱਜ ਕੇ ਮਿਲਣ, ਗੱਲਾਂ ਕਰਨ ਦੀ ਤੜਪ ਤਾਂ ਸਾਰੀ ਜ਼ਿੰਦਗੀ ਰਹਿਣੀ। ਪਰ ਫਿਰ ਵੀ ਸ਼ੁਕਰਗੁਜ਼ਾਰ ਹਾਂ 16 ਜੂਨ ਦੇ ਉਹਨਾਂ ਚੰਦ ਪਲਾਂ ਦੀ ਜਿਨ੍ਹਾਂ 'ਚ ਮੈਂ ਬਾਪੂ ਨੂੰ ਘੁੱਟ ਕੇ ਜੱਫੀ ਪਾਈ ਤੇ ਕੁਝ ਗੱਲਾਂ ਕੀਤੀਆਂ।

(ਪਿੰਡ ਤੇ ਡਾਕ. ਭਲੂਰ, ਮੋਗਾ ਫੋਨ - 75890-33493)

## 2. ਮੇਰੇ ਹੱਥ ਉਦਾਸ ਹਨ

- ਹਰਿੰਦਰ ਬਰਾੜ

ਸਮਝ ਨਹੀਂ ਆਉਂਦੀ ਗੱਲ ਕਿੱਥੋਂ ਤੇ ਕਿਵੇਂ ਸ਼ੁਰੂ ਕਰਾਂ... ਜਿਨ੍ਹਾਂ ਨੇ ਉਂਗਲੀ ਫੜਾ ਕੇ ਚੱਲਣਾ ਸਿਖਾਇਆ, ਉਂਗਲੀ ਫੜ ਕੇ ਲਿਖਣਾ ਸਿਖਾਇਆ ਉਸ ਸ਼ਖ਼ਸੀਅਤ ਬਾਰੇ ਲਿਖਣਾ... ਹੱਥ ਆਖੇ ਨਹੀਂ ਲੱਗ ਰਹੇ। ਕਾਮਰੇਡ ਸੁਰਜੀਤ ਗਿੱਲ ਰਿਸ਼ਤੇ ਵਜੋਂ ਮੇਰੇ ਮਾਸੜ ਜੀ ਲੱਗਦੇ ਸਨ, ਪਰ ਮੈਂ ਉਹਨਾਂ ਨੂੰ 'ਅੰਕਲ



ਜੀ' ਕਹਿੰਦਾ ਸੀ। ਫਰਜ਼ਾਂ ਵਜੋਂ ਉਹ ਮੇਰੇ ਬਾਪੂ ਦੇ ਫਰਜ਼ ਵੀ ਨਿਭਾਉਂਦੇ ਸਨ ਤੇ ਦੋਸਤ ਜਾਂ ਵੱਡੇ ਭਰਾ ਦੇ ਵੀ। ਮੈਨੂੰ ਮੇਰੀ ਸੁਰਤ ਦਾ ਪਹਿਲਾ ਖਿਡੌਣਾ ਉਹਨਾਂ ਨੇ ਲਿਆ ਕੇ ਦਿੱਤਾ, ਉੱਥੇ ਪਹਿਲੀ ਕਿਤਾਬ ਵੀ ਉਹਨਾਂ ਤੋਂ ਮਿਲੀ। ਰੂਸੀ ਬੱਚਿਆਂ ਦੀਆਂ ਕਹਾਣੀਆਂ ਅਤੇ ਜਾਨਵਰਾਂ ਦੀਆਂ ਫੋਟੋਆਂ ਵਾਲੀ ਕਿਤਾਬ ਤੋਂ ਸਿਰਫ਼ ਮੈਂ ਫੋਟੋਆਂ ਹੀ ਵੇਖ ਸਕਦਾ ਸਾਂ, ਅਜੇ ਪੜ੍ਹਨਾ ਨਹੀਂ ਆਉਂਦਾ ਸੀ। ਮੈਂ ਸਾਹਿਤ ਪੜ੍ਹਨਾ ਵੀ ਉਹਨਾਂ ਤੋਂ ਸਿੱਖਿਆ ਅਤੇ ਮੈਨੂੰ ਲਿਖਣਾ ਵੀ ਉਹਨਾਂ ਨੇ ਸਿਖਾਇਆ। ਜਿਵੇਂ ਬੱਚੇ ਨੂੰ ਸਿੱਧਾ ਤੁਰਨਾ ਸਿਖਾਇਆ ਜਾਂਦਾ ਹੈ, ਉਵੇਂ ਉਹਨਾਂ ਨੇ ਕੋਰੇ ਕਾਗਜ਼ਾਂ 'ਤੇ ਮੈਨੂੰ ਸਿੱਧਾ ਲਿਖਣਾ ਸਿਖਾਇਆ। ਕਲਮ ਦੇ ਨਾਲ-ਨਾਲ ਹਥਿਆਰ ਵੀ ਮੈਂ ਪਹਿਲੀ ਵਾਰ ਉਹਨਾਂ ਕੋਲ ਹੀ ਵੇਖੇ ਸਨ ਅਤੇ ਚਲਾਉਣੇ ਸਿੱਖੇ ਸਨ। ਕਾਮਰੇਡ ਸ਼ਬਦ ਦੇ ਅਰਥ ਪਹਿਲੀ ਵਾਰ ਉਹਨਾਂ ਨੇ ਸਮਝਾਏ। ਅਸੀਂ ਹਰ ਵਿਸ਼ੇ 'ਤੇ ਖੁੱਲ ਕੇ ਗੱਲਬਾਤ ਕਰਦੇ। ਉਹਨਾਂ ਦੀ ਪਹਿਲੀ ਮੁਹੱਬਤ ਬਾਰੇ ਮੈਂ ਉਹਨਾਂ ਤੋਂ ਸੁਣ ਕੇ ਬਹੁਤ ਰੋਇਆ। ਕੋਈ ਇਨਸਾਨ ਪਿਆਰ ਇਸ ਤਰ੍ਹਾਂ ਵੀ ਕਰ ਸਕਦਾ। ਮੈਨੂੰ ਉਹ ਰੂਸੀ ਨਾਵਲਾਂ ਦੇ ਅਜਿਹੇ ਪਾਤਰਾਂ ਵਰਗੇ ਲੱਗਦੇ, ਜਿਹੜੇ ਇਸ਼ਕ ਤੇ ਲੜਾਈ ਦੇ ਫ਼ਰਕ ਨੂੰ ਚੰਗੀ ਤਰ੍ਹਾਂ ਸਮਝਦੇ ਹੁੰਦੇ ਹਨ। ਬਸ ਉਹ ਇਹੋ ਜਿਹੇ ਹੀ ਸਨ, ਸਭ ਨੂੰ ਇਕੋ ਜਿਹਾ ਪਿਆਰ ਕਰਨ ਵਾਲੇ। ਜਿਸ ਉਮਰੇ ਨੌਜਵਾਨ ਕਾਲਪਨਿਕ ਪੱਧਰ 'ਤੇ ਕਿਸੇ ਮਹਿਬੂਬ ਕੁੜੀ ਦੀ ਯਾਦ ਨਾਲ ਪਰਚੇ ਰਹਿੰਦੇ ਹਨ, ਉਸ ਉਮਰੇ 'ਅੰਕਲ ਜੀ' ਦੇ ਮੋਢੇ ਉੱਪਰ ਪਾਏ ਖੱਦਰ ਦੇ ਝੋਲੇ ਵਿਚ ਪਾਰਟੀ ਦੇ ਕੰਮਾਂ ਦੀ ਲਿਸਟ ਅਤੇ ਇਨਕਲਾਬੀ ਸਾਹਿਤ ਹੋਇਆ ਕਰਦਾ ਸੀ। ਵਿਆਹ ਤੋਂ ਬਾਅਦ ਰਵਾਇਤੀ ਬਾਪੂਆਂ ਨੂੰ ਆਪਣੇ ਪੁੱਤ ਦੀ ਖੁਸ਼ੀ ਦਾ ਚਾਅ ਅਕਸਰ ਧਰਤੀ ਨਾਲੋਂ ਉੱਚਾ ਚੁੱਕ ਦਿੰਦਾ। ਇਸ ਪੜਾਅ 'ਤੇ ਪੁੱਜੇ ਅੰਕਲ ਜੀ ਪੁੱਤ ਅਮਰਦੀਪ ਦੇ ਜਨਮ ਸਮੇਂ 'ਲੋਕ ਲਹਿਰ' ਵਿਚ ਆਪਣਾ ਕੰਮ ਮੁਕਾ ਰਹੇ ਸਨ। ਨਿੱਜ ਨਾਲੋਂ ਪਰ ਨੂੰ ਪਹਿਲ ਜੋ ਦਿੰਦੇ ਸਨ।

ਮੈਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਮੈਂ ਅਮਰਦੀਪ ਭਾਅ ਜੀ ਨਾਲੋਂ ਵੀ ਵੱਧ ਸਮਾਂ ਅੰਕਲ ਜੀ ਦੇ ਨੇੜੇ ਰਿਹਾਂ। ਅੰਕਲ ਜੀ ਵੈਸੇ ਤਾਂ ਸਾਰੀ ਉਮਰ ਵੱਖ-ਵੱਖ ਜ਼ਿਲ੍ਹਿਆਂ ਵਿਚ ਕੰਮ ਕਰਦੇ ਰਹੇ, ਪਰ ਜਦ ਉਹ ਪਿੰਡ ਰਹੇ ਤਾਂ ਮੈਂ ਲੰਮਾ ਸਮਾਂ ਉਹਨਾਂ ਦੇ ਨੇੜੇ ਰਿਹਾ। ਪਿਛਲੇ ਦਸ ਸਾਲਾਂ ਤੋਂ ਮੈਂ ਉਹਨਾਂ ਦੇ ਹੱਥ ਬਣਿਆ ਹੋਇਆ ਸੀ। ਜਿਹੜੇ ਹੱਥ ਕਦੇ ਹਥਿਆਰ ਚਲਾਉਣ ਸਮੇਂ ਨਹੀਂ ਕੰਬੇ ਸਨ, ਉਹੀ ਹੱਥ ਪਿਛਲੀ ਉਮਰ 'ਚ ਭਾਵੁਕ ਹੋ ਕੇ ਕੰਬਣ ਲੱਗ ਪਏ ਸਨ। ਇਸ ਲਈ ਉਹਨਾਂ ਮੈਨੂੰ ਆਪਣੇ ਹੱਥ ਬਣਾ ਲਿਆ। ਮੈਨੂੰ ਲਿਖਣ ਦੀ ਜਾਂਚ ਸਿੱਖਣ ਲਈ ਥੋੜ੍ਹਾ ਹੀ ਸਮਾਂ ਲੱਗਿਆ। ਪਹਿਲਾਂ-ਪਹਿਲਾਂ ਮੈਂ ਕਾਫ਼ੀ ਗਲਤੀਆਂ ਕਰ ਜਾਂਦਾ, ਪਰ ਹੌਲੀ-ਹੌਲੀ ਮੈਂ ਸਿੱਖਦਾ ਰਿਹਾ। ਅਸੀਂ ਸਾਰਾ-ਸਾਰਾ ਦਿਨ ਲਿਖੀ ਜਾਂਦੇ। ਅੰਕਲ ਜੀ ਸਮੇਂ ਦੇ ਬੜੇ ਪਾਬੰਦ ਸਨ। ਦੁਪਹਿਰ ਵੇਲੇ ਦੋ ਵਜੇ ਤੋਂ ਪੰਜ-ਸੱਤ ਮਿੰਟ ਪਹਿਲਾਂ ਜਾਂ ਪਿੱਛੋਂ ਰੋਟੀ ਆਉਂਦੀ ਤਾਂ ਜਲਦੀ ਤੇ ਲੇਟ ਦਾ ਕਾਰਨ ਪੁੱਛ ਲੈਂਦੇ। ਚਾਹ ਪੀਂਦੇ, ਰੋਟੀ ਖਾਂਦੇ ਵੀ ਮੈਨੂੰ ਬੋਲ-ਬੋਲ ਕੇ ਲਿਖਾਈ ਜਾਂਦੇ। ਜਦ ਅਸੀਂ ਬਾਹਰ ਵਿਹੜੇ ਵਿਚ ਦਰੱਖਤਾਂ ਥੱਲੇ ਬੈਠ ਕੇ ਲਿਖਦੇ ਤਾਂ ਹੋਰ ਵੀ ਕਮਾਲ ਹੁੰਦਾ। ਜਦੋਂ ਉਹ ਲਿਖਾਉਂਦੇ-ਲਿਖਾਉਂਦੇ ਪਿਸ਼ਾਬ ਕਰਨ ਉੱਠਦੇ ਤਾਂ ਇੱਕ ਲੰਮਾ ਵਾਕ ਬੋਲ ਜਾਂਦੇ। ਜਦ ਮੈਂ ਲਿਖਦਾ ਤਾਂ ਮੇਰੇ ਪੂਰਾ ਕਰਨ ਤੋਂ ਪਹਿਲਾਂ ਪਿਸ਼ਾਬ ਕਰਕੇ ਤੁਰੇ ਆਉਂਦੇ ਵੀ ਬੋਲ ਕੇ ਲਿਖਾਉਣ ਲੱਗ ਜਾਂਦੇ। ਜਦ ਕਿਸੇ ਲੇਖ ਵਿਚ ਮੈਂ ਕੋਈ ਸਵਾਲ ਪੁੱਛਦਾ ਤਾਂ ਉਥੇ ਰੋਕ ਕੇ ਮੈਨੂੰ ਸਮਝਾਉਣ ਲੱਗ ਪੈਂਦੇ ਤੇ ਲੜੀ ਉਥੋਂ ਫਿਰ ਤੋਰ ਲੈਂਦੇ। ਕਈ ਵਾਰ ਕੋਈ ਮਿਲਣ ਲਈ ਆ ਜਾਂਦਾ ਤਾਂ ਮੈਂ ਉਹਨਾਂ ਦੇ ਮਨ ਵਿਚਲੀ ਬੇਚੈਨੀ ਨੂੰ ਭਾਂਪ ਲੈਂਦਾ। ਜੇਕਰ ਕੋਈ ਦੂਰੋਂ ਆਉਣ ਵਾਲਾ ਹੁੰਦਾ ਤਾਂ ਲਿਖਣਾ ਅਗਲੇ ਦਿਨ 'ਤੇ ਪੈ ਜਾਂਦਾ ਜੇ ਕੋਈ ਰੋਜ਼ਾਨਾ ਆਉਣ ਵਾਲਾ ਨੇੜੇ ਦਾ ਹੁੰਦਾ ਤਾਂ ਕੰਮ ਪੁੱਛ ਕੇ ਇੱਕ-ਦੋ ਗੱਲਾਂ ਕਰਕੇ ਉਸਨੂੰ ਫਿਰ ਆਉਣ ਲਈ ਕਹਿ ਦਿੰਦੇ। ਅਸੀਂ ਫਿਰ ਲਿਖਣਾ ਸ਼ੁਰੂ ਕਰ ਦਿੰਦੇ। ਮਾਸੀ ਜੀ ਨੇ ਕਈ ਵਾਰ ਕਹਿਣਾ, "ਬੱਸ ਕਰੋ ਹੁਣ ਜੁਆਕ ਨੂੰ ਸਵੇਰ ਦੇ ਲਿਖਾਈ ਜਾਂਦੇ ਓ... ਆਰਾਮ ਕਰਨ ਦਿਓ ਭੋਰਾ.... ਆਪ ਤਾਂ ਤੁਸੀਂ ਅੱਕਦੇ ਥੱਕਦੇ ਨਹੀਂ....।" ਅੰਕਲ ਜੀ ਵਿਚੋਂ ਰੋਕ ਕੇ ਮੈਨੂੰ ਘੰਟੇ ਦਾ ਟਾਈਮ ਦੇ ਕੇ ਫਿਰ ਵਾਪਸ ਆਉਣ ਲਈ ਕਹਿ

ਦਿੰਦੇ। ਕਦੇ-ਕਦੇ ਤਾਂ ਮੇਰਾ ਮਨ ਇੰਨਾ ਲੱਗਦਾ ਕਿ ਮੈਂ ਘਰੇ ਨਾ ਜਾਂਦਾ ਤੇ ਉਥੇ ਹੀ ਬੈਠ ਕੇ ਕੁਝ ਹੋਰ ਪੜ੍ਹਨ ਲੱਗ ਜਾਂਦਾ, ਪਰ ਕਦੇ-ਕਦੇ ਮੈਂ ਕੋਈ ਬਹਾਨਾ ਲਾ ਕੇ ਕਿਸੇ ਪਾਸੇ ਨਿਕਲ ਜਾਂਦਾ। ਸ਼ਾਮ ਨੂੰ ਰੋਟੀ ਵੇਲੇ ਜਾ ਮੂੰਹ ਦਿਖਾਉਂਦਾ ਤਾਂ ਉਹ ਹੱਸ ਕੇ ਆਖਦੇ, "ਆਓ ਆਓ ਬਰਾੜ ਸਾਹਿਬ, ਅੱਜ ਤਾਂ ਬੜਾ ਭੱਜੇ... ਕੱਲ੍ਹ ਨੂੰ ਦਰਸ਼ਨ ਦਿਓ ਜ਼ਰਾ...।" ਕੱਲ ਨੂੰ ਮੈਂ ਫਿਰ ਕਾਬੂ ਆ ਜਾਂਦਾ ਤੇ ਲਿਖਣ ਦਾ ਕੰਮ ਫਿਰ ਸ਼ੁਰੂ ਹੋ ਜਾਂਦਾ। ਇਹਨਾਂ ਸਾਲਾਂ ਵਿਚ ਹੀ ਅੰਕਲ ਜੀ ਨੇ ਕਮਿਊਨਿਸਟ ਲਹਿਰ ਦੀਆਂ ਯਾਦਾਂ ਬਾਰੇ ਲੰਮੀ ਲੜੀ ਲਿਖੀ, ਅਨੇਕਾਂ ਕਹਾਣੀ ਸੰਗ੍ਰਹਿ ਅਤੇ ਨਾਵਲਾਂ 'ਤੇ ਰੀਵਿਊ ਲਿਖੇ, ਲਹਿਰ ਵਿਚ ਅਣਗੌਲੇ ਰਹਿ ਗਏ ਸਾਥੀਆਂ ਦੇ ਰੇਖਾ ਚਿੱਤਰ-ਨੁਮਾ ਜੀਵਨੀ ਲੇਖ ਲਿਖੇ ਜੋ 'ਨਵਾਂ ਜ਼ਮਾਨਾ' ਵਿਚ 'ਮਿੱਟੀ ਤਾਂ ਫਰੋਲ ਜੋਗੀਆ' ਸਿਰਲੇਖ ਹੇਠ ਛਪੇ। ਜਦੋਂ ਉਹਨਾਂ ਨੇ ਇਹ ਕਾਲਮ ਸ਼ੁਰੂ ਕੀਤਾ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਅੰਕਲ ਜੀ ਤੁਸੀਂ ਸਿਰਲੇਖ ਗਲਤ ਲਿਖ ਦਿੱਤਾ। ਲੋਕ ਸਾਹਿਤ ਵਿਚ ਆਉਂਦਾ 'ਮਿੱਟੀ ਨਾ ਫਰੋਲ ਜੋਗੀਆ', ਪਰ ਤੁਸੀਂ ਲਿਖਿਆ 'ਮਿੱਟੀ ਤਾਂ ਫਰੋਲ ਜੋਗੀਆ'। ਉਹਨਾਂ ਨੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਰੋਕ ਦਿੱਤਾ ਤੇ ਲੇਖ ਲਿਖਾਉਣਾ ਸ਼ੁਰੂ ਕਰ ਦਿੱਤਾ। ਲੇਖ ਖ਼ਤਮ ਹੋਣ ਤੋਂ ਬਾਅਦ ਮੈਨੂੰ ਆਪਣੇ ਆਪ ਸਮਝ ਆ ਗਈ ਕਿ ਉਹਨਾਂ ਨੇ ਅਸਲ ਵਿਚ ਇਸ ਲੋਕ ਤੁਕ ਦੇ ਅਰਥਾਂ ਨੂੰ ਬਦਲ ਦਿੱਤਾ ਸੀ। ਉਹਨਾਂ ਦਾ ਕਹਿਣਾ ਸੀ ਕਿ ਸਾਡੇ ਬਹੁਤ ਸਾਰੇ ਲਾਲ ਮਿੱਟੀ ਵਿਚ ਗੁਆਚ ਗਏ ਹਨ। ਇਸ ਗੱਲ ਤੋਂ ਡਰ ਕੇ ਕਿ ਗੁਆਚੇ ਹੋਏ ਲਾਲ ਲੱਭਣੇ ਨਹੀਂ, ਅਸੀਂ ਮਿੱਟੀ ਨਾ ਫਰੋਲੀਏ ਚੰਗੀ ਗੱਲ ਨਹੀਂ... ਸਾਨੂੰ ਮਿੱਟੀ ਫਰੋਲਣੀ ਚਾਹੀਦੀ ਹੈ, ਸ਼ਾਇਦ ਕਿਤੇ ਗੁਆਚੇ ਹੋਏ ਲਾਲ ਮੁੜ ਲੱਭ ਪੈਣ। ਇਸ ਆਸ 'ਤੇ ਉਹਨਾਂ ਨੇ ਦੁਬਾਰਾ ਮਿੱਟੀ ਫਰੋਲੀ ਅਤੇ ਲਹਿਰ ਵਿਚਲੇ ਅਣਗਿਣਤ ਗੁਆਚੇ ਲਾਲਾਂ ਨੂੰ ਲੱਭ ਕੇ ਉਹਨਾਂ ਦੇ ਕੰਮਾਂ ਨੂੰ ਸਾਡੇ ਸਭ ਦੇ ਸਾਹਮਣੇ ਪੇਸ਼ ਕੀਤਾ।

ਉਹ ਮੈਨੂੰ ਆਪਣਾ ਚੇਲਾ ਕਹਿੰਦੇ ਸਨ ਤੇ ਮੈਂ ਉਹਨਾਂ ਨੂੰ ਆਪਣਾ ਸਭ ਕੁਝ ਸਮਝਦਾ ਸੀ, ਸਮਝਦਾ ਹਾਂ ਤੇ ਸਮਝਦਾ ਰਹਾਂਗਾ। ਮੈਨੂੰ ਇਕ ਗੱਲ ਦਾ ਸਦਾ ਅਫ਼ਸੋਸ ਰਹੇਗਾ ਕਿ ਉਹ ਆਪਣੀ ਸਵੈ-ਜੀਵਨੀ 'ਮਾਂ-ਮਹਿੱਟਰ' ਲਿਖਵਾਉਣਾ ਚਾਹੁੰਦੇ ਸਨ। ਮੈਂ ਕਈ ਵਾਰ ਉਹਨਾਂ ਨੂੰ ਕਿਹਾ ਕਿ ਤੁਸੀਂ ਸਾਰੀਆਂ ਗੱਲਾਂ, ਘਟਨਾਵਾਂ ਦੀ ਤਰਤੀਬ ਬਣਾ ਲਵੋ। ਆਪਾਂ ਦਿਨ-ਰਾਤ ਲਾ ਕੇ ਜਿੰਨੇ ਸਮੇਂ 'ਚ ਲਿਖੀ ਗਈ, ਲਿਖ ਲਵਾਂਗੇ। ਬਸ ਇਹ ਮੇਰੀ ਵੀ ਦਿਲੀ ਤਮੰਨਾ ਸੀ ਕਿ ਉਹਨਾਂ ਦੀ ਸਵੈ-ਜੀਵਨੀ ਲੋਕਾਂ ਸਾਹਮਣੇ ਆਵੇ। ਹੁਣ ਮੈਂ ਇਹ ਕੋਸ਼ਿਸ਼ ਕਰਾਂਗਾ ਕਿ ਉਹਨਾਂ ਦੀ ਇਹ ਇੱਛਾ ਮੈਂ ਜੀਵਨੀ ਲਿਖ ਕੇ ਪੂਰੀ ਕਰਾਂ। ਉਹਨਾਂ ਨੇ ਹੋਰ ਕਈ ਕਿਤਾਬਾਂ ਉੱਪਰ ਲੇਖ ਲਿਖਵਾਉਣੇ ਸਨ। ਮੈਂ ਅੱਜਕੱਲ ਕਾਲਜ ਦੀ ਨੌਕਰੀ ਅਤੇ ਪੀ. ਐੱਚ. ਡੀ. ਵਿਚ ਅਜਿਹਾ ਉਲਝਿਆ ਕਿ ਉਹਨਾਂ ਨੂੰ ਕਦੇ ਆਪਣੇ ਹੱਥ ਨਾ ਦੇ ਸਕਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਉਹਨਾਂ ਤੋਂ ਬਹੁਤ ਲਿਖਵਾਇਆ, ਪਰ ਇਹ ਵੀ ਸੱਚ ਹੈ ਕਿ ਜੋ ਕੁਝ ਉਹਨਾਂ ਕੋਲ ਸੀ ਮੈਂ ਉਸਦਾ ਮਾਸਾ ਕੁ ਹੀ ਲਿਖਵਾ ਸਕਿਆ। ਉਹਨਾਂ ਨੂੰ ਇਸ ਗੱਲ ਦਾ ਬਹੁਤ ਫ਼ਿਕਰ ਸੀ ਉਹਨਾਂ ਪਿੱਛੋਂ ਉਹਨਾਂ ਦੀਆਂ ਅੰਗਰੇਜ਼ੀ ਦੀਆਂ ਕਿਤਾਬਾਂ ਦਾ ਕੀ ਬਣੇਗਾ? ਪਰ ਅੱਜਕੱਲ ਉਹ ਇਸ ਫ਼ਿਕਰ ਤੋਂ ਵੀ ਮੁਕਤ ਹੋ ਗਏ ਸਨ, ਜਦ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੀ ਹੋਣ ਵਾਲੀ ਨੂੰਹ ਅੰਗਰੇਜ਼ੀ ਸਾਹਿਤ ਪੜ੍ਹ ਲੈਂਦੀ ਹੈ। ਉਹ ਮੈਂ ਪੀ.ਐਚ.ਡੀ. ਕਰਵਾ ਕੇ ਕਿਸੇ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਵੇਖਣਾ ਚਾਹੁੰਦੇ ਸਨ। ਜਿਹੜੇ ਲੋਕ ਸਾਨੂੰ ਜਾਣਦੇ ਆ, ਉਹਨਾਂ ਨੂੰ ਪਤਾ ਹੈ ਕਿ ਮੈਂ ਅੱਜ ਜਿਹੋ ਜਿਹਾ ਵੀ ਹਾਂ, ਕੱਲ ਨੂੰ ਜਿਹੋ ਜਿਹਾ ਵੀ ਹੋਵਾਂਗਾ, ਉਹ ਸਭ ਅੰਕਲ ਜੀ ਕਰਕੇ ਹੀ ਹੋਵਾਂਗਾ। ਉਹ ਸਭ ਜਾਣਕਾਰ ਲੇਖਕ ਜਿਨ੍ਹਾਂ ਨੂੰ ਅੰਕਲ ਜੀ ਨੇ ਕੁਝ ਨਾ ਕੁਝ ਲਿਖਣ ਦਾ ਵਾਅਦਾ ਦਿੱਤਾ ਸੀ ਤੇ ਜੋ ਮੇਰੇ ਕਰਕੇ ਜਲਦੀ ਪੂਰਾ ਨਾ ਹੋ ਸਕਿਆ, ਉਹਨਾਂ ਸਾਰਿਆਂ ਦਾ ਮੈਂ ਦੋਸ਼ੀ ਹਾਂ, ਉਹ ਜੋ ਚਾਹੁਣ ਮੇਰੇ ਹੱਥਾਂ ਨੂੰ ਸਜ਼ਾ ਦੇ ਸਕਦੇ ਹਨ। ਭਵਿੱਖ ਵਿਚ ਮੈਂ ਕਈ ਅਜਿਹੇ ਕੰਮ ਪੂਰੇ ਕਰਾਂਗਾ, ਜਿਹੜੇ ਉਹਨਾਂ ਦੇ ਹੁੰਦੇ ਹੋਏ ਪੂਰੇ ਨਹੀਂ ਕਰ ਸਕਿਆ। ਫਿਲਹਾਲ ਮੇਰੇ ਹੱਥ ਉਦਾਸ ਨੇ..... •••

(ਪਿੰਡ ਤੇ ਡਾਕ. ਘੋਲੀਆਂ ਕਲਾਂ, ਮੋਗਾ)



ਯਾਦਾਂ

# ਕਾਮਰੇਡ ਸੁਰਜੀਤ ਗਿੱਲ - ਇਕ ਵਿਲੱਖਣ ਸ਼ਖ਼ਸੀਅਤ

**- ਜਗਦੇਵ ਸਿੰਘ ਧਾਲੀਵਾਲ**

ਮਰਹੂਮ ਕਾਮਰੇਡ ਸੁਰਜੀਤ ਗਿੱਲ ਬਾਰੇ ਲਿਖਣ ਸਮੇਂ ਮੇਰਾ ਗੱਲ ਭਰ ਆਇਆ। ਮੈਨੂੰ ਅਫ਼ਸੋਸ ਇਸ ਗੱਲ ਦਾ ਹੋਇਆ ਕਿ ਮੈਂ, ਉਸਦੇ ਜਿਊਂਦੇ ਜੀਅ, ਉਸ ਬਾਰੇ ਕੁਝ ਕਿਉਂ ਨਹੀਂ ਲਿਖਿਆ? ਉਹ ਇਕ ਵਿਲੱਖਣ ਸ਼ਖ਼ਸੀਅਤ ਸੀ। ਪੰਜਾਬੀ ਦੇ ਆਲੋਚਕਾਂ ਵਿਚ ਉਸ ਵਰਗਾ ਸੁਹਿਰਦ ਇਮਾਨਦਾਰ, ਸ਼ਾਇਦ ਹੀ ਕੋਈ ਹੋਵੇ। ਸਾਡੇ ਬਹੁਤੇ ਆਲੋਚਕ, ਦੇਖਾ-ਦੇਖੀ ਟਿੱਕੇ ਕੱਢਦੇ ਹਨ, ਮੂੰਹ ਮਲਾਹਜ਼ੇ ਪਾਲਦੇ ਹਨ। ਸਾਧਾਰਣ ਲੇਖਕਾਂ ਦੀ ਤੁਲਨਾ ਟਾਲਸਟਾਇ ਅਤੇ ਗੋਰਕੀ ਨਾਲ ਕਰ ਦਿੰਦੇ ਹਨ। ਪਰ ਉਹ ਅਜਿਹਾ ਆਲੋਚਕ ਨਹੀਂ ਸੀ। ਉਸਦੇ ਅੰਦਰਲਾ ਮਨੁੱਖ ਬੇਹੱਦ ਸੰਵੇਦਨਸ਼ੀਲ ਅਤੇ ਇਮਾਨਦਾਰ ਸੀ। ਮੂੰਹ ਤੇ ਸੱਚੀ ਗੱਲ ਕਹਿਣ, ਲਿਖਣ ਦੀ ਜੁੱਰਅਤ, ਮੈਂ ਉਸ ਵਿਚ ਦੇਖੀ ਹੈ।

ਮੇਰੀ ਉਸ ਨਾਲ, ਪਹਿਲਾਂ ਕੋਈ ਜਾਣ-ਪਛਾਣ ਨਹੀਂ ਸੀ। 1972 ਵਿਚ ਮੈਂ ..... ਬਤੌਰ ਬੀ.ਡੀ.ਓ. ਬਦਲ ਕੇ ਆਇਆ। ਬਰਨਾਲੇ ਦੇ ਲੇਖਕਾਂ ਨਾਲ ਸੰਪਰਕ ਹੋਇਆ। ਪ੍ਰੀਤਮ ਸਿੰਘ ਰਾਹੀ ਅਤੇ ਪ੍ਰੋ. ਜੋਗਾ ਸਿੰਘ ਮਰਹੂਮ ਦੇ ਯਤਨਾਂ ਸਦਕਾ ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਪੱਥਰ ਲੋਕ' ਰਵੀ ਸਾਹਿਤ ਪ੍ਰਕਾਸ਼ਨ ਨੇ ਛਾਪਿਆ। ਰਾਹੀ ਦੀ ਸਲਾਹ ਨਾਲ ਰੀਵਿਊ ਲਈ ਇਸਦੀਆਂ ਕਈ ਕਾਪੀਆਂ ਮੈਂ ਮੈਗਜ਼ੀਨਾਂ, ਅਖ਼ਬਾਰਾਂ ਅਤੇ ਵਿਦਵਾਨ ਪ੍ਰੋਫੈਸਰਾਂ, ਆਲੋਚਕਾਂ ਨੂੰ ਡਾਕ ਰਾਹੀਂ ਭੇਜੀਆਂ। ਕਿਸੇ ਨੇ ਕਿਤਾਬ ਦੀ ਪਹੁੰਚ ਰਸੀਦ ਵੀ ਭੇਜਣ ਦੀ ਖੇਚਲ ਨਹੀਂ ਕੀਤੀ। ਮਹੀਨੇ ਕੁ ਮਗਰੋਂ ਮੈਂ ਰਾਹੀ ਦੇ ਦਵਾਖਾਨੇ ਬਰਨਾਲੇ ਗਿਆ, ਕਹਿਣ ਲੱਗਾ, 'ਤੁਹਾਡੀ ਕਿਤਾਬ ਦਾ ਰੀਵਿਊ ਛਪ ਗਿਆ ਹੈ, ਲਉ ਪੜ੍ਹ ਲਵੋ।' ਮੈਂ ਹੈਰਾਨੀ ਅਤੇ ਉਤਸੁਕਤਾ ਨਾਲ, ਧੜਕਦੇ ਦਿਲ ਨਾਲ ਪੜ੍ਹਨ ਲੱਗਿਆ, ਜਿਵੇਂ ਕਿਸੇ ਜਮਾਤ ਦਾ ਨਤੀਜਾ ਵੇਖਣ ਸਮੇਂ ਹੁੰਦਾ ਹੈ। ਇਹ ਗੱਲ 1974 ਦੀ ਹੈ।

ਇਹ ਸੁਰਜੀਤ ਗਿੱਲ ਕੌਣ ਹੈ?

ਇਸਨੂੰ ਤਾਂ ਮੈਂ ਕਿਤਾਬ ਵੀ ਨਹੀਂ ਭੇਜੀ, ਇਹ ਕਿੱਥੋਂ ਦਾ ਰਹਿਣ ਵਾਲਾ ਹੈ? ਮੈਂ ਹੈਰਾਨੀ ਨਾਲ ਪੁੱਛਿਆ।

ਇਹ ਘੋਲੀਏ (ਬਾਘਾਪੁਰਾਣਾ) ਦਾ ਰਹਿਣ ਵਾਲਾ ਹੈ। ਬੜਾ ਸੁਹਿਰਦ ਬੰਦਾ ਹੈ। ਜਿਹੜੀ ਕਿਤਾਬ ਇਸਨੂੰ ਚੰਗੀ ਲੱਗੀ, ਆਪ ਕਿਤਾਬ ਲੈ ਕੇ ਲਿਖਦਾ ਹੈ। ਮੈਂ .... ਹੋ ਗਿਆ, ਜਿਨ੍ਹਾਂ ਨੂੰ ਕਿਤਾਬਾਂ ਭੇਜੀਆਂ ਸਨ, ਉਨ੍ਹਾਂ ਪਹੁੰਚ ਰਸੀਦ ਤੱਕ ਵੀ ਨਹੀਂ ਭੇਜੀ। ਇਸ ਬੰਦੇ ਨੇ ਆਪ ਕਿਤਾਬ ਲੈ ਕੇ, ਇਕੱਲੀ-ਇਕੱਲੀ ਕਹਾਣੀ ਦੇ ਗੁਣ-ਔਗੁਣਾਂ ਦੀ ਗੱਲ ਕੀਤੀ ਹੈ। ਨਹੀਂ ਤਾਂ ਅੱਜ ਕੱਲ ਦੇ ਬਹੁਤੇ ਆਲੋਚਕ, ਕਿਤਾਬ ਫਰੋਲਕੇ ਹੀ ਰੀਵਿਊ ਕਰ ਦਿੰਦੇ ਹਨ। ਇਸ ਪੁਸਤਕ ਦਾ ਰੀਵਿਊ ਕਰਦੇ ਸਮੇਂ ਦੀ ਟ੍ਰਿਬਿਊਨ ਦੇ ਰੀਵਿਊਕਾਰ ਨੇ ਇਵੇਂ ਕੀਤਾ ਸੀ। ਪੰਜਾਬੀ ਟ੍ਰਿਬਿਊਨ ਉਦੋਂ ਸ਼ੁਰੂ ਨਹੀਂ ਹੋਇਆ ਸੀ। ਮੇਰੇ ਮਨ ਵਿਚ ਉਸਨੂੰ ਮਿਲਣ ਦਾ ਇੱਛਾ ਪ੍ਰਬਲ ਹੋਈ। ਮੈਂ ਧੰਨਵਾਦ ਦੀ ਚਿੱਠੀ ਲਿਖੀ ਅਤੇ ਮਿਲਣ ਦੀ

ਇੱਛਾ ਜ਼ਾਹਿਰ ਕੀਤੀ। ਇਕ ਹਫ਼ਤੇ ਬਾਅਦ, ਕਾਰਡ ਆਇਆ। ਧੰਨਵਾਦ ਦੀ ਲੋੜ ਨਹੀਂ, ਤੂੰ ਕਿਸੇ ਐਤਵਾਰ ਪਿੰਡ ਆ ਕੇ ਮਿਲ ਸਕਦਾ ਹੈ। ਤੇਰੀ ਲਿਖਤ ਵਿਚ ਜਾਨ ਹੈ। ਫਿਊਡਲ ਬਾਰੇ ਤੇਰਾ ਅਨੁਭਵ ਬਹੁਤ ਵਧੀਆ ਹੈ। ਲਿਖੀ ਚੱਲ ਪਿੱਛੇ ਮੁੜ ਕੇ ਨਾ ਦੇਖੀ। ਚਿੱਠੀ ਪੜ੍ਹ ਕੇ ਮੇਰਾ ਹੌਂਸਲਾ ਦੂਣਾ-ਸਵਾਇਆ ਹੋ ਗਿਆ ਅਤੇ ਉਪਰੋਥਲੀ ਮੈਂ ਹੋਰ ਕਹਾਣੀਆਂ ਲਿਖਣ ਲੱਗਿਆ, ਹੌਲੀ-ਹੌਲੀ ਚਾਰ ਕਿਤਾਬਾਂ ਛਪ ਗਈਆਂ। ਮੈਂ ਕਈ ਰੁਝੇਂਵਿਆਂ ਕਰਕੇ ਉਸਦੇ ਪਿੰਡ ਨਹੀਂ ਜਾ ਸਕਿਆ। ਕੁਝ ਚਿਰ ਮਗਰੋਂ ਲਿਖਾਰੀ ਸਭਾ ਬਰਨਾਲਾ ਨੇ 'ਪੱਥਰ ਲੋਕ' ਤੇ ਗੋਸ਼ਟੀ ਰੱਖ ਲਈ। ਇਕ ਪਰਚਾ ਸੁਰਜੀਤ ਗਿੱਲ ਨੇ ਲਿਖਿਆ, ਦੂਜਾ ਕਿਸੇ ਹੋਰ ਕਾਮਰੇਡ ਭਰਾ ਆਲੋਚਕ ਨੇ। ਸੁਰਜੀਤ ਗਿੱਲ ਮਿੱਥੇ ਸਮੇਂ ਤੋਂ ਅੱਧਾ ਘੰਟਾ ਪਹਿਲਾ ਸਰਕਾਰੀ ਹਾਈ ਸਕੂਲ ਵਿਚ ਪਹੁੰਚ ਗਿਆ। ਸਾਡੀ ਪਹਿਲੀ ਮੁਲਾਕਾਤ ਹੋਈ। ਉਸਨੇ ਚਿੱਟੀ ਪੱਗ ਬੰਨ੍ਹੀ ਹੋਈ ਸੀ। ਚਿੱਟਾ ਕੁੜਤਾ-ਪਜਾਮਾ, ਪੈਰਾਂ ਵਿਚ ਧੌੜੀ ਦੀ ਜੁੱਤੀ। ਉਹ ਬਹੁਤ ਪਿਆਰ ਨਾਲ ਮਿਲਿਆ, ਜੱਫੀ ਪਾ ਕੇ। ਜਿਵੇਂ ਚਿਰਾਂ ਤੋਂ ਸਿਆਣੂੰ ਹੋਵੇ। ਅਸੀਂ ਬਗਲਗੀਰ ਹੋ ਗਏ।

ਅਫ਼ਸਰ ਹੋਣ ਕਰਕੇ ਤੇਰੀਆਂ ਕੁੱਝ ਮਜਬੂਰੀਆਂ ਹਨ। ਇਸ ਕਰਕੇ ਤੂੰ ਕਿਸੇ ਧਿਰ ਨਾਲ ਨਹੀਂ ਖੜ੍ਹਦਾ। ਇਹ ਤੇਰਾ ਗੁਣ ਹੈ, ਔਗੁਣ ਨਹੀਂ। ਮੈਂ ਨਿਰਉੱਤਰ ਹੋ ਕੇ, ਹੈਰਾਨੀ ਨਾਲ ਉਸ ਵੱਲ ਝਾਕਦਾ ਰਿਹਾ। ਇਹੋ ਜਿਹਾ ਕਾਮਰੇਡ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਦੇਖਿਆ ਸੀ। ਮੇਰਾ ਅਨੁਭਵ ਸੀ, ਬਹੁਤੇ ਕਾਮਰੇਡ (ਅਖੌਤੀ) ਬਿਨਾਂ ਕਾਰਜ ਹੀ ਟਿੰਡ ਵਿਚ ਕਾਨਾ ਪਾਈ ਰੱਖਦੇ ਹਨ। ਮੈਂ ਆਪਣੇ ਪਰਿਵਾਰ ਦਾ ਪਿਛੋਕੜ ਅਤੇ ਪਿੰਡ ਦੱਸਿਆ।

ਮੈਂ ਗਿਆ ਹਾਂ ਤੇਰੇ ਪਿੰਡ ਦਸੌਂਧਾ ਸਿੰਘ ਵਾਲਾ ਮੁਜ਼ਾਰਾ ਲਹਿਰ ਵੇਲੇ, ਜਦੋਂ ਬਟਾਈਆਂ ਬੰਦ ਕਰਨ ਦਾ ਰੌਲਾ ਪਿਆ। ਤੇਰੇ ਫਿਊਡਲ ਘਰ ਵਿਚ, ਬਿਸਵੇਦਾਰਾਂ ਦੇ ਘਰ ਦਾ ਜਨਮ ਹੈ, ਤੈਨੂੰ ਮੁਜ਼ਾਰਿਆਂ ਦੀਆਂ ਮੁਸ਼ਕਿਲਾਂ ਦਾ ਵੀ ਪਤਾ ਹੈ। ਤੂੰ ਇਸ ਬਾਰੇ ਨਾਵਲ ਲਿਖ। ਇਸ ਫੀਲਡ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜਦੋਂ ਤੇਰੇ ਪਿੰਡ ਚੌਵੀਂ (424) ਲੱਗੀ ਹੈ, 'ਰਾਓ' ਆਇਆ, ਉਦੋਂ ਮੈਂ ਬਾਪਲੇ ਸੇਵਾ ਸਿੰਘ (ਕਾਮਰੇਡ) ਕੋਲ ਠਹਿਰਿਆ ਹੋਇਆ ਸੀ। ਸਾਨੂੰ ਦੋਹਾਂ ਨੂੰ ਮਹਿਲਕਲਾਂ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਉਦੋਂ ਬਰਨਾਲੇ ਐਸ. ਪੀ. ਵੀ ਬਿਸਵੇਦਾਰ ਸੀ, ਉਹ ਕਿੰਨਾ ਚਿਰ ਘਰਦਿਆਂ ਵਾਂਗ ਗੱਲਾਂ ਕਰਦਾ ਰਿਹਾ। ਨੇੜਤਾ ਦਿਨੋ-ਦਿਨ ਵੱਧਦੀ ਗਈ, ਮੈਂ ਨਾਵਲ ਲਿਖਣਾ ਸ਼ੁਰੂ ਕੀਤਾ। ਉਸਨੇ ਉਹਨਾਂ ਦਾ ਗੰਭੀਰ ਨੋਟਿਸ ਲਿਆ। 'ਕਾਲੇ ਦਿਨ' ਬਾਰੇ ਇਕ ਲੰਬਾ ਆਲੋਚਨਾਤਮਕ ਲੇਖ 'ਚਿਰਾਗ਼' ਵਿਚ ਲਿਖਿਆ। ਮੇਰੇ ਦੋ ਨਾਵਲਾਂ 'ਕਾਲੇ ਦਿਨ' ਅਤੇ 'ਚੰਗੇ ਦਿਨਾਂ ਦੀ ਉਡੀਕ' ਨੂੰ ਆਪਣੀ ਪੁਸਤਕ ਪੰਜਾਬੀ ਨਾਵਲ ਅਤੇ ਮਾਰਕਸਵਾਦ ਵਿਚ ਥਾਂ ਦਿੱਤੀ, ਕਨਕੁਤੀਏ ਅਤੇ ਮੌਰਿਸ ਗੈਰਮੌਰੁਸ ਦੀ ਵਿਆਖਿਆ ਕੀਤੀ।

ਜਦੋਂ ਮੈਂ ਖਾੜਕੂਵਾਦ ਤੇ 'ਚੰਗੇ ਦਿਨਾਂ ਦੀ ਉਡੀਕ' ਲਿਖਿਆ, ਉਸਦਾ ਖਤ ਆਇਆ – ਨਾਵਲ ਵਧੀਆ ਹੈ, ਕਹਾਣੀ-ਰਸ ਵੀ ਹੈ, ਪਰ ਤੂੰ ਉਲਾਰ ਹੋ ਗਿਆ ਹੈ। ਮੈਂ ਉੱਤਰ ਦਿੱਤਾ, ਉਲਾਰ ਕਿਵੇਂ ਕਦੋਂ ਹੁੰਦਾ। ਮੈਂ ਇਹ ਸਾਰਾ ਕੁਝ ਪਿੰਡੇ ਤੇ ਹੰਢਾਇਆ ਹੈ।



ਜਦੋਂ ਵੀ ਉਹ ਮਿਲਦਾ, ਹਮੇਸ਼ਾ ਪੁੱਛਦਾ – ਕੀ ਨਵਾਂ ਲਿਖ ਰਿਹਾ ਹੈ? ਸੁਰਜੀਤ ਬਰਾੜ ਨੂੰ ਸਾਰੇ ਨਾਵਲ ਭੇਜਦੇ, ਉਹ ਤੇਰੇ ਬਾਰੇ ਲਿਖਣਾ ਚਾਹੁੰਦਾ ਹੈ, ਘੌਲ ਨਾ ਕਰੀਂ। ਉਹ ਜਦ ਵੀ ਕਿਸੇ ਲੇਖਕ ਨੂੰ ਮਿਲਦਾ ਬਹੁਤ ਉਤਸ਼ਾਹ ਦਿੰਦਾ, ਥਾਪੀ ਦਿੰਦਾ।

ਬਾਈ ਸਾਲ ਪਹਿਲਾਂ ਸਭਿਆਚਾਰਕ ਮੰਚ ਕੰਗਣਵਾਲ ਨੇ ਉਸਦਾ ਸਨਮਾਨ ਕੀਤਾ। ਪੋਹ ਮਾਘ ਦਾ ਮਹੀਨਾ ਸੀ, ਅੰਤ ਦੀ ਠੰਡ ਸੀ। ਅਸੀਂ ਅੱਧੀ ਰਾਤ ਨੂੰ ਜਦੋਂ ਘਰ ਆਏ, ਮੈਂ ਪੁੱਛਿਆ, 'ਵਿਸਕੀ ਜਾਂ ਬਰਾਂਡੀ?'

"ਬਿਲਕੁਲ ਨਹੀਂ। ਸਵੇਰੇ ਪੰਜ ਵਜੇ ਚਾਹ ਪਿਲਾ ਦੇਈ, ਮੈਂ ਪਹਿਲੀ ਬੱਸ ਤੇ ਪਟਿਆਲੇ ਜਾਣੈਂ।"

ਉਸਦੀ ਉਹ ਰਾਤ, ਮੇਰੇ ਘਰ ਆਖ਼ਰੀ ਰਾਤ ਸੀ। ਮੁੜ ਇਧਰ ਨਹੀਂ ਆਇਆ ਸੀ। ਪਰ ਸਾਡੀਆਂ ਮੁਲਾਕਾਤਾਂ ਅਕਸਰ ਸਾਹਿਤਕ ਸਮਾਗਮਾਂ ਤੇ ਹੁੰਦੀਆਂ ਰਹਿੰਦੀਆਂ। ਹਮੇਸ਼ਾ ਉਸਦਾ ਪਹਿਲਾ ਸਵਾਲ ਹੁੰਦਾ।

– ਜਸਦੇਵ ਕੀ ਲਿਖ ਰਿਹਾ ਹੈ?

– ਆਲੋਚਕਾਂ ਤੋਂ ਨਿਰਾਸ਼ ਹਾਂ। ਬਿਨਾਂ ਕਿਤਾਬ ਪੜ੍ਹਿਆ ਹੀ ਲਿਖੀ ਜਾਂਦੇ ਹਨ। ਦੇਖ-ਦੇਖ ਟਿੱਕੇ ਕੱਢਦੇ ਹਨ।

"ਤੂੰ ਮੈਨੂੰ ਦੱਸ ਦੁਨੀਆਂ ਵਿਚ ਕਦੇ ਕਿਸੇ ਆਲੋਚਕ ਨੇ ਕੋਈ ਲੇਖਕ ਪੈਦਾ ਕੀਤਾ ਹੈ? ਲੇਖਕ ਆਲੋਚਕਾਂ ਨੂੰ ਪੈਦਾ ਕਰਦੇ ਹਨ। ਘਬਰਾਉਣ ਦੀ ਲੋੜ ਨਹੀਂ, ਲਿਖੀ ਚਲ।" ਉਸਨੇ ਹੌਂਸਲਾ ਦਿੱਤਾ।

ਫਿਰ ਸਿਹਤ ਢਿੱਲੀ ਰਹਿਣ ਕਰਕੇ ਉਸਦਾ ਸਮਾਗਮਾਂ ਤੇ ਆਉਣਾ ਘੱਟ ਗਿਆ। ਉਹ ਆਪਣੇ ਬੇਟੇ ਅਮਰਦੀਪ ਕੋਲ ਬਠਿੰਡੇ ਚਲਾ ਗਿਆ।

ਮੇਰੇ ਪੁਰਾਣੇ ਮਿੱਤਰ ਮਾਸਟਰ ਸੁਖਦੇਵ ਸਿੰਘ ਆਰਟਿਸਟ ਦੀ ਪਹਿਲੀ ਪੁਸਤਕ ਛਪੀ। ਉਸਨੇ ਬਠਿੰਡੇ ਗੋਸ਼ਟੀ ਰੱਖੀ। ਮੈਂ ਇਕ ਕਿਤਾਬ ਸੁਰਜੀਤ ਗਿੱਲ ਨੂੰ ਦੇਣ ਲਈ ਕਿਹਾ। ਬਿਮਾਰੀ ਦੀ ਹਾਲਤ ਵਿਚ ਵੀ ਉਸਨੇ ਉਹ ਕਿਤਾਬ ਨਿੱਠ ਕੇ ਪੜ੍ਹੀ ਅਤੇ ਗੋਸ਼ਟੀ ਸਮੇਂ ਬਿਮਾਰੀ ਦੀ ਹਾਲਤ ਵਿਚ ਵੀ ਉਹ ਗੋਸ਼ਟੀ ਤੇ ਗਿਆ ਅਤੇ ਬੋਲਿਆ ਵੀ। ਇਹ ਉਸਦੀ ਆਖ਼ਰੀ ਗੋਸ਼ਟੀ ਸੀ।

ਇਕ ਦਿਨ ਸਵੇਰੇ ਬਠਿੰਡੇ ਤੋਂ ਫੋਨ ਆਇਆ,

ਸੁਰਜੀਤ ਗਿੱਲ ਨਹੀਂ ਰਿਹਾ। ਮੇਰੀਆਂ ਅੱਖਾਂ ਭਰ ਆਈਆਂ। ਮੈਂ ਕਿੰਨਾ ਚਿਰ ਮਸੋਸਿਆ ਬੈਠਾ ਰਿਹਾ, ਸੋਚਦਾ ਰਿਹਾ।

– ਉਸਦੀ ਖਾਲੀ ਥਾਂ ਕੌਣ ਭਰੇਗਾ? ਹੈ ਕੋਈ?

ਸ਼ਾਇਦ ਕੋਈ ਵੀ ਉਸਦੀ ਖਾਲੀ ਥਾਂ ਨੂੰ ਨਹੀਂ ਭਰ ਸਕਦਾ, ਨਹੀਂ ਭਰ ਸਕਦਾ।

ਮੈਂ ਕਿੰਨਾ ਚਿਰ ਉਦਾਸ ਮਨ ਨਾਲ ਬੈਠਾ ਸੋਚਦਾ ਰਿਹਾ, ਨਵਾਂ ਨਾਵਲ 'ਅਧੂਰੇ ਰਿਸ਼ਤੇ' ਉਸਨੂੰ ਕਿਹੜੇ ਸਿਰਨਾਵੇਂ ਤੇ ਭੇਜਾਂ। •••

**ਸਟੇਡੀਅਮ ਰੋਡ, ਮਲੇਰਕੋਟਲਾ (ਸੰਗਰੂਰ) ਮੋ. 94177-41788**

ਮੁਲਾਂਕਣ

# ਸੁਰਜੀਤ ਗਿੱਲ ਦਾ ਨਾਵਲੀ ਚਿੰਤਨ

- ਡਾ. ਟੀ. ਆਰ. ਵਿਨੋਦ

ਕਾਮਰੇਡ ਸੁਰਜੀਤ ਗਿੱਲ ਖਾਂਦੇ-ਪੀਂਦੇ ਜੱਟ-ਸਿੱਖ ਕਿਸਾਨ ਘਰਾਣੇ ਦਾ ਜੰਮ-ਪਲ ਹੈ। ਜੱਟ ਹੋਣ ਕਰਕੇ ਉਸਦੇ ਆਪੇ ਵਿਚ ਜੱਟਕੀ ਹਉਂ, ਸਿੱਖ ਹੋਣ ਕਰਕੇ ਧਾਰਮਿਕ ਤੰਗਨਜ਼ਰੀ ਅਤੇ ਕਿਸਾਨ ਹੋਣ ਕਰਕੇ ਮਾਲਕੀ ਦੀ ਹੈਂਕੜ ਦਾ ਅਹਿਸਾਸ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਖੁਸ਼ਹਾਲ ਘਰ ਦਾ ਜੀਅ ਹੋਣ ਸਦਕਾ ਉਸ ਵਿਚ ਸੁਖਮਈ ਜੀਵਨ ਹੰਢਾਉਣ ਦੀ ਲਾਲਸਾ ਹੋਣੀ ਚਾਹੀਦੀ ਹੈ। ਅਜਿਹੇ ਪਿਛੋਕੜ ਵਾਲੇ ਕਿਸੇ ਵੀ ਮਨੁੱਖ ਦੇ ਆਪੇ ਵਿਚ ਇਹਨਾਂ ਚਾਰੇ ਵਸਫਾਂ ਦੀ ਹੋਂਦ ਸਹਿਜ-ਸੁਭਾਵਕ ਵਰਤਾਰਾ ਹੈ ਜਿਹਾ ਕਿ ਇਸ ਪਿਛੋਕੜ ਵਿਚੋਂ ਆਏ ਕਾਮਰੇਡਾਂ ਦਾ ਅਕਸਰ ਰਿਹਾ ਹੈ। ਇਹ ਕਾਮਰੇਡ ਵਰ੍ਹਿਆਂ-ਬੱਧੀ ਕਮਿਊਨਿਸਟ ਲਹਿਰ ਦੇ ਕੁਲ-ਵਕਤੀ, ਜੁਜ਼-ਵਕਤੀ ਕਾਰਕੁੰਨ ਰਹਿਣ ਜਾਂ ਸੁਹਿਰਦ ਹਮਦਰਦ ਹੋਣ ਦੇ ਬਾਵਜੂਦ, ਚਾਹੁੰਦੇ ਹੋਏ ਵੀ ਆਪਣੀ ਸ਼ਖ਼ਸੀਅਤ ਨੂੰ ਇਨ੍ਹਾਂ ਖਾਸਿਆਂ ਤੋਂ ਮੁਕਤ ਨਹੀਂ ਕਰ ਸਕੇ। ਇਹ ਖਾਸੇ ਉਨ੍ਹਾਂ ਦੇ ਨਿੱਤ-ਦਿਹਾੜੀ ਦੇ ਕਾਰ-ਵਿਹਾਰ ਜਾਂ ਵਿਵਸਥਾ ਵਿਰੋਧੀ ਜੱਦੋ-ਜਹਿਦ ਦੇ ਦੌਰਾਨ ਵੀ ਜ਼ਾਹਿਰ ਹੁੰਦੇ ਰਹੇ ਹਨ। ਜਦਕਿ ਚੋਣ ਦੀ ਰਾਜਨੀਤੀ ਘੜਦੇ ਸਮੇਂ ਤਾਂ ਇਹ ਨੰਗੇ-ਚਿੱਟੇ ਮੂੰਹ ਨੱਚਦੇ ਹਨ।

ਮੇਰੀ ਸਮਝ ਅਨੁਸਾਰ ਪੰਜਾਬ ਵਿਚ ਕਮਿਊਨਿਸਟ ਲਹਿਰ ਦੀਆਂ ਜੜ੍ਹਾਂ ਕਾਮਰੇਡਾਂ ਦੀਆਂ ਇਨ੍ਹਾਂ ਕਮਜ਼ੋਰੀਆਂ ਕਰਕੇ ਵੀ ਨਹੀਂ ਲੱਗ ਸਕੀਆਂ। ਉਹ ਵਿਰਸੇ ਵਿਚੋਂ ਮਿਲੀ ਆਪਣੀ ਇਸ ਤਰ੍ਹਾਂ ਦੀ ਸੋਚ ਤੋਂ ਪਿੱਛਾ ਨਹੀਂ ਛੁਡਾ ਸਕੇ। ਨਿਰਸੰਦੇਹ, ਉਹ ਆਪਣੇ ਆਪ ਤੋਂ ਉੱਪਰ ਉਠ ਕੇ ਲਹਿਰ ਦੀ ਸੇਵਾ ਤਾਂ ਕਰਦੇ ਰਹੇ ਹਨ ਪਰ ਆਪਣੇ ਆਪੇ ਨੂੰ ਉੱਪਰ ਉਠਾ ਕੇ ਵਿਹੂਣਿਆਂ ਦੀ ਜਮਾਤ ਨਾਲ ਪੱਕੀ ਪੀਡੀ ਸਾਂਝ ਨਹੀਂ ਬਣਾ ਸਕੇ।

ਕਮਿਊਨਿਸਟ ਲਹਿਰ ਦੇ ਆਗੂਆਂ ਦਾ ਆਪਣੀ ਜਮਾਤ ਨੂੰ ਛੱਡ ਕੇ ਦੱਬੀਆਂ-ਕੁਚਲੀਆਂ ਪਰ ਇਨਕਲਾਬੀ ਜਮਾਤਾਂ ਦਾ ਪੱਕਾ-ਪੀਡਾ ਸੰਗ-ਸਾਥ ਨਾ ਅਪਣਾ ਸਕਣਾ ਸੰਸਾਰ ਪੱਧਰ 'ਤੇ ਆਏ ਸਮਾਜਵਾਦੀ ਇਨਕਲਾਬਾਂ ਦੇ ਨਿਘਾਰ ਦਾ ਵੀ ਵੱਡਾ ਇਤਿਹਾਸਕ ਕਾਰਨ ਸਿੱਧ ਹੋਇਆ ਹੈ। ਪੰਜਾਬੀ ਦੀ ਪ੍ਰਗਤੀਵਾਦੀ-ਮਾਰਕਸਵਾਦੀ ਆਲੋਚਨਾ ਨੂੰ ਵੀ ਇਨ੍ਹਾਂ ਬੁੱਧੀਜੀਵੀਆਂ ਦੀ ਇਸ ਦੁਰਬਲਤਾ ਦਾ ਦੁਖਾਂਤ ਭੋਗਣਾ ਪਿਆ / ਪੈ ਰਿਹਾ ਹੈ। ਸੰਸਾਰ ਪੱਧਰ ਤੇ ਆਏ ਸਮਾਜਵਾਦੀ ਇਨਕਲਾਬਾਂ ਵਿਚੋਂ ਸਭ ਤੋਂ ਪਹਿਲਾਂ ਇਨਕਲਾਬ ਲੈਨਿਨ ਦੀ ਬਾਲਸ਼ਵਿਕ ਪਾਰਟੀ ਦੀ ਅਗਵਾਈ ਵਿਚ ਰੂਸ ਵਿਚ ਆਇਆ ਸੀ। ਪਰ ਲੈਨਿਨ ਦੇ ਦਿਹਾਂਤ ਉਪਰੰਤ ਸਟਾਲਿਨ ਦੀ ਰਾਜਸੱਤਾ ਦੇ ਦੌਰ ਵਿਚ ਹੀ ਇਸ ਨੂੰ ਢਾਹ ਲੱਗਣੀ ਸ਼ੁਰੂ ਹੋ ਗਈ ਸੀ। ਸਟਾਲਿਨ ਦੀ ਮੌਤ ਪਿੱਛੋਂ ਤਾਂ ਰੂਸੀ ਕਮਿਊਨਿਸਟ ਪਾਰਟੀ ਦੀ ਵੀਹਵੀਂ ਕਾਂਗਰਸ ਵਿਚ ਖਰੁਸ਼ਚੇਵ ਨੇ ਜਿਸ ਉਦਾਰਵਾਦੀ ਨੀਤੀ ਦਾ ਐਲਾਨ ਕੀਤਾ ਸੀ, ਉਹ ਭਾਵੇਂ ਉਪਰੋਂ-ਉਪਰੋਂ ਸਟਾਲਿਨ ਦੀਆਂ ਕੱਟੜਵਾਦੀ ਨੀਤੀਆਂ ਦਾ ਹੀ ਪ੍ਰਤੀਕਰਮ ਪ੍ਰਤੀਤ ਹੁੰਦਾ ਸੀ, ਪਰ ਇਸ ਨੇ ਮਾਰਕਸ ਦੇ ਚਿਤਵੇ ਸਮਾਜਵਾਦ ਨੂੰ ਅਣਕਿਆਸੀ ਢਾਹ ਲਾਉਣੀ ਸ਼ੁਰੂ ਕਰ ਦਿੱਤੀ ਅਤੇ ਰੂਸ ਵਿਚ ਸਮਾਜਵਾਦ ਦੇ ਉਹਲੇ ਸਰਮਾਏਦਾਰੀ ਦੀਆਂ ਲੋਕ ਵਿਰੋਧੀ ਕਦਰਾਂ-ਕੀਮਤਾਂ ਪ੍ਰਫੁੱਲਤ ਹੋਣ ਲੱਗ ਪਈਆਂ। ਇਹੀ ਹਾਲ ਚੀਨ ਵਿਚ ਵੀ ਮਾਓ-ਜੇ-ਤੁੰਗ ਦੀ ਮੌਤ ਪਿੱਛੋਂ ਹੋਇਆ ਅਤੇ ਯੂਰਪ ਦੇ ਸਮਾਜਵਾਦੀ ਮੁਲਕ ਵੀ ਇਹਨਾਂ ਕਦਰਾਂ-ਕੀਮਤਾਂ ਦੇ



ਸ਼ਿਕਾਰ ਹੋ ਗਏ।

ਪਰ ਸੁਰਜੀਤ ਗਿੱਲ ਉਨ੍ਹਾਂ ਖਰੇ ਕਾਮਰੇਡਾਂ ਵਿਚੋਂ ਹੈ ਜਿਹੜੇ ਮਾਰਕਸਵਾਦ ਦੇ ਅਧਿਐਨ ਅਤੇ ਲੋਕ-ਲਹਿਰ ਦੇ ਅਮਲੀ ਤਜ਼ਰਬੇ ਦੀ ਰੌਸ਼ਨੀ ਵਿਚ ਆਪਣੇ ਵਿਰਸੇ ਦੇ ਮੋਹ ਤੋਂ ਪਿੱਛਾ ਛੁਡਾ ਕੇ ਸੱਚੇ-ਸੁੱਚੇ ਮਾਰਕਸਵਾਦੀ ਹੋ ਨਿਬੜੇ। ਸੁਰਜੀਤ ਗਿੱਲ ਬਹੁਤ ਛੋਟੀ ਉਮਰ ਵਿਚ ਤੇਜਾ ਸਿੰਘ ਸੁਤੰਤਰ ਹੋਰਾਂ ਦੀ ਲਾਲ ਪਾਰਟੀ ਦਾ ਮੈਂਬਰ ਬਣ ਗਿਆ ਸੀ ਅਤੇ ਪੰਜਾਹਵਿਆਂ ਵਿਚ ਅਪਣਾਈ ਕਮਿਊਨਿਸਟ ਲਹਿਰ ਦੇ ਰਾਹ ਤੋਂ ਅੱਜ ਤੱਕ ਵੀ ਉਸਦੇ ਪੈਰ ਨਹੀਂ ਉਖੜੇ, ਭਾਵੇਂ ਇਸ ਲਹਿਰ ਦੇ ਉਤਰਾਅ-ਚੜ੍ਹਾਅ ਦਾ ਉਸਦੇ ਅਮਲੀ ਕਾਰਜ 'ਤੇ ਅਸਰ ਹੁੰਦਾ ਰਿਹਾ ਹੈ ਅਤੇ ਉਹ ਲਹਿਰ ਦੇ ਇਕ ਰੂਪ ਨੂੰ ਛੱਡ ਕੇ ਦੂਸਰੇ ਨੂੰ ਅਪਣਾਉਂਦਾ ਰਿਹਾ ਹੈ। ਅਮਲੀ ਜੀਵਨ ਦੇ ਇਸ ਲੰਮੇ ਅਰਸੇ ਦੌਰਾਨ ਉਹ ਲਗਾਤਾਰ ਮਾਰਕਸਵਾਦ ਦਾ ਅਧਿਐਨ ਵੀ ਕਰਦਾ ਰਿਹਾ ਹੈ, ਤੇ ਨਾਲੋਂ-ਨਾਲ ਲੋਕਮੁਖੀ ਸਿਰਜਣੀ ਸਾਹਿਤ ਵੀ ਪੜ੍ਹਦਾ-ਮਾਣਦਾ ਰਿਹਾ ਹੈ। ਸਿੱਟੇ ਵਜੋਂ ਉਸਦੀ ਮਾਰਕਸਵਾਦੀ ਆਲੋਚਨਾ ਦੀ ਸਮਝ ਤਿੱਖੀ ਤੋਂ ਤਿਖੇਰੀ ਹੁੰਦੀ ਗਈ ਹੈ। ਉਹ ਸਿਧਾਂਤ ਅਤੇ ਅਮਲ ਦੇ ਸੰਵਾਦੀ ਸੰਬੰਧਾਂ ਵਿਚ ਭਰੋਸਾ ਰੱਖਣ ਕਰਕੇ ਮਾਰਕਸਵਾਦ ਦੇ ਇਸ ਅਸੂਲ ਦਾ ਹਾਮੀ ਰਿਹਾ ਹੈ ਕਿ 'ਸਿਧਾਂਤ ਦਾ ਫਲ ਅਮਲ ਦੇ ਰੁੱਖ ਨੂੰ ਲੱਗਦਾ ਹੈ ਅਤੇ ਅਮਲ ਦੀ ਰੌਸ਼ਨੀ ਵਿਚ ਸਿਧਾਂਤ ਨਿਖਰਦਾ ਹੈ। ਪੰਜਾਬੀ ਆਲੋਚਨਾ ਦੇ ਖੇਤਰ ਵਿਚ ਉਸਦਾ ਪਰਵੇਸ਼ ਇਸ ਪਹਿਲੂ ਤੋਂ ਸੱਚੀ-ਮੁੱਚੀ ਪ੍ਰਸ਼ੰਸਾ ਦਾ ਹੱਕਦਾਰ ਹੈ।

ਹਥਲੀ ਪੁਸਤਕ 'ਮਾਰਕਸਵਾਦ ਤੇ ਪੰਜਾਬੀ ਨਾਵਲ' ਉਸਦੇ ਹਮਖ਼ਿਆਲ ਮਿੱਤਰ ਦਰਸ਼ਨ ਸਿੰਘ ਗਿੱਲ ਨੇ ਸੰਪਾਦਿਤ ਕੀਤੀ ਹੈ। ਪੁਸਤਕ ਵਿਚ ਪੰਜਾਬੀ ਦੇ ਸਥਾਪਿਤ ਅਤੇ ਨਵੇਂ ਨਾਵਲਕਾਰਾਂ ਦੇ 33 ਨਾਵਲਾਂ ਬਾਰੇ ਲੇਖ ਸ਼ਾਮਿਲ ਹਨ। ਇਹਨਾਂ ਲੇਖਾਂ ਦੇ ਲੇਖਕ ਅਤੇ ਕਿਤਾਬ ਦੇ ਸੰਪਾਦਕ ਗਿੱਲਾਂ ਵਿਚਕਾਰ ਵਿਚਾਰਧਾਰਾ ਦੀ ਸਾਂਝ ਹੈ ਜਿਸ ਕਰਕੇ ਇਹ ਲੇਖ ਖ਼ਾਸ ਕਿਸਮ ਦੇ ਸਾਂਝੇ ਸੁਭਾਅ ਦੇ ਧਾਰਨੀ ਹਨ। ਪਾਠ-ਮੂਲਕ ਸਮੀਖਿਆ ਵਿਧੀ ਦੇ ਬੁਨਿਆਦੀ ਅਸੂਲਾਂ ਨੂੰ ਸੁਰਜੀਤ ਗਿੱਲ ਨੇ ਮਾਰਕਸਵਾਦੀ ਆਲੋਚਨਾ ਦ੍ਰਿਸ਼ਟੀ ਦੀ ਰੌਸ਼ਨੀ ਵਿਚ ਵਰਤਿਆ ਹੈ। ਸਿੱਟੇ ਵਜੋਂ ਪਾਠ-ਮੂਲਕ ਆਲੋਚਨਾ ਵਿਧੀ ਨਿਰਪੇਖ ਅਕਾਦਮਿਕਤਾ ਦੇ ਘੇਰੇ ਵਿਚੋਂ ਨਿਕਲ ਕੇ ਪ੍ਰਗਤੀਵਾਦੀ-ਮਾਰਕਸਵਾਦੀ ਚਿੰਤਨ-ਵਿਧੀ ਦੇ ਦਾਇਰੇ ਦੀ ਚੀਜ਼ ਬਣ ਗਈ ਹੈ।

ਹਥਲੀ ਕਿਤਾਬ ਵਿਚ ਸ਼ਾਮਿਲ ਕੁਝ ਲੇਖਾਂ ਵਿਚ ਉਸਦੀ ਇਹ ਵਿਧੀ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਕਿ ਇਸ ਗੱਲ ਦੀ ਲਖਾਇਕ ਹੈ ਕਿ ਸੁਰਜੀਤ ਗਿੱਲ ਕੋਲ ਮਾਰਕਸਵਾਦੀ ਚਿੰਤਨ-ਪ੍ਰਣਾਲੀ ਦਾ ਸੋਚਿਆ ਸਮਝਿਆ ਗਿਆਨ ਹੈ ਜਿਸ ਉੱਤੇ ਉਹ ਮੁੱਢ ਤੋਂ ਅਖ਼ੀਰ ਤੱਕ ਸਾਬਤ ਕਦਮਾਂ ਨਾਲ ਤੁਰਦਾ ਹੋਇਆ ਨਜ਼ਰ ਆਉਂਦਾ ਹੈ। ਇਉਂ ਵੱਖਰੇ-ਵੱਖਰੇ ਸਮਿਆਂ 'ਤੇ ਲਿਖੇ ਹੋਣ ਦੇ ਬਾਵਜੂਦ ਇਹ ਲੇਖ ਸਾਂਝੀ ਸਮੀਖਿਆ-ਜੁਗਤ ਅਨੁਸਾਰ ਉਸਰੇ ਹੋਏ ਹਨ। ਇਹ ਜੁਗਤ ਤਿੰਨ ਜੁੜਵੇਂ ਹਿੱਸਿਆਂ ਵਿਚ ਵੰਡੀ ਨਜ਼ਰ ਆਉਂਦੀ ਹੈ। ਪਹਿਲੇ ਹਿੱਸੇ ਵਿਚ ਲੇਖਕ ਨਾਵਲਕਾਰ ਦੀ ਕਲਾ ਬਾਰੇ ਜਨਰਲ ਟਿੱਪਣੀਆਂ ਕਰਦਾ ਹੈ। ਜਿਸਦਾ ਅਰਥ ਇਹ ਹੈ ਕਿ ਉਹ ਨਾਵਲਕਾਰਾਂ ਦੀ ਸਮੁੱਚੀ ਲਿਖਤ ਦੇ ਸਾਂਝੇ ਲੱਛਣਾਂ ਤੋਂ ਵਾਕਿਫ਼ ਹੈ ਜਿਨ੍ਹਾਂ ਦੀ ਨਿਸ਼ਾਨਦੇਹੀ ਉਸ ਨੇ ਹਰੇਕ ਨਾਵਲਕਾਰ ਦੇ ਦੂਸਰੇ ਨਾਵਲ ਪੜ੍ਹ ਕੇ ਹੀ ਕੀਤੀ ਹੈ। ਲੇਖ ਦੇ ਦੂਸਰੇ ਹਿੱਸੇ ਵਿਚ ਉਹ ਕਿਸੇ ਇਕ ਨਾਵਲ ਦੀ ਰਚਨਾ-ਵਸਤੂ ਦੀ ਤਾਰਕਿਕ ਵਿਆਖਿਆ ਕਰਦਾ ਹੋਇਆ ਉਸ ਬਾਰੇ ਆਪਣੀ ਧਾਰਨਾ ਵੀ ਪ੍ਰਗਟ ਕਰਦਾ ਚਲਿਆ ਜਾਂਦਾ ਹੈ। ਇਸ ਪ੍ਰਕਾਰ ਨਾਵਲੀ ਪਾਠ ਅਤੇ ਉਸਦੇ ਚਿੰਤਨ

ਵਿਚਕਾਰ ਸਾਂਝਾ ਅਤੇ ਸਥੂਲ ਰਿਸ਼ਤਾ ਜੁੜ ਜਾਂਦਾ ਹੈ ਜਿਹੜਾ ਪਾਠਕ ਦੇ ਮਨ ਵਿਚ ਨਾਵਲੀ ਪਾਠ ਨੂੰ ਚਿੰਤਕ ਦੇ ਨਰੋਏ ਨਜ਼ਰੀਏ ਦੀ ਰੌਸ਼ਨੀ ਵਿਚ ਪੜ੍ਹਨ ਦੀ ਉਤਸੁਕਤਾ ਪੈਦਾ ਕਰ ਦਿੰਦਾ ਹੈ। ਸਮੀਖਿਆ ਦੇ ਇਸੇ ਹਿੱਸੇ ਵਿਚੋਂ ਲੇਖਕ ਦੀ ਸਮਾਜ-ਇਤਿਹਾਸ ਅਤੇ ਸਾਹਿਤ ਇਤਿਹਾਸ ਬਾਰੇ ਵਾਕਫੀਅਤ ਅਤੇ ਸਮਝ ਦੀ ਸੂਹ ਮਿਲਦੀ ਹੈ। ਇਉਂ ਪਾਠ ਅਤੇ ਪ੍ਰਸੰਗ ਦਾ ਸੰਵਾਦੀ ਸੰਬੰਧ ਹੋਂਦ ਗ੍ਰਹਿਣ ਕਰ ਲੈਂਦਾ ਹੈ। ਇਸ ਕਥਨ ਦਾ ਅਰਥ ਇਹ ਹੈ ਕਿ ਲੇਖਕ ਦੀ ਦ੍ਰਿਸ਼ਟੀ ਅਨੁਸਾਰ ਸਿਰਜਣੀ ਸਾਹਿਤ ਦਾ ਕੋਈ ਸਮਾਜਿਕ ਪ੍ਰਸੰਗ ਹੁੰਦਾ ਹੈ ਜਿਹੜਾ ਸਾਹਿਤ ਦੀ ਭੂਮੀ ਦੀ ਭੂਮਿਕਾ, ਦਸ਼ਾ ਅਤੇ ਦਿਸ਼ਾ ਮਿਥਦਾ ਹੈ।

ਪਾਠ-ਮੂਲਕ ਆਲੋਚਨਾ ਦੇ ਇਸੇ ਹਿੱਸੇ ਵਿਚ ਇਸ ਗੱਲ ਦਾ ਵੀ ਗਿਆਨ ਹੋ ਜਾਂਦਾ ਹੈ ਕਿ ਲੇਖਕ ਨਾਵਲ ਨੂੰ ਵਸਤੂ-ਜਗਤ ਦਾ ਅਨੁਕਰਨ ਨਾ ਸਮਝ ਕੇ ਇਸ ਦੀ ਕਲਾਮਈ ਸਿਰਜਣਾ ਖ਼ਿਆਲ ਕਰਦਾ ਹੈ। ਅਨੁਕਰਨ ਦੇ ਸਿਰਜਣਾ ਵਿਚ ਢਲਣ ਸਦਕਾ ਹੀ ਨਾਵਲ ਵਿਚ ਨਾਵਲਕਾਰ ਦੀ ਸਮਾਜਿਕ ਚੇਤਨਾ ਦਾ ਪ੍ਰਵੇਸ਼ ਹੁੰਦਾ ਹੈ ਜਿਸਦੇ ਲੜ ਪਾਠਕ ਸਹਿਜ ਰੂਪ ਵਿਚ ਹੀ ਲੱਗ ਜਾਂਦਾ ਹੈ।

ਨਾਵਲ ਦੇ ਵਿਸ਼ਲੇਸ਼ਣ ਦੇ ਅੰਤਲੇ ਭਾਗ ਵਿਚ ਗਿੱਲ ਨਾਵਲ ਦੀਆਂ ਕਲਾਤਮਕ ਖਾਸੀਅਤਾਂ ਨੂੰ ਸੂਤਰਬੱਧ ਰੂਪ ਵਿਚ ਪੇਸ਼ ਕਰਦਾ ਹੈ। ਇਨ੍ਹਾਂ ਖਾਸੀਅਤਾਂ ਵਿਚ ਮੁੱਖ ਤੌਰ ਤੇ ਉਹ ਭਾਸ਼ਾ, ਗੋਂਦ, ਨਾਵਲੀ ਬਣੰਤਰ ਦੇ ਵਿਕਾਸ ਅਤੇ ਕਥਾ ਦੀ ਰੌਚਕਤਾ ਦੀ ਗੱਲ ਕਰਦਾ ਹੈ। ਆਪਣੀ ਉਕਤ ਆਲੋਚਨਾ-ਵਸਤੂ ਨੂੰ ਉਹ ਨਾਵਲ ਦੇ ਸਿਰਲੇਖਾਂ ਵਿਚ ਸੂਰਤੀ ਰੂਪ ਵਿਚ ਗੁੰਦ ਕੇ ਪੇਸ਼ ਕਰਨ ਦੇ ਨਾਲ-ਨਾਲ ਲੇਖ ਦੇ ਅੰਦਰ ਵੀ ਕਈ ਥਾਈਂ ਆਪਣੀ ਸੋਚੀ-ਸਮਝੀ ਧਾਰਨਾ ਦਾ ਪ੍ਰਗਟਾਵਾ ਕਰ ਦਿੰਦਾ ਹੈ। ਮਿਸਾਲ ਵਜੋਂ ਉਹ ਨਾਨਕ ਸਿੰਘ ਦੇ ਨਾਵਲ 'ਅੱਧ ਖਿੜਿਆ ਫੁੱਲ' ਦੇ ਇਕ ਪਾਤਰ ਭਾਪਾ ਵਰਿਆਮ ਸਿੰਘ ਨੂੰ ਲੇਖ ਦੇ ਸਿਰਲੇਖ ਵਿਚ ਇਕ ਆਦਰਸ਼ਵਾਦੀ ਪਾਤਰ ਆਖਦਾ ਹੈ ਅਤੇ ਲੇਖ ਦੇ ਅੰਤਰਗਤ ਉਸਨੂੰ ਨਾਵਲ ਦਾ ਨਾਇਕ ਸਿੱਧ ਕਰਦਾ ਹੈ, ਕੰਵਲ ਦੇ ਨਾਵਲ ਮਨੁੱਖਤਾ ਦਾ ਸ਼ੀਰਸ਼ਕ ਮਨੁੱਖਤਾ ! ਕਿ ਜਮਾਤੀ ਮਨੁੱਖਤਾ? ਰੱਖਦਾ ਹੈ ਅਤੇ ਨਾਵਲ ਦੇ ਪਿੰਡੇ ਵਿਚ ਮਨੁੱਖਤਾ ਦੇ ਨਿਰਪੇਖ ਸੰਕਲਪ ਨੂੰ ਸਮਾਜਵਾਦੀ ਮਾਨਵਵਾਦ ਦੀ ਦ੍ਰਿਸ਼ਟੀ ਤੋਂ ਪਰਖਦਾ ਹੈ ਇਸੇ ਤਰ੍ਹਾਂ ਕੇਵਲ ਕਲੋਟੀ ਦੇ ਨਾਵਲ 'ਹੋਣੀ ਇਕ ਦੇਸ਼ ਦੀ-2' ਨੂੰ ਉਹ ਇਕ ਅਹਿਮ ਇਤਿਹਾਸਕ ਨਾਵਲ ਕਹਿੰਦਾ ਹੈ ਜਦਕਿ ਨਾਵਲ ਦੇ ਸੰਗਠਨ ਵਿਚ ਉਹ ਕਲੋਟੀ ਦੁਆਰਾ ਤਿਲੰਗਾਨਾ ਦੇ ਕਿਸਾਨੀ ਘੋਲ ਦੀ ਪੇਸ਼ਕਾਰੀ ਕਰਨ ਸਦਕਾ ਇਸ ਨੂੰ ਇਕ ਅਹਿਮ ਇਤਿਹਾਸਕ ਨਾਵਲ ਸਿੱਧ ਕਰਦਾ ਹੈ। ਕਰਮਜੀਤ ਕੁੱਸਾ ਦਾ ਨਾਵਲ 'ਰੋਹੀ ਬੀਆਬਾਨ' ਗਿੱਲ ਦੀਆਂ ਨਜ਼ਰਾਂ ਵਿਚ ਚੇਤਨ ਯਤਾਰਥ ਦੀ ਪੇਸ਼ਕਾਰੀ ਦਾ ਨਾਮ ਹੈ। ਜਦਕਿ ਮੀਤ ਦੇ ਨਾਵਲ 'ਸੁਧਾਰ ਘਰ' ਨੂੰ ਉਹ ਸਮਾਜਵਾਦੀ, ਯਥਾਰਥ ਦੀ ਪੇਸ਼ਕਾਰੀ ਕਹਿੰਦਾ ਹੈ।

**ਪੰਜਾਬੀ ਨਾਵਲ ਬਾਰੇ ਉਸਦੇ ਇਹ ਸਿਰਲੇਖ ਉਸਦੀ ਡੂੰਘੀ ਸਮਝ ਅਤੇ ਸੂਤਰੀ ਭਾਸ਼ਾ ਸ਼ੈਲੀ ਦੇ ਲਖਾਇਕ ਹਨ।**

ਸੁਰਜੀਤ ਗਿੱਲ ਜਾਣਦਾ ਹੈ ਕਿ ਪੰਜਾਬੀ ਨਾਵਲ ਦੀ ਪਾਲਕ ਅਤੇ ਸੰਚਾਲਕ ਪੰਜਾਬੀ ਮੱਧ ਸ਼੍ਰੇਣੀ ਦਾ ਉਦੈ ਅਤੇ ਵਿਕਾਸ ਸਾਮਰਾਜੀ ਹਾਲਤਾਂ ਅਧੀਨ ਹੋਇਆ ਹੈ। ਸਿੱਟੇ ਵਜੋਂ ਇਸ ਸ਼੍ਰੇਣੀ ਦੀ ਚੇਤਨਾ ਜਗੀਰੂ ਸਭਿਅਤਾ, ਬੁਰਜ਼ਵਾ ਧਾਰਨਾਵਾਂ ਅਤੇ ਕਿਤੇ-ਕਿਤੇ ਸਮਾਜਵਾਦੀ ਸੰਘਰਸ਼ ਦਾ ਮੁਰੱਕਬ ਬਣ ਰਹੀ ਹੈ। ਇਹ ਸ਼੍ਰੇਣੀ ਚਾਹੁੰਦੇ ਹੋਏ ਵੀ, ਅਤੀਤ, ਵਰਤਮਾਨ ਅਤੇ ਭਵਿੱਖ ਦੀਆਂ ਰਲਗੱਡ ਧਾਰਨਾਵਾਂ ਦਾ ਤਿਆਗ ਨਹੀਂ ਕਰ ਸਕੀ। ਜਿਸ ਕਰਕੇ ਇਸ ਸ਼੍ਰੇਣੀ ਦੇ ਨਾਵਲਕਾਰ ਇਸੇ ਸ਼੍ਰੇਣੀ ਦੀ ਸੋਚ ਦੇ ਹੀ ਜਾਣੇ-



ਅਣਜਾਣੇ ਸ਼ਿਕਾਰ ਰਹੇ ਹਨ। ਸੁਰਜੀਤ ਗਿੱਲ ਜਿਥੇ ਉਨ੍ਹਾਂ ਨਾਵਲਾਂ ਦੀ ਸ਼ਲਾਘਾ ਕਰਦਾ ਹੈ ਜਿਨ੍ਹਾਂ ਵਿਚ ਮੱਧ-ਵਰਗੀ ਦ੍ਰਿਸ਼ਟੀਕੋਣ ਤੋਂ ਜਾਗੀਰੂ ਸਭਿਆਚਾਰ ਦੀ ਤਨਕੀਦ ਕੀਤੀ ਗਈ ਹੈ, ਉਥੇ ਉਹ ਮਧ-ਵਰਗੀ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਉੱਤੇ ਉਂਗਲ ਧਰਦਾ ਹੋਇਆ ਇਸ ਦੀਆਂ ਖ਼ਾਮੀਆਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਇਸ ਪ੍ਰਕਾਰ ਉਹ ਸਮਾਜਜਵਾਦੀ ਯਥਾਰਥਵਾਦ ਦੀ ਪੇਸ਼ਕਾਰੀ ਦਾ ਆਦਰਸ਼ ਅਪਣਾਉਂਦਾ ਹੋਇਆ ਸਪੱਸਟ ਆਖਦਾ ਹੈ ਕਿ 'ਨਾਵਲ ਨੇ ਸਮਾਜਿਕ ਯਥਾਰਥ ਹੀ ਪੇਸ਼ ਨਹੀਂ ਕਰਨਾ ਹੁੰਦਾ ਸਗੋਂ ਇਸਨੂੰ ਸਮਾਜਵਾਦੀ ਯਥਾਰਥਵਾਦ ਦੀ ਦ੍ਰਿਸ਼ਟੀ ਤੋਂ ਪੇਸ਼ ਕਰਨਾ ਚਾਹੀਦਾ ਹੈ। ਆਪਣੀ ਇਸ ਧਾਰਨਾ ਦੀ ਪੁਸ਼ਟੀ ਲਈ ਜਿੱਥੇ ਉਹ ਕਿਰਪਾਲ ਸਿੰਘ ਆਜ਼ਾਦ ਦੇ ਨਾਵਲ 'ਸੁਪਨੇ ਤੋਂ ਸੱਚ ਤੱਕ' ਵਿਚ ਸਮਾਜਵਾਦੀ ਯਥਾਰਥ ਦਾ ਵੇਰਵਾ ਦਿੰਦਾ ਹੈ, ਉਥੇ ਉਹ ਮਿੱਤਰ ਸੈਨ ਮੀਤ ਦੇ ਨਾਵਲ 'ਸੁਧਾਰ ਘਰ' ਵਿਚਲੀ ਸਮਾਜਵਾਦੀ ਯਥਾਰਥ ਦੀ ਧਾਰਨਾ ਦੀ ਵੀ ਵਿਆਖਿਆ ਕਰਦਾ ਹੈ।

ਸੁਰਜੀਤ ਗਿੱਲ ਦੀ ਆਲੋਚਨਾ ਨੂੰ ਦੇਣ ਬਾਰੇ ਅੰਤਲੀ ਗੱਲ ਇਹ ਕਹਿਣਾ ਚਾਹਾਂਗਾ ਕਿ ਉਸਨੇ ਇਸ ਕਿਤਾਬ ਵਿਚ ਉਨ੍ਹਾਂ ਨਾਵਲਾਂ ਬਾਰੇ ਵੀ ਆਪਣੀ ਰਾਇ ਦਿੱਤੀ ਹੈ ਜਿਹੜੇ ਗੌਲੇ ਜਾਣ ਦੇ ਯੋਗ ਹੋਣ ਦੇ ਬਾਵਜੂਦ ਅਣਗੌਲੇ ਰਹਿ ਗਏ ਹਨ। ਇਸ ਪ੍ਰਸੰਗ ਵਿਚ ਕਾਮਰੇਡ ਭਾਗ ਸਿੰਘ ਸੱਜਣ ਦੇ ਇਕ ਨਾਵਲ 'ਅਣਮੁੱਕੀ ਵਾਟ ਦੇ ਚਿਰਾਗ਼' ਅਤੇ ਇਸ ਕਿਤਾਬ ਦੇ ਸੰਪਾਦਕ ਦਰਸ਼ਨ ਸਿੰਘ ਗਿੱਲ ਦੇ ਇਕੋ-ਇਕ ਨਾਵਲ 'ਸ਼ਹੀਦ' ਦਾ ਜ਼ਿਕਰ ਕਰਨਾ ਬਣਦਾ ਹੈ। ਸੱਜਣ ਦੇ ਨਾਵਲ ਬਾਰੇ ਉਹ ਲਿਖਦਾ ਹੈ ਕਿ 'ਇਹ ਨਾਵਲ ਇਕ ਕਮਿਊਨਿਸਟ ਸੰਗਰਾਮੀਏ ਦੀ ਕਲਾ-ਸਮਰੱਥਾ ਦਾ ਸਬੂਤ ਹੈ।' ਇਸੇ ਤਰ੍ਹਾਂ ਉਹ ਦਰਸ਼ਨ ਸਿੰਘ ਗਿੱਲ ਦੇ ਨਾਵਲ ਬਾਰੇ ਲੇਖ ਦਾ ਅੰਤ ਕਰਦਾ ਹੋਇਆ ਲਿਖਦਾ ਹੈ ਕਿ 'ਇਹ ਨਾਵਲ ਜਬਰ ਦੇ ਵਿਰੁੱਧ ਲੜਨ ਵਾਲਿਆਂ ਦੇ ਹੱਕ ਵਿਚ ਖੜ੍ਹਦਾ ਹੈ, ਇਸ ਲਈ ਇਹ ਇਕ ਸਫ਼ਲ ਕਿਰਤ ਹੈ।"

ਸਮੁੱਚੇ ਤੌਰ 'ਤੇ ਮੇਰਾ ਖ਼ਿਆਲ ਹੈ ਕਿ ਸੁਰਜੀਤ ਗਿੱਲ ਮਾਰਕਸਵਾਦੀ ਨਜ਼ਰੀਏ ਤੋਂ ਪੰਜਾਬੀ ਨਾਵਲ ਦੀ ਪਰਖ-ਪੜਤਾਲ ਕਰਨ ਵਾਲਾ ਆਲੋਚਕ ਹੈ, ਇਸੇ ਕਰਕੇ ਉਹ ਅਕਾਦਮਿਕ ਹਲਕਿਆਂ ਵਿਚ ਬਹੁਤਾ ਆਦਰਯੋਗ ਥਾਂ ਪ੍ਰਾਪਤ ਨਹੀਂ ਕਰ ਸਕਿਆ। ਕੁਲੀਨ ਵਰਗ ਅਤੇ ਕਿਰਤੀ ਵਰਗ ਵਿਚਲੇ ਕਲਾਮਈ ਸੁਹਜ ਇਹ ਫ਼ਰਕ ਘੱਟੋ-ਘੱਟ ਸ਼੍ਰੇਣੀ ਸਮਾਜ ਵਿਚ ਨਹੀਂ ਮੁੱਕ ਸਕਦਾ। ਇਸ ਫ਼ਰਕ ਦਾ ਅੰਤ ਤਾਂ ਸ਼੍ਰੇਣੀ ਸਮਾਜ ਦੀ ਮੌਤ ਨਾਲ ਹੀ ਸੰਭਵ ਹੈ। ਇਸ ਤਰ੍ਹਾਂ ਦਾ ਪ੍ਰਭਾਵ ਇਹ ਪੁਸਤਕ ਸਿਰਜਦੀ ਹੈ। •••


## ਧੰਨਵਾਦ ਸਹਿਤ

ਕਾਮਰੇਡ ਸੁਰਜੀਤ ਗਿੱਲ ਦੇ ਪਰਮ ਮਿੱਤਰਾਂ (ਡਾ. ਐਸ. ਤਰਸੇਮ ਅਤੇ ਮਿੱਤਰ ਸੈਨ ਮੀਤ) ਨੇ ਕੁਝ ਸਾਲ ਪਹਿਲਾਂ 'ਸੁਰਖ਼ ਸਿਤਾਰਾ' ਨਾਂ ਦਾ ਇਕ ਕਿਤਾਬਚਾ ਤਿਆਰ ਕੀਤਾ ਸੀ। ਅਸੀਂ ਕੁਝ ਲਿਖਤਾਂ ਉਸ ਵਿਚੋਂ ਲੈ ਕੇ ਵਰਤੀਆਂ ਹਨ। ਅਦਾਰਾ ਚਿਰਾਗ਼ ਉਹਨਾਂ ਦਾ ਧੰਨਵਾਦੀ ਹੈ।

**ਸੰਪਾਦਕੀ ਮੰਡਲ, ਚਿਰਾਗ਼**

## ਪੁਸਤਕ ਪ੍ਰਾਪਤੀ

1. ਅੰਬਰ (ਗ਼ਜ਼ਲ-ਸੰਗ੍ਰਹਿ) ਅਮਰਦੀਪ ਸੰਧਾਵਾਲੀਆ, ਮੁੱਲ 140/- ਪੰਨੇ 80, ਰਘਬੀਰ ਰਚਨਾ. ਪ੍ਰਕਾਸ਼ਨ, ਚੰਡੀਗੜ੍ਹ
2. ਧਰਤੀ ਦੀ ਗ਼ਜ਼ਲ-ਭਾਗ ਦੂਜਾ, ਹਰਭਜਨ ਸਿੰਘ ਕੋਮਲ, ਪੰਨੇ 132, ਮੁੱਲ 175/-, ਨੈਸ਼ਨਲ ਬੁੱਕ ਸ਼ਾਪ ਦਿੱਲੀ
3. ਔਰਤਾਂ ਦੀ ਦਸ਼ਾ ਤੇ ਦਿਸ਼ਾ (ਵਾਰਤਕ ਲੇਖ) ਡਾ. ਅਜੀਤਪਾਲ ਸਿੰਘ ਮੁੱਲ 100/-, ਪੰਨੇ 169 ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
4. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ (ਲੇਖ) ਡਾ. ਅਜੀਤ ਪਾਲ ਸਿੰਘ ਪੰਨੇ 160, ਮੁੱਲ 100/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
5. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ (ਲੇਖ) ਡਾ. ਅਜੀਤ ਪਾਲ ਸਿੰਘ ਪੰਨੇ 160, ਮੁੱਲ 100/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
6. ਜ਼ਿੰਦਗੀ ਦੇ ਰੰਗ (ਕਵਿਤਾਵਾਂ) ਮਨਮੋਹਨ ਸਿੰਘ ਭਿੰਡਰ, ਪੰਨੇ 60 ਸਿਰਲੇਖ ਪਬਲੀਕੇਸ਼ਨ, ਅੰਮ੍ਰਿਤਸਰ
7. ਕਵਿਤਾ ਮੇਰੇ ਨਾਲ ਨਾਲ (ਸਮੁੱਚੀ ਕਵਿਤਾ) ਛੇ ਸੰਗ੍ਰਹਿ ਡਾ. ਰਵਿੰਦਰ ਪੰਨੇ 508, ਕੀਮਤ 500/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
8. ਪਹਿਲੀ ਬਾਰਸ਼ (ਗ਼ਜ਼ਲਾਂ) ਤਰਸੇਮ ਨੂਰ ਪੰਨੇ 128, ਮੁੱਲ 150/- ਚੇਤਨਾ ਪ੍ਰਕਾਸ਼ਨ, ਲੁਧਿਆਣਾ
9. ਸਾਡਾ ਵਿਰਸਾ, ਸਾਡੇ ਗੀਤ (ਵਾਰਤਕ) ਹਰਮੇਸ਼ ਕੌਰ ਯੋਧੇ ਪੰਨੇ 192, ਮੁੱਲ 200/- ਕਾਗਦ ਪ੍ਰਕਾਸ਼ਨ, ਜਲੰਧਰ
10. ਸਾਡੀ ਰਾਹ (ਰੇਖਾ ਚਿੱਤਰ) ਹਰਜੀਤ ਸਿੰਘ ਗਿੱਲ ਪੰਨੇ 160, ਮੁੱਲ 150/- ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ, ਲੁਧਿਆਣਾ
11. ਨਦੀਆਂ ਸਿਰਜਣਹਾਰੀਆਂ (ਰੇਖਾ-ਚਿੱਤਰ) ਸਿਮਰਤ ਸੁਮੈਰਾ ਪੰਨੇ 150, ਮੁੱਲ 100/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
12. ਮਾਰਕਸਵਾਦੀ ਸਾਹਿਤ ਚਿੰਤਨ, ਡਾ. ਨਰੇਸ਼ ਕੁਮਾਰ, ਮੁੱਲ 260/- ਪੰਨੇ 224, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
13. ਅਮਲਤਾਸ ਦੇ ਫੁੱਲ, ਡਾ. ਗੁਰਮੀਤ ਸਿੰਘ, ਮੁੱਲ 160/-, ਪੰਨੇ 144 ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ
14. ਜਿਤੁ ਜੰਮਹਿ ਰਾਜਾਨ, ਡਾ. ਗੁਰਪ੍ਰੀਤ ਕੌਰ, ਮੁੱਲ 160/-, ਪੰਨੇ 151, ਉਡਾਨ ਪਬਲੀਕੇਸ਼ਨ, ਮਾਨਸਾ
15. ਮੇਰੀ ਪਛਾਣ, ਡਾ. ਗੁਰਪ੍ਰੀਤ ਕੌਰ, ਮੁੱਲ 120/-, ਪੰਨੇ 96, ਉਡਾਨ ਪਬਲੀਕੇਸ਼ਨ, ਮਾਨਸਾ
16. ਗੁਰਮੀਤ ਹਯਾਤਪੁਰੀ ਦੀ ਕਵਿਤਾ ਸੁਹਜ ਤੇ ਸੰਰਚਨਾ, ਡਾ. ਰਾਮ ਮੂਰਤੀ, ਮੁੱਲ 120/-, ਪੰਨੇ 96, ਸੁੰਦਰ ਬੁੱਕ ਡਿਪੋ, ਜਲੰਧਰ
17. ਕੂੜ ਅਮਾਵਸ, ਹਰਨੇਕ ਸਿੰਘ ਹੇਅਰ, ਮੁੱਲ 200/-, ਪੰਨੇ 176, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
19. ਪੱਛਮੀ ਪੰਜਾਬ ਵਿਚ ਕੁਝ ਦਿਨ (ਸਫ਼ਰਨਾਮਾ), ਸਵਰਨ ਸਿੰਘ ਵਿਰਕ, ਪੰਨੇ 128, ਮੁੱਲ 150/ - ਤਸਵੀਰ ਪ੍ਰਕਾਸ਼ਨ, ਸਿਰਸਾ
20. ਚਿੜੀਆਂ ਦਾ ਪਿੰਡ () ਮਲਵਿੰਦਰ ਪੰਨੇ 88, ਮੁੱਲ 60/-, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ



## ਸੁਰਜੀਤ ਗਿੱਲ ਆਪਣੇ ਮਿੱਤਰਾਂ ਨਾਲ



ਸੁਰਜੀਤ ਗਿੱਲ, ਗਿਆਨ ਸਿੰਘ ਬਿਲਗਾ, ਸੁਲੱਖਣ ਸਰੱਹਦੀ, ਡਾ. ਕਰਮਜੀਤ ਸਿੰਘ ਅਤੇ ਹਰਕੰਵਲ ਸਿੰਘ



ਮੇਜਰ ਪਿਆਰਾ ਸਿੰਘ, ਸੁਰਜੀਤ ਗਿੱਲ, ਹੁੰਦਲ ਅਤੇ ਮੱਖਣ ਕੁਹਾੜ

Chirag Quarterly Oct-Dec. 2012
Registered with the Registrar of News-Papers of India No. PUN-PUN 0 2276/AL/TC94

ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

**2nd Floor 3448 93 Street NW Edmonton, AB Canada T6E 6A4**

Serving major cities of Canada; Edmonton, Red Deer, Calgary, Winnipeg,

For Manifold Increase In Your Business "ADVERTISE" in NAWI DUNIA

ਸਾਹਿਤ, ਸਭਿਆਚਾਰ,ਰਾਜਨੀਤੀ,
ਆਰਥਿਕਤਾ ਅਤੇ ਦੁਨੀਆਂ ਦੇ
ਹਰ ਕੋਨੇ ਵਿੱਚ ਹੋ ਰਹੀ
ਹਲਚਲ ਦੀ ਭਰਪੂਰ
ਜਾਣਕਾਰੀ ਲਈ
'ਨਵੀਂ ਦੁਨੀਆ'
ਨਾਲ ਜੁੜੋ




## ਪ੍ਰਗਤੀਵਾਦੀ ਵਿਚਾਰਧਾਰਾ ਨੂੰ ਸਮਰਪਿਤ

ਕਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਅਖ਼ਬਾਰ 'ਨਵੀਂ ਦੁਨੀਆ' ਰਾਹੀ ਕਨੇਡਾ ਦੇ ਸ਼ਹਿਰਾਂ ਐਡਮਿੰਟਨ, ਰੈਡ ਡੀਅਰ, ਕੈਲਗਰੀ, ਵਿਨੀਪੈਗ, ਸਸਕਾਟੂਨ ਆਦਿ 'ਚ ਆਪਣੇ ਵਪਾਰ ਦੇ ਵਾਧੇ ਵਾਸਤੇ ਇਸ਼ਤਿਹਾਰ, ਖ਼ਬਰਾਂ ਅਤੇ ਹੋਰ ਜ਼ਰੂਰੀ ਜਾਣਕਾਰੀ ਲਈ ਸੰਪਰਕ ਕਰੋ:

'ਨਵੀਂ ਦੁਨੀਆ' ਉੱਤਰੀ ਅਮਰੀਕਾ 'ਚ ਡਾਕ ਰਾਹੀਂ ਵੀ ਭੇਜਿਆ ਜਾਂਦਾ ਹੈ।

ਨਵਤੇਜ ਬੈਂਸ 780-200-2872: ਜਸਵੀਰ ਦਿਓਲ 780-906-4497
ਦਲਬੀਰ ਸਾਂਗਿਆਣ 780-995-5475

001-780-465-9118 ; 403-830-7007; 204-218-6284

**Email: info@nawidunia.com** http://www.facebook.com/NawiDunia